ਮ
ਦਾ
ਰੀ

ਪਿਆਰਾ ਸਿੰਘ ਪਦਮ



ਮਦਾਰੀ

ਸੂਖਮ ਭਾਵਾਂ ਵਾਲੀਆਂ ਸੁਆਦਲੀਆਂ ਸੁੰਦਰ ਸੋਲਾਂ ਕਹਾਣੀਆਂ



ਪ੍ਰੋ. ਪਿਆਰਾ ਸਿੰਘ ਪਦਮ

2000 40.00

ਮਦਾਰੀ

(ਵੱਖੋ ਵੱਖ ਦੇਸਾਂ ਤੇ ਲੇਖਕਾਂ ਦੀਆਂ ਵੰਨ-ਸੁਵੰਨੀਆਂ
ਮਨੋਹਰ ਕਹਾਣੀਆਂ।)

ਅਨੁਵਾਦਕ :- ਪਿਆਰਾ ਸਿੰਘ ਪਦਮ

ਪ੍ਰਕਾਸ਼ਕ :- ਕਲਮ ਮੰਦਿਰ, ਲੋਯਰ ਮਾਲ, ਪਟਿਆਲਾ।

2000 ਕੀਮਤ : 40-00

ਸਰਦਾਰ ਭਵਨ, 657
ਫੇਜ਼ 2, ਮੁਹਾਲੀ।

ਪਿਆਰੇ ਸਤਿਕਾਰ-ਯੋਗ ਬਾਪੂ ਜੀ!

ਸਾਨੂੰ ਪਤਾ ਹੈ ਕਿ ਤੁਸੀਂ ਸਾਰੀ ਉਮਰ ਗਹਿਰ ਗੰਭੀਰ ਖੋਜਾਂ ਵਾਲੇ ਹੀ ਗ੍ਰੰਥ ਲਿਖਦੇ ਰਹੇ ਹੋ ਜੋ ਕਿ ਸਾਡੀ ਪਹੁੰਚ ਤੋਂ ਜ਼ਰਾ ਬਾਹਰ ਹਨ ਤੇ ਬਾਲ-ਰੁਚੀ ਅਨੁਸਾਰ ਵੀ ਨਹੀਂ। ਮੈਂ ਚਾਹੁੰਦਾ ਹਾਂ ਕਿ ਕੋਈ ਐਸੀ ਕਿਤਾਬ ਹੋਵੇ ਜਿਸਨੂੰ ਅਸੀਂ ਦਿਲਚਸਪੀ ਨਾਲ ਪੜ੍ਹ ਸਕੀਏ ਤੇ ਉਸ ਤੋਂ ਸੁਆਦ ਤੇ ਸਿੱਖਿਆ ਵੀ ਲੈ ਸਕੀਏ।

10 ਜੂਨ 2000 ਤੁਹਾਡਾ ਅਜ਼ੀਜ਼ :
ਮ੍ਰਿਗਿੰਦ ਸਿੰਘ

ਪਿਆਰੇ ਮ੍ਰਿਗਿੰਦ ਸਿੰਘ !

ਅਜ ਤੋਂ ਪੰਜਾਹ ਵਰ੍ਹੇ ਪਹਿਲਾਂ ਦੀ ਗੱਲ ਹੈ ਕਿ ਮੈਂ ਕਲਮ-ਘਸਾਈ ਦਾ ਅਭਿਆਸ ਅਰੰਭ ਕਰਦਿਆਂ ਉਸ ਸਮੇਂ 1940-50 ਦੇ ਦਰਮਿਆਨ ਉਰਦੂ, ਹਿੰਦੀ ਦੇ ਰਸਾਲਿਆਂ ਵਿਚੋਂ ਚੁਣ ਕੇ ਕੁਝ ਕਹਾਣੀਆਂ ਪੰਜਾਬੀ ਵਿਚ ਉਲਥਾਈਆਂ ਤੇ ਵੱਖ ਵੱਖ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਛਪਾਈਆਂ ਸਨ। ਸ਼ੌਂਕ ਇਕੋ ਸੀ ਕਿ ਆਪਣਾ ਵੀ ਨਾਮ ਛਪੇ।

ਸੋ ਇਹ ਉਦੋਂ ਦੀਆਂ ਲਿਖੀਆਂ ਸੋਲਾਂ ਕਹਾਣੀਆਂ ਦਾ ਗੁਲਦਸਤਾ, ਤੁਹਾਡੇ ਵਲ ਭੇਜ ਰਿਹਾ ਹਾਂ। ਆਪਣੇ ਵੱਡੇ ਭਾਈ - ਇੰਜਨੀਅਰ ਅਰਬਿੰਦ ਸਿੰਘ ਤੇ ਡਾਕਟਰ ਭੈਣਾਂ - ਰੂਪਿੰਦਰ, ਜੋਤਿੰਦਰ, ਤਪਿੰਦਰ ਅਤੇ ਮਨਿੰਦਰ ਤੇ ਪੁਸ਼ਪਿੰਦਰ ਨੂੰ ਵੀ ਕਹਿਣਾ ਕਿ ਉਹ ਪੜ੍ਹ ਕੇ ਰਸ ਲੈਣ। ਜੇ ਜੀਵਨ ਦੇ ਸੰਗ੍ਰਾਮ ਵਿਚ ਅੱਗੇ ਹੋ ਕੇ ਖੜਨਾ ਤੇ ਬਿਬੇਕ ਨਾਲ ਲੜਨਾ ਹੈ ਤਾਂ ਪੜ੍ਹਨਾ ਸਭ ਤੋਂ ਵੱਧ ਜ਼ਰੂਰੀ ਹੈ, ਇਸ ਨਾਲ ਅਗਿਆਨ ਤੇ ਆਲਸ ਦਾ ਅਨ੍ਹੇਰਾ ਆਪਣੇ ਆਪ ਦੂਰ ਹੁੰਦਾ ਜਾਂਦਾ ਹੈ। ਸੋ ਕੇਵਲ ਕਹਾਣੀਆਂ ਹੀ ਨਹੀਂ ਬਲਕਿ ਆਪਣੇ ਦੇਸ਼ ਦੇ ਇਤਿਹਾਸ ਅਤੇ ਸਭਿਆਚਾਰ ਦਾ ਅਧਿਐਨ ਬਹੁਤ ਜ਼ਰੂਰੀ ਹੈ ਜੋਕਿ ਨਵੀਂ ਛਪੀ ਕਿਤਾਬ 'ਪੰਜਾਬ ਦੀ ਗੌਰਵ-ਗਾਥਾ' ਤੋਂ ਭਲੀ ਭਾਂਤ ਮਿਲ ਸਕਦਾ ਹੈ।

15 ਅਗਸਤ 2000 ਤੁਹਾਡਾ ਆਪਣਾ
ਪਿਆਰਾ ਸਿੰਘ ਪਦਮ
ਕਲਮ ਮੰਦਿਰ, ਪਟਿਆਲਾ।

ਤਤਕਰਾ

੧.	ਮਦਾਰੀ *	-	(ਫ੍ਰਾਂਸ, ਅਨਾਤੋਲੇ)	5
੨.	ਕਲਾਕਾਰ	-	(ਮਹਾਂਰਾਸ਼ਟਰ, ਅਨੰਤ ਗੋਪਾਲ)	12
੩.	ਮੁਸਕ੍ਰਾਉਂਦੀ ਮੂਰਤੀ	-	(ਮਦਰਾਸ, ਸੁਚਿਦੰਬਰ ਬਾਂਸਲ)	18
੪.	ਕਲਾ ਦੀ ਕੀਮਤ	-	(ਚੀਨੀ ਕਹਾਣੀ)	25
੫.	ਚਿਤ੍ਰਕਾਰ	-	(ਅਫਰੀਕਾ, ਆਲਵ ਸ਼ਰੀਨਰ)	37
੬.	ਆਜ਼ਾਦੀ	-	(ਉਤਰ ਪ੍ਰਦੇਸ਼, ਜ਼ਾਕਰ ਹੁਸੈਨ)	39
੭.	ਕੰਬਲੀ ਵਾਲਾ	-	(ਚੀਨੀ ਕਹਾਣੀ)	47
੮.	ਮਜ਼ਦੂਰ	-	(ਸਪੇਨੀ ਕਹਾਣੀ)	52
੯.	ਚਾਰ ਬੇਕਾਰ	-	(ਪੰਜਾਬ, ਸੁਦਰਸ਼ਨ)	57
੧੦.	ਗਰੀਬ	-	(ਰੂਸ, ਟਾਲਸਟਾਇ)	65
੧੧.	ਨਾਰੀ	-	(ਅਫਰੀਕਾ, ਆਲਵ ਸ਼ਰੀਨਰ)	66
੧੨.	ਅਨਾਰਕਲੀ	-	(ਬੰਗਾਲ, ਟੈਗੋਰ)	69
੧੩.	ਕਰਜ਼ਾ	-	(ਸਰਵੀਅਨ ਕਹਾਣੀ)	87
੧੪.	ਪੀਰ ਫਾਜ਼ਲ ਸ਼ਾਹ	-	(ਅੱਬਾਸ ਹੁਸੈਨ ਸ਼ਰੀਫ)	93
੧੫.	ਮੇਰਾ ਲਾਲ	-	(ਸ੍ਰੀ ਵਿਸ਼ਣੂ)	105
੧੬.	ਆਖ਼ਰੀ ਚਿੱਠੀ	-	(ਅਗਿਆਤ)	109

**ਜੇ ਭਾਵਨਾ ਸੱਚੀ ਸੁੱਚੀ ਹੋਵੇ ਤਾਂ ਮਦਾਰੀ ਦਾ ਖੇਲ ਤਮਾਸ਼ਾ ਵੀ ਪੁਜਾਰੀ ਦੀ ਪੂਜਾ-ਉਪਾਸਨਾ ਨੂੰ ਮਾਤ ਪਾ ਸਕਦਾ ਹੈ।*

(੧) ਮਦਾਰੀ

ਬਾਦਸ਼ਾਹ ਲੂਈ ਦੇ ਜ਼ਮਾਨੇ ਕਾਪੇਨ ਦਾ ਰਹਿਣ ਵਾਲਾ ਇਕ ਬਰਨਵਾਸ ਨਾਮ ਦਾ ਮਸ਼ਹੂਰ ਮਦਾਰੀ ਹੋਇਆ ਹੈ, ਉਹ ਸ਼ਹਿਰਾਂ ਵਿੱਚ ਫਿਰ ਕੇ ਆਪਣੇ ਕਰਤੱਵ ਦਿਖਾਇਆ ਕਰਦਾ ਸੀ। ਜਦੋਂ ਦਿਨ ਸਾਫ਼ ਹੁੰਦਾ, ਉਹ ਵੱਡੀਆਂ ਵੱਡੀਆਂ ਪਾਰਕਾਂ ਵਿੱਚ ਆਪਣੀ ਫਟੀ ਪੁਰਾਣੀ ਦਰੀ ਦਾ ਟੋਟਾ ਵਿਛਾ ਕੇ ਬੰਸਰੀ ਵਜਾ ਵਜਾ ਲੋਕਾਂ ਨੂੰ ਇਕੱਠਾ ਕਰਦਾ ਤੇ ਖੂਬ ਚੁਟਕਲੇ ਸੁਣਾਉਂਦਾ। ਬੱਚੇ ਤੇ ਵੇਹਲੇ ਲੋਕ ਆਮ ਉਸ ਪਾਸ ਆ ਇਕੱਠੇ ਹੋ ਜਾਂਦੇ ਸਨ। ਚੁਟਕਲੇ ਸੁਣਾਉਣ ਤੋਂ ਬਾਅਦ ਉਹ ਕਈ ਕਿਸਮ ਦੀਆਂ ਕਲਾਬਾਜ਼ੀਆਂ ਦਿਖਾ ਕੇ ਫਿਰ ਇਕ ਵੱਡੇ ਥਾਲ ਨੂੰ ਆਪਣੇ ਨੱਕ ਦੀ ਨੋਕ ਤੇ ਰਖਕੇ ਟਿਕਾਈ ਰਖਦਾ।

ਪਹਿਲੇ ਤਾਂ ਦੇਖਣ ਵਾਲੇ ਮਾਮੂਲੀ ਧਿਆਨ ਨਾਲ ਹੀ ਉਸ ਦੀਆਂ ਖੇਡਾਂ ਨੂੰ ਤੱਕਦੇ ਪਰ ਜਦੋਂ ਉਹ ਉਤਾਂਹ ਨੂੰ ਲੱਤਾਂ ਕਰ, ਸਿਰ ਪਰਨੇ ਖਲੋ ਆਪਣੇ ਪੈਰਾਂ ਨਾਲ ਛੇ ਤਾਂਬੇ ਦੀਆਂ ਗੇਂਦਾਂ ਨੂੰ, ਜੋ ਸੂਰਜ ਵਾਂਙ ਚਮਕਦੀਆਂ ਹੁੰਦੀਆਂ, ਉਛਾਲਦਾ ਤੇ ਫਿਰ ਫੜ ਲੈਂਦਾ। ਯਾ ਇਸੇ ਤਰ੍ਹਾਂ ਹੀ ਝੁਕ ਝੁਕ ਕਮਾਣ ਬਣਾ ਆਪਣਾ ਸਿਰ ਅੱਡੀਆਂ ਨੂੰ ਲਾ ਕੇ ਬਾਰਾਂ ਛੁਰਿਆਂ ਦੀ ਖੇਡ ਵੀ ਕਰਦਾ, ਤਾਂ ਦਰਸ਼ਕ ਵਾਹ ਵਾਹ ਦੀਆਂ ਆਵਾਜ਼ਾਂ ਲਾਉਂਦੇ, ਉਸਦੀ ਚਾਦਰ ਤੇ ਪੈਸਿਆਂ ਦਾ ਮੀਂਹ ਵਰ੍ਹਾਉਂਦੇ। ਫਿਰ ਵੀ ਬਰਨਵਾਸ ਨੂੰ ਉਨ੍ਹਾਂ ਲੋਕਾਂ ਵਾਂਙ ਜੋ ਆਪਣੀ ਕਲਾ ਦੇ ਆਸਰੇ ਹੀ ਜੀਉਂਦੇ ਹਨ, ਰੋਜ਼ਗਾਰ ਖਾਤਰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ। ਉਹ ਢੀਚਕ ਕਰਕੇ ਆਪਣੇ ਝਰਲੂ ਨਾਲ ਥੋੜ੍ਹੀ ਜਿਹੀ ਮਿੱਟੀ ਦੀ ਚੁਟਕੀ ਲੈਕੇ ਇਕ ਰੁਪਏ ਤੋਂ ਤਿੰਨ ਤਿੰਨ, ਚਾਰ ਚਾਰ ਰੁਪਏ ਵੀ ਬਣਾ ਦੇਂਦਾ ਸੀ ਪਰ ਲੋਕੀਂ ਜਾਣਦੇ ਸੀ ਕਿ ਅਗਰ ਮਦਾਰੀ ਇਸੇ ਤਰ੍ਹਾਂ ਸਚਮੁਚ ਹੀ ਰੁਪਈਏ ਬਣਾ ਸਕਦਾ ਫਿਰ ਇਸਨੂੰ ਧੇਲੇ ਪੈਸੇ ਮੰਗਣ ਲਈ ਦਰ ਦਰ ਭਟਕਣ ਦੀ ਕੀ ਲੋੜ ਸੀ।

ਇਉਂ ਬਰਨਵਾਸ ਲਹੂ ਪਾਣੀ ਇਕ ਕਰਕੇ ਆਪਣੀ ਰੋਟੀ ਕਮਾਉਂਦਾ ਪਰ ਕਸ਼ਟ ਉਸਨੂੰ ਜ਼ਿਆਦਾ ਸਹਿਣੇ ਪੈਂਦੇ ਸਨ ਜੋ ਆਦਮ ਦੀ ਪਹਿਲੀ ਭੁੱਲ ਦੇ ਕਾਰਣ ਅਸਾਂ ਸਾਰਿਆਂ ਨੂੰ ਹੀ ਵਿਰਾਸਤ ਵਿਚ ਮਿਲੇ ਹੋਏ ਹਨ।

ਉਹ ਆਪਣਾ ਇਹ ਕੰਮ ਹਮੇਸ਼ਾਂ ਜਾਰੀ ਨਹੀਂ ਸੀ ਰਖ ਸਕਦਾ, ਚੂੰਕਿ ਉਸ ਨੂੰ ਇਸ ਕੰਮ ਲਈ ਬ੍ਰਿਛਾਂ ਵਾਂਙ ਸੂਰਜ ਦੀ ਧੁੱਪ ਤੇ ਨਿੱਘ ਦੀ ਲੋੜ ਸੀ। ਸਿਆਲ ਵਿੱਚ ਉਸਦਾ ਹਾਲ ਅਜੇਹਾ ਹੀ ਹੋ ਜਾਂਦਾ ਸੀ ਜਿਸ ਤਰ੍ਹਾਂ ਪੱਤਿਆਂ ਤੋਂ ਖਾਲੀ ਬ੍ਰਿਛਾਂ ਦਾ। ਉਹ ਖਰਾਬ ਮੌਸਮ ਵਿੱਚ ਤਮਾਸ਼ੇ ਨਾ ਕਰ ਸਕਦਾ ਤੇ ਨਾ ਹੀ ਆਪਣੀ ਪੂਰੀ ਰੋਜ਼ੀ ਕਮਾ ਸਕਦਾ, ਭੁਖ ਤੇ ਪਾਲਾ ਦੋਵੇਂ ਉਸ ਨੂੰ ਤੰਗ ਕਰਦੇ ਸਨ ਪਰ ਉਹ ਸਿੱਧਾ-ਸਾਦਾ ਆਦਮੀ ਹੋਣ ਕਰਕੇ ਸਾਰੀਆਂ ਤਕਲੀਫਾਂ ਚੁਪ-ਚਾਪ ਸਹੀ ਜਾਂਦਾ ਸੀ।

ਨਾ ਉਹ ਦੌਲਤ ਇਕੱਠੀ ਕਰਨ ਲਈ ਸੋਚਦਾ ਤੇ ਨਾ ਹੀ ਲੋਕਾਂ ਦੀ ਆਰਥਿਕ ਨਾ ਬਰਾਬਰੀ ਵਲ ਉਸਦਾ ਧਿਆਨ ਜਾਂਦਾ। ਉਸਨੂੰ ਭਰੋਸਾ ਸੀ, ਇਹ ਦੁਨੀਆਂ ਭਾਵੇਂ ਕਿਤਨੀ ਹੀ ਦੁਖਦਾਈ ਹੋਵੇ, ਅਗਲੀ ਦੁਨੀਆਂ ਜ਼ਰੂਰ ਚੰਗੀ ਹੋਵੇਗੀ, ਇਸੇ ਭਰੋਸੇ ਨਾਲ ਉਸਦੀ ਹਿੰਮਤ ਬਣੀ ਰਹਿੰਦੀ ਸੀ। ਉਹ ਉਹਨਾਂ ਹੁਸ਼ਿਆਰ ਮਨੁੱਖਾਂ ਵਿਚੋਂ ਨਹੀਂ ਸੀ, ਜੋ ਆਪਣੀ ਆਤਮਾ ਸ਼ੈਤਾਨ ਨੂੰ ਵੇਚ ਛੱਡਦੇ ਹਨ। ਉਹ ਦਿਖਾਵੇ ਲਈ ਕਦੀ ਰੱਬ ਦਾ ਨਾਮ ਨਹੀਂ ਸੀ ਲੈਂਦਾ, ਉਹ ਈਮਾਨਦਾਰ ਮਨੁੱਖ ਵਾਲਾ ਜੀਵਨ ਬਸਰ ਕਰਦਾ ਸੀ। ਭਾਵੇਂ ਉਹ ਵਿਆਹਿਆ ਹੋਇਆ ਨਹੀਂ ਸੀ ਪਰ ਉਹ ਕਦੀ ਕਿਸੇ ਵਲ ਮੈਲੀ ਨਜ਼ਰ ਨਾਲ ਨਹੀਂ ਸੀ ਤਕਦਾ। ਬਾਇਬਲ ਵਿੱਚ ਆਈ ਸੈਮਸਨ ਦੀ ਕਹਾਣੀ ਦਾ ਖਿਆਲ ਉਸਨੂੰ ਯਾਦ ਸੀ ਕਿ ਇਸਤ੍ਰੀ ਤਾਕਤਵਰ ਦੀ ਦੁਸ਼ਮਨ ਹੁੰਦੀ ਹੈ।

ਸਾਧਾਰਨ ਤੌਰ ਤੇ ਵੀ ਉਸ ਦਾ ਮਨ ਵਿਕਾਰਾਂ ਵਲ ਨਹੀਂ ਸੀ ਜਾਂਦਾ। ਵਿਸ਼ੈ-ਭੋਗ ਦੀ ਨਿਸਬਤ ਉਸ ਨੂੰ ਸ਼ਰਾਬ ਛੱਡਣਾ ਔਖਾ ਕੰਮ ਜਾਪਦਾ ਸੀ, ਭਾਵੇਂ ਉਹ ਬਾਹਲਾ ਪਿਆਕਲ ਨਹੀਂ ਸੀ, ਫਿਰ ਵੀ ਕਦੀ ਕਦੀ ਚਾਰ ਘੁਟਾਂ ਪੀ ਹੀ ਲੈਂਦਾ। ਉਹ ਰੱਬ ਤੋਂ ਡਰਦਾ ਤੇ ਮਾਤਾ ਮੈਰੀ ਦਾ ਚੰਗਾ ਸ਼ਰਧਾਲੂ ਸੀ। ਜਦੋਂ ਵੀ ਗਿਰਜੇ ਵਿੱਚ ਜਾਂਦਾ ਤਾਂ ਮਾਤਾ ਮੈਰੀ ਦੀ ਮੂਰਤੀ ਸਾਹਮਣੇ ਨਮਸਕਾਰ ਕਰਕੇ ਪ੍ਰਾਰਥਨਾ ਕਰਦਾ, "ਦੇਵੀ ! ਜਦੋਂ ਤਕ ਮੈਂ ਜੀਊਂਦਾ ਹਾਂ, ਮੇਰੇ ਜੀਵਨ ਦੀ ਦੇਖ-ਭਾਲ ਕਰਦੇ ਰਹਿਣਾ ਤੇ ਮਰਨ ਪਿਛੋਂ ਮੈਨੂੰ ਸੁਰਗ ਵਿਚ ਜ਼ਰੂਰ ਪਹੁੰਚਾ

ਦੇਣਾ।”

ਇਕ ਵਾਰ ਦੀ ਗੱਲ ਹੈ, ਮਦਾਰੀ ਬਰਨਵਾਸ - ਇਕ ਸ਼ਾਮ ਤਮਾਸ਼ਾ ਕਰਕੇ ਆਪਣਾ ਥੈਲਾ ਲਈ ਅਜੇਹੇ ਟਿਕਾਣੇ ਦੀ ਤਲਾਸ਼ ਵਿਚ ਟੁਰਿਆ ਜਾ ਰਿਹਾ ਸੀ, ਜਿਥੇ ਉਹ ਬਿਨਾਂ ਕੁਛ ਖਾਣ ਪੀਣ ਤੋਂ ਹੀ ਕੇਵਲ ਸੌਂ ਸਕੇ। ਉਸ ਦੇ ਪਿਛੇ ਪਿਛੇ ਇਕ ਪਾਦਰੀ ਆ ਰਿਹਾ ਸੀ। ਬਰਨਵਾਸ ਨੇ ਪਾਦਰੀ ਨੂੰ ਵੇਖ ਕੇ ਸਿਰ ਝੁਕਾਇਆ। ਫਿਰ ਦੋਵੇਂ ਗੱਲਾਂ ਬਾਤਾਂ ਕਰਦੇ ਕਰਦੇ ਟੁਰਦੇ ਆਏ।

ਪਾਦਰੀ ਨੇ ਕਿਹਾ, ‘ਕਿਉਂ ਭਈ ਬਰਨਵਾਸ ! ਤੂੰ ਹਰੇ ਕਪੜੇ ਕਿਸ ਲਈ ਪਾ ਰੱਖੇ ਹਨ? ਕੀ ਤੂੰ ਕਿਸੇ ਨਾਟਕ ਵਿਚ ਮਸਖਰੇ ਦਾ ਕੰਮ ਕਰਨ ਲਈ ਜਾ ਰਿਹਾ ਹੈਂ?’

ਉਸ ਨੇ ਕਿਹਾ - ‘ਨਹੀਂ ਪਾਦਰੀ ਸਾਹਿਬ ! ਮੇਰਾ ਨਾਮ ਬਰਨਵਾਸ ਹੈ ਤੇ ਮੈਂ ਮਦਾਰੀ ਦਾ ਕੰਮ ਕਰਦਾ ਹਾਂ। ਅਗਰ ਮੈਨੂੰ ਰੋਜ਼ ਖਾਣ-ਜੋਗੀ ਰੋਟੀ ਮਿਲ ਜਾਵੇ, ਮੈਂ ਇਸੇ ਕੰਮ ਨੂੰ ਸਭ ਤੋਂ ਚੰਗਾ ਸਮਝਦਾ ਹਾਂ।’

ਪਾਦਰੀ ਨੇ ਕਿਹਾ - ‘ਸੋਚ ਕੇ ਗੱਲ ਕਰਨੀ ਚਾਹੀਦੀ ਹੈ, ਸਭ ਤੋਂ ਚੰਗਾ ਕੰਮ ਤਾਂ ਰੱਬ ਦੀ ਯਾਦ ਹੈ। ਪਾਦਰੀ ਲੋਕ ਖੁਦਾ ਦੀ, ਮੈਰੀ ਦੀ ਤੇ ਉਸ ਦੇ ਸੰਤਾਂ ਭਗਤਾਂ ਦੀ ਮਹਿਮਾਂ ਵਿਚ ਲਗੇ ਰਹਿੰਦੇ ਹਨ। ਪਾਦਰੀ ਦੀ ਸਾਰੀ ਜ਼ਿੰਦਗੀ ਪ੍ਰਭੂ ਦੇ ‘ਕੀਰਤਨ ਗੀਤ’ ਵਰਗੀ ਹੀ ਤਾਂ ਹੈ।’

ਬਰਨਵਾਸ ਨੇ ਕਿਹਾ, ‘ਮੈਂ ਮੰਨਦਾ ਹਾਂ ਕਿ ਮੈਂ ਕਮਲਿਆਂ ਵਰਗੀ ਗੱਲ ਕੀਤੀ, ਤੁਹਾਡੇ ਨਾਲ ਮੇਰੀ ਕੀ ਬਰਾਬਰੀ ਹੋ ਸਕਦੀ ਹੈ? ਭਾਵੇਂ ਕਲਾਬਾਜ਼ੀਆਂ ਕਰਨ ਤੇ ਗੋਲੇ ਘੁੰਮਾਉਣ ਵਿੱਚ ਕੋਈ ਖੂਬੀ ਹੋਵੇ, ਪਰ ਇਹ ਗੱਲਾਂ ਤੁਹਾਡੀਆਂ ਖੂਬੀਆਂ ਨਾਲ ਤਾਂ ਨਹੀਂ ਨਾ ਮਿਲਾਈਆਂ ਜਾ ਸਕਦੀਆਂ।

‘ਪਾਦਰੀ ਸਾਹਿਬ ! ਮੈਂ ਵੀ ਕਈ ਵੇਰ ਸੋਚਦਾ ਹਾਂ ਕਿ ਤੁਹਾਡੇ ਵਾਂਗ ਸਾਰਾ ਸਮਾਂ ਰੱਬੀ ਭਜਨ ਵਿਚ ਹੀ ਜੁੜਿਆ ਰਹਾਂ, ਮਾਤਾ ਮੈਰੀ ਤੇ ਤਾਂ ਮੇਰੀ ਖਾਸ ਸ਼ਰਧਾ ਹੈ। ਅਗਰ ਮੈਂ ਕਿਸੇ ਤਰ੍ਹਾਂ ਵੀ ਤੁਹਾਡੇ ਇਸ ਭਗਤੀ ਆਸ਼ਰਮ ਵਿੱਚ ਸ਼ਾਮਲ ਹੋ ਸਕਾਂ, ਮੈਂ ਬੜੀ ਖੁਸ਼ੀ ਨਾਲ ਇਸ ਕਲਾ ਨੂੰ ਤਿਲਾਂਜਲੀ ਦੇ ਦਿਆਂਗਾ, ਜਿਸ ਦੇ ਕਾਰਣ ਮੇਰੀ ਪੰਜ ਛੇ ਸੌ ਸ਼ਹਿਰਾਂ ਤੇ ਪਿੰਡਾਂ ਵਿਚ ਮਸ਼ਹੂਰੀ ਹੋਈ ਹੋਈ ਹੈ।’

ਮਦਾਰੀ ਦੇ ਭੋਲਾਪਣ ਤੇ ਪਾਦਰੀ ਦਾ ਦਿਲ ਵੀ ਪੰਘਰ ਆਇਆ, ਉਸ

ਦੀ ਸਮਝ ਸੂਖਮ ਸੀ ਤੇ ਉਹ ਜਾਣ ਗਿਆ ਕਿ ਬਰਨਵਾਸ ਉਹਨਾਂ ਲੋਕਾਂ ਵਿਚੋਂ ਹੈ ਜਿਨ੍ਹਾਂ ਬਾਰੇ ਖੁਦਾਵੰਦ ਕਰੀਮ ਨੇ ਕਿਹਾ ਹੈ, "ਧਰਤੀ ਉਤੇ ਸ਼ਾਂਤੀ ਦਾ ਨਿਵਾਸ ਇਹਨਾਂ ਲੋਕਾਂ ਦੇ ਦਿਲ ਵਿਚ ਹੀ ਰਹੇਗਾ।" ਪਾਦਰੀ ਨੇ ਕਿਹਾ, "ਆ ਬਈ ਬਰਨਵਾਸ ! ਮੇਰੇ ਨਾਲ ਚਲ, ਮੈਂ ਕੋਸ਼ਿਸ਼ ਕਰਾਂਗਾ ਕਿ ਤੂੰ ਸਾਡੇ ਆਸ਼ਰਮ ਵਿੱਚ ਦਾਖਲ ਹੋ ਸਕੇਂ, ਜਿਸ ਦਾ ਮੈਂ ਮੀਤ ਪ੍ਰਬੰਧਕ ਹਾਂ। ਮਾਲੂਮ ਹੁੰਦਾ ਹੈ, ਜਿਸ ਨੇ ਰੇਗਸਤਾਨ ਵਿੱਚ ਮਿਸਰ ਦੀ ਮੇਰੀ ਨੂੰ ਰਾਹ ਦਿਖਾਇਆ ਸੀ, ਉਸੇ ਨੇ ਤੇਰੇ ਉਧਾਰ ਲਈ ਮੈਨੂੰ ਇਸ ਪਾਸੇ ਭੇਜਿਆ ਹੈ।

ਬਰਨਵਾਸ ਸਾਧੂ ਬਣ ਗਿਆ, ਜਿਸ ਆਸ਼ਰਮ ਵਿੱਚ ਉਹ ਠਹਿਰਿਆ ਹੋਇਆ ਸੀ, ਉਥੇ ਮਾਤਾ ਮੇਰੀ ਦੇ ਬਹੁਤ ਭਜਨ ਪਾਠ ਕੀਤੇ ਜਾਂਦੇ ਸਨ। ਉਹਨਾਂ ਵਿਚੋਂ ਹਰ ਆਦਮੀ ਆਪਣੀ ਕਲਾ ਕੌਸਲ ਨਾਲ ਭਗਤੀ ਵਿੱਚ ਲਿਵਲੀਨ ਰਹਿੰਦਾ ਸੀ। ਉਥੋਂ ਦਾ ਵੱਡਾ ਪਾਦਰੀ ਬੜੀ ਮੇਹਨਤ ਨਾਲ ਮਾਤਾ ਮੈਰੀ ਦੇ ਗੁਣਾਂ ਦੀਆਂ ਪੁਸਤਕਾਂ ਤੇ ਗ੍ਰੰਥ ਲਿਖਦਾ ਤੇ ਮਾਰਸ਼ ਉਹਨਾਂ ਦੀ ਨਕਲ ਕਰਦਾ ਜਾਂਦਾ। ਇਸੇ ਤਰ੍ਹਾਂ ਅਲੈਕਸੇਂਦ੍ਰ ਨਿਕੀਆਂ ਨਿਕੀਆਂ ਤਸਵੀਰਾਂ ਵਿਚ ਉਹਨਾਂ ਨੂੰ ਚਿਤ੍ਰਤ ਕਰਕੇ ਸਜਾਉਂਦਾ। ਇਹਨਾਂ ਚਿਤ੍ਰਾਂ ਵਿੱਚ ਉਸ ਦਰਸਾਇਆ ਸੀ ਕਿ ਸੁਰਗ ਦੀ ਰਾਣੀ ਸੁਲੇਮਾਨ ਦੇ ਤਖਤ ਤੇ ਬੈਠ ਰਹੀ ਹੈ ਤੇ ਚਾਰ ਸ਼ੇਰ ਉਸਦੇ ਚਰਨਾਂ ਵਿੱਚ ਖੜੋਤੇ ਹਨ। ਉਸ ਦੇ ਚੇਹਰੇ ਤੇ ਨੂਰ ਵਰ੍ਹ ਰਿਹਾ ਹੈ ਤੇ ਉਸ ਦੇ ਆਸ ਪਾਸ ਸੱਤ ਕਬੂਤਰ ਉਡ ਰਹੇ ਹਨ, ਜੋ ਕਿ ਪਵਿਤ੍ਰ ਆਤਮਾਵਾਂ ਦੀਆਂ ਸੱਤ ਦੌਲਤਾਂ ਹਨ, ਅਦਬ, ਪਵਿਤ੍ਰਤਾ, ਗਿਆਨ, ਸ਼ਕਤੀ, ਵੀਚਾਰ, ਬੁਧੀ ਤੇ ਪ੍ਰਤਿਭਾ। ਇਸ ਦੇ ਨਾਲ ਹੀ ਸੁਨਹਿਰੇ ਕੇਸਾਂ ਵਾਲੀਆਂ ਛੇ ਕੁਆਰੀਆਂ ਹੋਰ ਖੜੀਆਂ ਹਨ, ਨਿੰਮਰਤਾ, ਸਵੱਛਬੁਧੀ, ਸੰਤੁਸ਼ਟਤਾ, ਪ੍ਰਤਿਸ਼ਟਤਾ, ਨਵੀਨਤਾ ਤੇ ਵਫਾਦਾਰੀ।

ਦੇਵੀ ਦੇ ਚਰਨਾਂ ਪਾਸ ਹੀ ਦੋ ਹੋਰ ਚਮਕੀਲੀਆਂ ਤੇ ਨੰਗੀਆਂ ਮੂਰਤਾਂ ਖਲੋਤੀਆਂ ਸਨ ਜੋ ਆਪਣੀ ਕਲਿਆਣ ਦੀ ਮੰਗ ਕਰ ਰਹੀਆਂ ਸਨ, ਉਹਨਾਂ ਦੀ ਪ੍ਰਾਰਥਨਾ ਐਵੇਂ ਜਾਣ ਵਾਲੀ ਨਹੀਂ ਸੀ।

ਦੂਸਰੇ ਸਫੇ ਤੇ ਅਲੇਕਸੇਂਦ੍ਰ ਨੇ ਮਾਈ ਹੱਵਾ ਨੂੰ ਮਾਤਾ ਮੇਰੀ ਦੀ ਹਾਜ਼ਰੀ ਵਿਚ ਖਲੋਤਾ ਦਿਖਾਇਆ ਸੀ, ਜਿਸ ਵਿਚ ਇਕੋ ਸਮੇਂ ਤੇ ਪਾਪ ਅਤੇ ਉਸ ਦਾ ਉਧਾਰ ਹੁੰਦਾ ਦਿਖਾਈ ਦੇਂਦਾ ਸੀ। 'ਹੱਵਾ' ਨੂੰ ਬਹੁਤ ਘ੍ਰਿਣਤ ਤੇ ਮਾਤਾ ਮੇਰੀ ਨੂੰ 'ਪ੍ਰਤਿਸ਼ਠਤ' ਦਿਖਾਇਆ ਗਿਆ ਸੀ। ਉਸ ਪੁਸਤਕ ਵਿਚ ਹੋਰ ਵੀ ਕਈ

ਕੀਮਤੀ ਚਿਤ੍ਰ ਸਨ, ਜਿਸ ਵਿਚ ਜੀਉਂਦੇ ਪਾਣੀ ਦਾ ਖੂਹ, ਝਰਨਾ, ਚੰਦ ਸੂਰਜ, ਬਾਗ, ਸਵਰਗੀ ਦਰਵਾਜ਼ਾ ਤੇ ਰੱਬ ਦੀ ਨਗਰੀ ਖਾਸ ਸਨ, ਇਹ ਸਾਰੀਆਂ ਕੁਮਾਰੀ ਮੈਰੀ ਦੀਆਂ ਮੂਰਤੀਆਂ ਨਾਲ ਹੀ ਸਜ ਫਬ ਰਹੀਆਂ ਸਨ।

ਮਾਰਬੋਦ ਵੀ ਮੈਰੀ ਦਾ ਬੜਾ ਭਗਤ ਸੀ, ਉਹ ਹਮੇਸ਼ਾਂ ਪੱਥਰ ਦੀਆਂ ਮੂਰਤੀਆਂ ਘੜਨ ਵਿਚ ਹੀ ਲਗਾ ਰਹਿੰਦਾ, ਜਿਸ ਕਰਕੇ ਉਸ ਦੀ ਦਾੜ੍ਹੀ ਤੇ ਭਰੱਵਟਿਆਂ ਦੇ ਵਾਲ ਪੱਥਰ ਦੇ ਬਾਰੀਕ ਸਫੈਦ ਚੂਰੇ ਨਾਲ ਚਿੱਟੇ ਹੋਏ ਰਹਿੰਦੇ ਤੇ ਉਸਦੀਆਂ ਅੱਖਾਂ ਵੀ ਕੁਝ ਸੁੱਜੀਆਂ ਜੇਹੀਆਂ ਤੇ ਅਥਰੂਆਂ ਨਾਲ ਭਰੀਆਂ ਰਹਿੰਦੀਆਂ। ਫਿਰ ਵੀ ਉਹ ਬੁਢਾਪੇ ਦੇ ਬਾਵਜੂਦ ਬੜਾ ਖੁਸ਼ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੁਰਗ ਦੀ ਰਾਣੀ ਭੀ ਆਪਣੇ ਇਸ ਬੱਚੇ ਦੇ ਆਖਰੀ ਦਿਨਾਂ ਦੀ ਪੂਰੀ ਪੂਰੀ ਦੇਖ ਭਾਲ ਤੇ ਪ੍ਰਿਤਪਾਲਣਾ ਕਰ ਰਹੀ ਸੀ। ਮਾਰਬੋਦ ਨੇ ਉਸ ਦਾ ਵੇਦੀ ਤੇ ਬੈਠੀ ਦਾ ਚਿਤ੍ਰ ਪੱਥਰ ਵਿੱਚ ਉਲੀਕਿਆ ਹੋਇਆ ਸੀ, ਉਸ ਦੇ ਸੀਸ ਦੁਆਲੇ ਨੂਰ ਵਰ੍ਹਦਾ ਸੀ, ਜਿਸ ਵਿੱਚ ਮੋਤੀ ਲਟਕਦੇ ਦਿਸਦੇ ਸਨ, ਉਹ ਉਸ ਦੇ ਕੱਪੜੇ ਦੇ ਪੱਲੇ ਨਾਲ ਉਸ ਦਾ ਪੈਰ ਢਕਣ ਲਈ ਬੜੀ ਮੇਹਨਤ ਕਰ ਰਿਹਾ ਸੀ। ਕਦੀ ਉਸ ਨੂੰ ਬੱਚੇ ਦੇ ਰੂਪ ਵਿੱਚ ਮੂਰਤੀਮਾਨ ਕਰਦਾ ਤੇ ਮੈਰੀ ਦੀ ਪ੍ਰਤਿਮਾ ਇਹ ਕਹਿੰਦੀ ਮਾਲੂਮ ਦੇਂਦੀ, "ਪ੍ਰਭੂ ! ਤੂੰ ਹੀ ਮੇਰਾ ਪ੍ਰਭੂ ਹੈਂ।"

ਆਸ਼ਰਮ ਵਿਚ ਕੁਛ ਕਵੀ ਵੀ ਸਨ ਜੋ ਮੇਹਰਵਾਨ ਮੈਰੀ ਦੀ ਉਸਤਤੀ ਲਾਤੀਨੀ ਵਿੱਚ ਰਚ ਰਚ ਕੇ ਗਾਇਆ ਕਰਦੇ ਸਨ। ਉਨ੍ਹਾਂ ਵਿਚੋਂ ਹੀ ਪੇਕਾਰਡ ਨਾਂ ਦਾ ਇਕ ਕਵੀ ਸੀ, ਜਿਸ ਪੇਂਡੂ ਬੋਲੀ ਵਿਚ ਮਾਤਾ ਮੈਰੀ ਦੀਆਂ ਕਰਾਮਾਤਾਂ ਦੇ ਗੀਤ ਲਿਖੇ ਸਨ।

ਇਸ ਤਰ੍ਹਾਂ ਕਲਾ-ਕੌਸ਼ਲ ਵਾਲੀਆਂ ਕਈ ਤਰ੍ਹਾਂ ਦੀਆਂ ਭਗਤੀਆਂ ਤੇ ਅਰਾਧਨਾ ਵੇਖ ਕੇ ਬਰਨਵਾਸ ਆਪਣੇ ਆਪ ਤੇ ਅਫਸੋਸ ਕਰਨ ਲਗਾ ਕਿ ਮੈਂ ਇਤਨਾ ਬੇਸਮਝ ਤੇ ਮੂਰਖ ਕਿਉਂ ਰਿਹਾ? ਆਸ਼ਰਮ ਦੇ ਬਾਗ ਵਿਚ ਟੁਰਦਿਆਂ ਫਿਰਦਿਆਂ ਇਕ ਦਿਨ ਉਸ ਸੋਚਿਆ, 'ਹਾਇ! ਮੈਂ ਕਿਤਨਾ ਬਦ-ਕਿਸਮਤ ਹਾਂ, ਆਪਣੇ ਹੋਰ ਸਾਥੀਆਂ ਵਾਂਗ ਮੈਂ ਮਾਤਾ ਮੈਰੀ ਦੀ ਅਰਾਧਨਾ ਕਰਨਾ ਬਿਲਕੁਲ ਹੀ ਨਹੀਂ ਜਾਣਦਾ, ਜਿਸ ਲਈ ਮੇਰੇ ਹਿਰਦੇ ਵਿੱਚ ਬੇਹਦ ਪਿਆਰ ਵੀ ਹੈ।'

ਦੇਵੀ ! ਮੈਂ ਬਿਲਕੁਲ ਬੇਸਮਝ ਕੁਲਹੀਣ ਮਨੁੱਖ ਹਾਂ, ਮੈਂ ਨਾ ਤੁਹਾਡੀ ਉਸਤਤਿ ਦੇ ਵਖਿਆਨ ਹੀ ਦੇ ਸਕਦਾ ਹਾਂ ਤੇ ਨਾ ਹੀ ਬੜੇ ਬੜੇ ਪੋਥੇ ਹੀ ਲਿਖ

ਸਕਦਾ ਹਾਂ, ਨ ਮੈਨੂੰ ਖਿੱਚ ਪਾਉਣ ਵਾਲੀਆਂ ਸੁੰਦਰ ਪ੍ਰਤਿਮਾਂ ਹੀ ਘੜਨੀਆਂ ਆਉਂਦੀਆਂ ਹਨ ਤੇ ਨਾ ਹੀ ਛੰਦਾਂ ਦੇ ਵਜ਼ਨ ਤੇ ਲੈਅ ਅਨੁਸਾਰ ਤੇਰੇ ਜਸ ਦੀ ਕੋਈ ਕਵਿਤਾ ਹੀ ਲਿਖ ਸਕਦਾ ਹਾਂ, ਹਾਇ ! ਮੈਨੂੰ ਕੁਛ ਵੀ ਕਰਨਾ ਨਹੀਂ ਆਉਂਦਾ, ਮੈਂ ਕੀ ਕਰਾਂ।' ਇਸ ਤਰ੍ਹਾਂ ਬੇਚਾਰਾ ਬਰਨਵਾਸ ਬਹੁਤ ਹੀ ਦੁਖੀ ਤੇ ਬੇਚੈਨ ਰਹਿੰਦਾ।

ਇਕ ਦਿਨ ਸ਼ਾਮ ਨੂੰ ਜਦੋਂ ਸਾਰੇ ਸਾਧੂ ਆਪਸ ਵਿੱਚ ਗੱਲਾਂ ਕਰ ਰਹੇ ਸਨ, ਤਾਂ ਉਸ ਨੇ ਇਕ ਸਾਧੂ ਦਾ ਜ਼ਿਕਰ ਕੀਤਾ ਜੋ ਕਿ ਸਿਵਾਇ 'ਅਵੇ ਮੇਰੀਆ' ਗੀਤ ਦੇ ਹੋਰ ਕੁਛ ਨਹੀਂ ਗਾ ਸਕਦਾ ਸੀ, ਉਸ ਦੀ ਬੇਸਮਝੀ ਤੇ ਹਰ ਇਕ ਉਸ ਨੂੰ ਘ੍ਰਿਣਾ ਕਰਦਾ ਸੀ। ਪਰ ਜਦੋਂ ਉਹ ਮਰਨ ਲੱਗਾ, ਉਸ ਦੇ ਮੂੰਹ ਵਿਚੋਂ ਪੰਜ ਗੁਲਾਬ ਦੇ ਫੁੱਲ ਨਿਕਲ ਆਏ, ਕਿਉਂਕਿ ਉਹ ਪੰਜਾਂ ਅੱਖਰਾਂ ਦਾ ਹੀ ਜਾਪ ਕਰਦਾ ਸੀ। ਇਸ ਤਰ੍ਹਾਂ ਉਸ ਦੀ ਪਵਿਤ੍ਰਤਾ ਪ੍ਰਗਟ ਹੋਈ।

ਇਸ ਕਹਾਣੀ ਨੂੰ ਸੁਣਨਸਾਰ ਬਰਨਵਾਸ ਦੇ ਦਿਲ ਵਿੱਚ ਇਕ ਵੇਰ ਫੇਰ ਮਾਤਾ ਮੈਰੀ ਦੀ ਵਡਿਆਈ ਦਾ ਭਰੋਸਾ ਬੱਝਿਆ ਪਰ ਉਸ ਨੂੰ ਇਸ ਚਮਤਕਾਰ ਨਾਲ ਜ਼ਿਆਦਾ ਤਸੱਲੀ ਨ ਹੋਈ, ਕਿਉਂਕਿ ਉਸ ਦਾ ਦਿਲ ਉਤਸ਼ਾਹ ਨਾਲ ਭਰਿਆ ਹੋਇਆ ਸੀ ਤੇ ਉਹ ਸੁਰਗ ਦੀ ਰਾਣੀ ਦੀ ਮਹਿਮਾ ਲਈ ਕੁਛ ਕਰਨਾ ਚਾਹੁੰਦਾ ਸੀ, ਪਰ ਉਸ ਨੂੰ ਕੋਈ ਉਪਾ ਨਹੀਂ ਸੀ ਸੁਝਦਾ, ਦਿਨ ਗ਼ਮ ਹੀ ਗ਼ਮ ਵਿਚ ਲੰਘਦੇ ਜਾ ਰਹੇ ਸਨ।

ਆਖਰ ਇਕ ਦਿਨ ਉਹ ਆਪਣੀ ਮੰਜੀ ਤੋਂ ਉਠ ਕੇ ਉਛਲਦਾ ਹੋਇਆ ਗਿਰਜੇ ਵਲ ਨੂੰ ਦੌੜਿਆ, ਉਥੇ ਉਹ ਘੰਟੇ ਤੋਂ ਵਧ ਨਹੀਂ ਰਿਹਾ। ਉਥੋਂ ਰੋਟੀ ਖਾਣ ਆਇਆ, ਉਸ ਦਿਨ ਤੋਂ ਜਿਸ ਸਮੇਂ ਗਿਰਜਾ ਖਾਲੀ ਹੋ ਜਾਂਦਾ, ਉਹ ਹਮੇਸ਼ਾਂ ਉਥੇ ਜਾਂਦਾ ਤੇ ਜ਼ਿਆਦਾ ਵਕਤ ਉਥੇ ਹੀ ਗੁਜ਼ਾਰਦਾ। ਇਸ ਸਮੇਂ ਦੂਜੇ ਸਾਧੂ ਆਪਣੀਆਂ ਆਪਣੀਆਂ ਕਲਾਵਾਂ ਦੇ ਸਾਧਣ ਵਿਚ ਲਗੇ ਰਹਿੰਦੇ ਸਨ।

ਬਰਨਵਾਸ ਹੁਣ ਉਦਾਸ ਨਹੀਂ ਸੀ ਤੇ ਨਾ ਹੀ ਹੌਕੇ ਭਰਦਾ ਸੀ ਪਰ ਉਸਦੀ ਇਸ ਤਰ੍ਹਾਂ ਵੱਖਰੀ-ਜੇਹੀ ਰਹਿਣੀ ਬਹਿਣੀ ਕਾਰਣ ਦੂਸਰੇ ਸਾਧੂਆਂ ਵਿਚ ਚਰਚਾ ਹੋਣ ਲਗੀ ਕਿ ਭਾਈ ਬਰਨਵਾਸ ਕਿਉਂ ਇਸ ਤਰ੍ਹਾਂ ਏਕਾਂਤ ਵਿੱਚ ਚਲਿਆ ਜਾਂਦਾ ਹੈ? ਵੱਡੇ ਪਾਦਰੀ ਨੇ ਜਿਸਦਾ ਫਰਜ਼ ਸੀ ਕਿ ਹਰ ਸਾਧੂ ਦੀ ਨਿਗਰਾਨੀ ਰਖੇ ਇਹ ਨਿਸਚਾ ਕੀਤਾ ਕਿ ਵੇਖਿਆ ਜਾਵੇ, ਬਰਨਵਾਸ ਉਥੇ ਕੀ ਕਰਦਾ ਹੈ। ਇਕ

ਦਿਨ ਜਦੋਂ ਬਰਨਵਾਸ ਗਿਰਜੇ ਵਿੱਚ ਇਕੱਲਾ ਗਿਆ, ਮਗਰ ਹੀ ਵੱਡਾ ਪਾਦਰੀ ਨਾਲ ਦੋ ਬਜ਼ੁਰਗ ਸਾਧੂਆਂ ਨੂੰ ਲੈ ਕੇ ਖਿੜਕੀ ਪਾਸ ਜਾ ਪੁੱਜਾ ਤਾਂ ਕਿ ਉਹ ਦੇਖ ਸਕੇ ਕਿ ਉਹ ਉਥੇ ਛਿਪ ਕੇ ਇਕੱਲਾ ਕੀ ਕਰਦਾ ਹੈ?

ਉਹਨਾਂ ਨੇ ਵੇਖਿਆ ਕਿ ਬਰਨਵਾਸ ਪ੍ਰਤਿਮਾ ਦੇ ਸਾਹਮਣੇ ਸਿਰ-ਪਰਨੇ ਹੋ ਲੱਤਾਂ ਉਤਾਂਹ ਕਰੀ ਖੜਾ ਹੈ। ਉਹ ਆਪਣੀਆਂ ਛੇ ਤਾਂਬੇ ਦੀਆਂ ਚਮਕੀਲੀਆਂ ਗੇਂਦਾਂ ਤੇ ਬਾਰਾਂ ਛੁਰਿਆਂ ਦੀ ਖੇਡ ਕਰ ਰਿਹਾ ਹੈ। ਪੂਜਨੀਕ ਮਾਤਾ ਮੈਰੀ ਦੇ ਸਾਹਮਣੇ ਉਹ ਉਸ ਕਲਾ ਕੌਸਲ ਨੂੰ ਦਰਸਾ ਰਿਹਾ ਹੈ, ਜਿਸ ਨਾਲ ਕਦੀ ਉਸਦੀ ਬੜੀ ਦੂਰ ਦੂਰ ਤੱਕ ਪ੍ਰਸਿੱਧੀ ਸੀ। ਉਹ ਆਪਣੀ ਕਲਾ ਮੈਰੀ ਅੱਗੇ ਅਰਪਣ ਕਰ ਰਿਹਾ ਹੈ। ਇਸ ਗੱਲ ਨੂੰ ਨਾ ਸਮਝਦੇ ਹੋਏ ਦੋਨੋਂ ਸਾਧੂ ਉਸਦੇ ਇਸ ਕਰਤੱਬ ਦੇ ਵਿਰੁੱਧ ਸ਼ੋਰ ਪਾਉਣ ਲਗੇ ਕਿ ਉਹ ਪੂਜਨੀਕ ਮੰਦਰ ਵਿਚ ਕੀ ਕਰ ਰਿਹਾ ਹੈ। ਮਗਰ ਵੱਡਾ ਪਾਦਰੀ ਜਾਣਦਾ ਸੀ ਕਿ ਬਰਨਵਾਸ ਸਿੱਧਾ-ਸਾਦਾ ਆਦਮੀ ਹੈ, ਪਰ ਹੁਣ ਉਸ ਨੂੰ ਯਕੀਨ ਹੋ ਗਿਆ ਕਿ ਉਹ ਪਾਗਲ ਹੋ ਗਿਆ ਹੈ।

ਉਹ ਤਿੰਨੇ, ਬਰਨਵਾਸ ਨੂੰ ਗਿਰਜੇ ਵਿਚੋਂ ਕੱਢਣ ਲਈ ਚਲੇ ਹੀ ਸਨ ਕਿ ਉਹਨਾਂ ਦੇਖਿਆ, ਪਵਿਤ੍ਰ ਮਾਤਾ, ਕੁਮਾਰੀ ਮੈਰੀ, ਵੇਦੀ ਤੋਂ ਹੌਲੀ ਜੇਹੀ ਉਤਰਕੇ ਆਪਣੀ ਚਾਦਰ ਦੇ ਪੱਲੇ ਨਾਲ ਮਦਾਰੀ ਦੇ ਮੱਥੇ ਤੇ ਆਏ ਪਸੀਨੇ ਨੂੰ ਪੂੰਝ ਰਹੀ ਹੈ।

ਉਸ ਸਮੇਂ ਵੱਡੇ ਪਾਦਰੀ ਨੇ ਸੰਗਮਰਗਰ ਦੇ ਫਰਸ਼ ਤੇ ਸਿਰ ਝੁਕਾ ਕੇ ਇਹ ਸ਼ਬਦ ਕਹੇ, "ਉਹ ਧੰਨ ਹਨ, ਜਿਨ੍ਹਾਂ ਦੇ ਦਿਲ ਪਵਿੱਤਰ ਹਨ, ਕਿਉਂਕਿ ਉਹੋ ਪਰਮੇਸ਼ਰ ਦੇ ਦਰਸ਼ਨ ਕਰ ਸਕਣਗੇ।"

ਦੋਹਾਂ ਸਾਧੂਆਂ ਨੇ ਵੀ ਧਰਤੀ ਤੇ ਸਿਰ ਝੁਕਾਉਂਦਿਆਂ ਆਖਿਆ, "ਜੈ ਹੋਵੇ ਮਾਤਾ ਦੀ"।

-ਅਨਾਤੋਲੇ

❖ ❖ ❖

(੨) ਕਲਾਕਾਰ

'ਆਹਾ ! ਸੁੰਦ੍ਰਤਾ ਦੀ ਪ੍ਰਤਿਮਾ' ਕਲਾਕਾਰ ਆਪਣੀ ਸਫਲਤਾ ਦੀ ਖੁਸ਼ੀ ਵਿੱਚ ਉਚੀ ਉਚੀ ਪੁਕਾਰ ਉਠਿਆ। ਉਸ ਦੀ ਖੇੜੇ-ਭਰੀ ਅਵਾਜ਼ ਸਾਰੇ ਸਟੂਡੀਓ ਵਿਚ ਗੂੰਜ ਉਠੀ। ਉਸ ਦੇ ਤਨ ਮਨ ਵਿੱਚ ਇਕ ਅਜਬ ਮਸਤੀ ਛਾ ਗਈ।

ਉਸ ਨੂੰ ਐਉਂ ਮਲੂਮ ਹੋਇਆ ਜਿਵੇਂ ਸੰਸਾਰ ਦੀ ਸ਼ਹਿਨਸ਼ਾਹੀਅਤ ਉਸ ਦੇ ਕਦਮਾਂ ਤੇ ਰਖੀ ਪਈ ਹੁੰਦੀ ਹੈ। ਅਜੇਹਾ ਕਿਉਂ ਨਾ ਹੁੰਦਾ, ਜਦੋਂ ਕਿ ਅਜ ਉਸ ਦੀ ਵਰ੍ਹਿਆਂ ਦੀ ਘਾਲ ਆਪਣੇ ਸਿਖਰ ਤੇ ਪੁੱਜ ਚੁਕੀ ਸੀ। ਉਸ ਦੇ ਦਿਲ ਨੇ ਅੰਦਰੋਂ ਜ਼ੋਰ ਨਾਲ ਆਖਿਆ ਕਿ ਉਸ ਦੀ ਜ਼ਿੰਦਗੀ ਦੀ ਸਭ ਤੋਂ ਮਿੱਠੀ, ਸਭ ਤੋਂ ਗੰਭੀਰ ਤੇ ਸਭ ਤੋਂ ਵੱਧ ਪਵਿੱਤਰ ਸੱਧਰ ਪੂਰੀ ਹੋ ਗਈ, ਅਜ ਜੀਵਨ ਸਫਲਾ ਹੋ ਗਿਆ। ਹੁਣ ਭਾਵੇਂ ਇਸ ਦਿਨ ਪਿਛੋਂ ਮੌਤ ਭੀ ਆ ਜਾਵੇ ਤਾਂ ਇਹ ਅਮਰਤਾ ਵਰਗੀ ਹੀ ਕੋਈ ਚੀਜ਼ ਹੋਵੇਗੀ। ਅਸਲੀਅਤ ਇਹ ਹੈ ਕਿ ਭਾਵੇਂ ਉਸਦਾ ਸਰੀਰ ਨਾਸ਼ ਵੀ ਹੋ ਜਾਵੇ ਉਸ ਦਾ ਆਪਾ ਇਸ ਕਲਾ-ਚਮਤਕਾਰ ਵਿਚ ਸਮਿਟ ਕੇ ਅਮਰ ਤੇ ਅਬਿਨਾਸ਼ੀ ਹੋ ਗਿਆ ਹੈ। ਮਨੁੱਖ ਦੀ ਜਨਮਾਂ ਜਨਮਾਂ ਦੀ ਕਰਤਾਰੀ ਤਾਂਘ ਮਾਨੋ ਇਸ ਪ੍ਰਤਿਮਾ ਦੇ ਰੂਪ ਵਿੱਚ ਤ੍ਰਿਪਤ ਹੋ ਗਈ।

ਉਹ ਮੂਰਤੀਕਾਰ ਸੀ। ਮਿੱਟੀ ਜਾਂ ਪੱਥਰ ਨੂੰ ਭੰਨ ਤੋੜ ਕੇ ਉਹ ਮੂਰਤੀਆਂ ਬਣਾਇਆ ਕਰਦਾ ਸੀ। ਕਦੇ ਮਨੁੱਖ ਦੀ, ਕਦੇ ਪਰਮ ਮਨੁੱਖ ਦੀ, ਕਦੀ ਇਸਤਰੀਆਂ ਦੀ ਕਦੀ ਪਰੀਆਂ ਫਰਿਸ਼ਤਿਆਂ ਤੇ ਦੈਂਤਾਂ ਦੀ ਵੀ। ਉਸ ਦੇ ਵੱਡੇ 'ਮੂਰਤੀ ਭਵਨ' ਵਿੱਚ ਕਿਤਨੀਆਂ ਹੀ ਜੀਊਂਦੀਆਂ ਮੂਰਤੀਆਂ ਦਿਸ ਰਹੀਆਂ ਸਨ। ਅਗਰ ਕੋਈ ਕਲਾਕਾਰ ਪਾਰਖੂ ਗ੍ਰਾਹਕ ਉਥੇ ਆ ਜਾਂਦਾ ਉਸਦੀ ਸੁਧ ਬੁਧ ਭੁੱਲ ਜਾਂਦੀ, ਉਹ ਮੂਰਤੀਆਂ ਵਿਚ ਗਵਾਚ ਜਾਂਦਾ। ਕਿਉਂਕਿ ਉਸ ਭਵਨ ਵਿੱਚ ਭਗਵਾਨ ਬੁੱਧ ਦੇ ਵੀ ਦਰਸ਼ਨ ਹੁੰਦੇ, ਜਿਨ੍ਹਾਂ ਭਰੀ ਜੁਆਨੀ ਵਿਚ ਵੈਰਾਗੀ ਹੋ ਕੇ ਨਿਰਬਾਣ ਪਦਵੀ ਦਾ ਨਵਾਂ ਬੂਟਾ ਲਾਇਆ ਸੀ। ਉਥੇ ਈਸਾ ਮਸੀਹ ਦਾ

ਉਹ ਚਿਤ੍ਰ ਵੀ ਸੀ ਜਦੋਂ ਕਿ ਉਹ ਸੂਲੀ ਉਤੇ ਟੰਗੇ ਹੋਏ ਆਪਣੇ ਪ੍ਰਭੂ ਪਿਤਾ ਦੀ ਅਰਾਧਨਾ ਕਰਦੇ ਕਹਿ ਰਹੇ ਹਨ, 'ਹੇ ਮੇਰੇ ਪਿਤਾ ! ਤੂੰ ਮੈਨੂੰ ਕਿਉਂ ਭੁਲਾ ਦਿੱਤਾ।'

ਉਨ੍ਹਾਂ ਦਾ ਚੇਹਰਾ ਅੰਦਰਲੀ ਵੇਦਨਾ ਨਾਲ ਗੰਭੀਰ ਤੇ ਸੱਚਾਈ-ਭਰਪੂਰ ਹੋ ਰਿਹਾ ਸੀ।

ਇਸ ਤੋਂ ਇਲਾਵਾ ਉਥੇ ਹੋਰ ਵੀ ਕਈ ਮੂਰਤੀਆਂ ਸਨ। ਹਜ਼ਰਤ ਮੁਹੰਮਦ ਸਾਹਿਬ ਦੀ, ਜੋ ਈਰਾਨ ਦੇ ਸ਼ਾਹ ਦੀ ਇਕ ਪੁਰਾਣੀ ਤਸਵੀਰ ਦੇ ਅਧਾਰ ਤੇ ਉਸ ਨੇ ਘੜੀ ਸੀ, ਕਨਫਿਊਸ਼ਸ, ਸ਼ੈਕਸਪੀਅਰ, ਮਿਲਟਨ, ਇਬਰਾਹਿਮ ਲਿੰਕਨ, ਨਿਪੋਲੀਅਨ, ਕਾਰਲ ਮਾਰਕਸ, ਲੈਨਨ, ਆਇਨ ਸਟਾਇਨ, ਟੈਗੋਰ ਤੇ ਗਾਂਧੀ ਆਦਿਕ ਦੀਆਂ ਕਈ ਸੁੰਦਰ ਮਹਾਨ ਪ੍ਰਤਿਮਾਂ ਸਨ। ਇਸੇ ਤਰ੍ਹਾਂ ਹੋਰ ਵੀ ਬਾਦਸ਼ਾਹਾਂ, ਆਗੂਆਂ, ਕਿਸਾਨਾਂ, ਮਜ਼ਦੂਰਾਂ ਦੀਆਂ ਵੀ ਮੂਰਤੀਆਂ ਸਨ। ਨਾਚੀਆਂ, ਸੁੰਦਰੀਆਂ, ਮੋਹਨੀਆਂ, ਵਿਯੋਗਣਾਂ ਤੇ ਸਤਵੰਤੀ ਨਾਰੀਆਂ ਦੀਆਂ ਵੀ ਕਈ ਪ੍ਰਤਿਮਾ ਸਨ। ਇਨ੍ਹਾਂ ਕਰਕੇ ਮੂਰਤੀਕਾਰ ਦੀ ਸਾਰੇ ਦੇਸ਼ ਵਿਚ ਬੜੀ ਸ਼ੁਹਰਤ ਸੀ, ਹਰ ਥਾਂ ਆਦਰ ਨਾਲ ਉਸ ਦਾ ਨਾਂ ਲਿਆ ਜਾਂਦਾ ਸੀ, ਪਰ ਉਸਨੂੰ ਆਪ ਅਜੇ ਸੰਤੁਸ਼ਟਤਾ ਨਹੀਂ ਸੀ।

ਕਈ ਵੇਰ ਬੜੇ ਬੜੇ ਧਨੀ ਅਮੀਰ ਤੇ ਦੇਸਾਂ ਪਰਦੇਸਾਂ ਦੇ ਸੈਲਾਨੀ ਉਸ ਪਾਸ ਆਉਂਦੇ ਤੇ ਇਕ ਮੂਰਤੀ ਦੀ ਕੀਮਤ ਹਜ਼ਾਰਾਂ ਰੁਪਏ ਭੇਟਾ ਕਰਕੇ ਜਾਂਦੇ। ਉਸਦੀ ਮੌਜ ਹੁੰਦੀ ਤਾਂ ਇਕ ਅੱਧੀ ਮੂਰਤੀ ਦੇ ਦਿੰਦਾ ਪਰ ਆਮ ਤੌਰ ਤੇ ਇਹੋ ਆਖਦਾ, "ਅਜੇ ਨਹੀਂ, ਅਜੇ ਮੈਂ ਹੋਰ ਕੰਮ ਕਰਨਾ ਹੈ, ਮੈਨੂੰ ਆਪ ਤਸੱਲੀ ਨਹੀਂ ਹੋਈ।"

ਇਉਂ ਉਸ ਦੀਆਂ ਅਧੂਰੀਆਂ ਮੂਰਤੀਆਂ, ਵਰ੍ਹਿਆਂ ਤੱਕ ਪਈਆਂ ਰਹਿੰਦੀਆਂ। ਹਾਂ, ਕਿਤੇ ਜੇ ਉਹ ਮੂਰਤੀ ਕਿਸੇ ਨੂੰ ਦੇਂਦਾ ਤਾਂ ਉਸਨੂੰ ਖਰੀਦਣ ਵਾਲਾ ਆਪਣੀ ਖੁਸ਼-ਕਿਸਮਤੀ ਤੇ ਫੁਲਿਆ ਨਾ ਸਮਾਉਂਦਾ। ਉਹ ਨੋਟਾਂ ਦਾ ਥੱਬਾ ਉਸ ਦੇ ਅੱਗੇ ਰਖਦਾ ਜਿਸਨੂੰ ਕਲਾਕਾਰ ਕਦੀ ਆਪਣੇ ਹਥ ਨਾਲ ਨਾ ਛੁਹਾਂਦਾ, ਸਾਹਮਣੇ ਪਈ ਗੋਲ ਮੇਜ਼ ਤੇ ਉਸੇ ਤਰ੍ਹਾਂ ਨੋਟਾਂ ਦੇ ਢੇਰ ਟਿਕੇ ਪਏ ਰਹਿੰਦੇ। ਜਦੋਂ ਉਸ ਦੀ ਈਸਾਈ ਨੌਕਰਾਣੀ 'ਨੀਨਾ' ਆਉਂਦੀ, ਉਹ ਉਨ੍ਹਾਂ ਨੂੰ ਇਕੱਠਿਆਂ ਕਰਕੇ ਸੰਭਾਲ ਰਖਦੀ ਤੇ ਜੰਦਰੇ ਅੰਦਰ ਰੱਖ ਕੇ ਚਾਬੀਆਂ ਆਪਣੀ ਸਾੜ੍ਹੀ ਨਾਲ ਟੁੰਗ ਛਡਦੀ। ਉਹ ਨੌਕਰਾਣੀ ਕੀ ਸੀ, ਉਸ ਕਲਾਕਾਰ ਦੀ ਦਾਈ

ਪਾਲਣਹਾਰੀ ਮਾਂ ਤੇ ਪਿਆਰਨ ਵਾਲੀ ਭੈਣ ਸੀ। ਉਸ ਦੀ ਮਾਂ ਬੰਗਾਲੀ ਕਾਇਸਥ ਸੀ ਜੋ ਪਿਛੋਂ ਈਸਾਈ ਹੋ ਗਈ ਸੀ।

ਇਹ ਨੌਕਰਾਣੀ ਸਚਮੁਚ ਹੀ ਬਹੁਤ ਚੰਗੀ ਤ੍ਰੀਮਤ ਹੈ। ਪੜ੍ਹੀ ਲਿਖੀ ਵੀ ਹੈ ਤੇ ਵੈਸੇ ਵੀ ਦੇਖਣ ਨੂੰ ਚੰਗੀ ਜਾਪਦੀ ਹੈ। ਇਨ੍ਹਾਂ ਸਾਰਿਆਂ ਨੁਕਤਿਆਂ ਨਾਲੋਂ ਜੋ ਵੱਡੀ ਵਿਸ਼ੇਸ਼ਤਾ ਹੈ ਉਹ ਇਹ ਕਿ ਇਸਦਾ ਹਿਰਦਾ ਬਹੁਤ ਨਿਰਮਲ ਹੈ। ਇਸ ਕਲਾਕਾਰ ਨੂੰ ਜਿਤਨਾ ਇਹ ਸਮਝ ਸਕੀ ਹੈ ਹੋਰ ਕੋਈ ਨਹੀਂ ਸਮਝ ਸਕਿਆ। ਜਦੋਂ ਤੋਂ ਉਸ ਨੇ ਆਪਣਾ ਸਟੂਡੀਓ ਖੋਲ੍ਹਿਆ ਹੈ, ਉਦੋਂ ਤੋਂ ਇਹ ਉਸ ਦੇ ਨਾਲ ਹੈ। ਇਸ ਨੇ ਪੱਕਾ ਇਰਾਦਾ ਬਣਾਇਆ ਹੈ ਕਿ ਜ਼ਿੰਦਗੀ ਭਰ ਉਹ ਉਸੇ ਦਾ ਸਾਥ ਦੇਵੇਗੀ। ਕਲਾਕਾਰ ਵੀ ਇਸ ਤੇ ਪ੍ਰਸੰਨ ਹੈ। ਨੀਨਾ ਦੇ ਹੁੰਦਿਆਂ ਉਸ ਨੂੰ ਖਾਣ ਪੀਣ, ਪਹਿਨਣ ਤੇ ਹੋਰ ਘਰ ਬਾਰ ਸੰਭਾਲਣ ਦੀ ਕੋਈ ਚਿੰਤਾ ਨਹੀਂ। ਸਮੇਂ ਸਿਰ ਉਸ ਨੂੰ ਨਾਸ਼ਤਾ ਕਰਾ ਦੇਂਦੀ ਹੈ। ਕਲਾਕਾਰ ਨੂੰ ਕੀ ਚੀਜ਼ ਭਾਉਂਦੀ ਹੈ, ਉਹ ਕਿਵੇਂ ਪ੍ਰਸੰਨ ਰਹੇਗਾ, ਇਹ ਪਰਬੀਨ ਨੀਨਾ ਚੰਗੀ ਤਰ੍ਹਾਂ ਜਾਣਦੀ ਹੈ। ਸਮੇਂ ਸਿਰ ਕੱਪੜੇ ਬਦਲਵਾ ਦੇਂਦੀ ਹੈ, ਮੈਲਿਆਂ ਨੂੰ ਧੁਲਾ ਦੇਂਦੀ ਹੈ, ਫਟੇ ਪਾਟਿਆਂ ਨੂੰ ਸਿਲਾ ਛੱਡਦੀ ਹੈ, ਪਾਲੇ ਵੇਲੇ ਉਸ ਦਾ ਓਵਰਕੋਟ ਲੈ ਆਉਂਦੀ ਹੈ ਤੇ ਚਾਹ ਦੀ ਪਿਆਲੀ ਲਿਆ ਅੱਗੇ ਰਖਦੀ ਹੈ, ਬੀਮਾਰ ਹੋਣ ਤੇ ਦਵਾਈ ਬੂਟੀ ਲਿਆਉਂਦੀ ਹੈ, ਘਰ ਦੀ ਆਮਦਨੀ ਖਰਚ ਦਾ ਹਿਸਾਬ ਰੱਖਦੀ ਹੈ। ਗੱਲ ਕੀ, ਕਲਾਕਾਰ ਲਈ ਇਹ ਸਾਰੇ ਪ੍ਰਬੰਧ ਕਰਦੀ ਹੈ। ਉਹ ਬੇਫਿਕਰ ਹੈ, ਉਸ ਦੀ ਕੋਈ ਜ਼ਿੰਮੇਵਾਰੀ ਨਹੀਂ। ਦਰਅਸਲ ਉਹ ਨੀਨਾ ਦੇ ਆਸਰੇ ਹੀ ਹੈ। ਸੰਭਵ ਹੈ, ਜੇ ਉਹ ਨ ਹੋਵੇ, ਸ਼ਾਇਦ ਕਲਾਕਾਰ ਨੂੰ ਭੁੱਖਿਆਂ ਹੀ ਬੈਠਣਾ ਪਵੇ, ਨ ਕਪੜੇ ਬਦਲ ਸਕੇ ਤੇ ਨਾ ਹੀ ਚਾਹ ਬਣਾ ਕੇ ਪੀ ਸਕੇ ਤੇ ਬਿਸਤਰੇ ਤੇ ਹੀ ਪਿਆ ਰਹੇ।

ਇਕ ਦਿਨ ਨੀਨਾ ਛੁਟੀ ਤੇ ਸੀ, ਕਲਾਕਾਰ ਨੇ ੨੪ ਘੰਟੇ ਬਿਸਤਰੇ ਤੇ ਲੇਟਿਆਂ ਹੀ ਗੁਜ਼ਾਰ ਦਿੱਤੇ। ਨਾ ਰੋਟੀ ਖਾਧੀ, ਨ ਪਾਣੀ ਪੀਤਾ ਤੇ ਨ ਪਲੰਘ ਹੀ ਛਡਿਆ, ਉਸਦੀ ਅਜੀਬ ਹੀ ਹਾਲਤ ਸੀ।

ਨੀਨਾ ਉਸ ਨੂੰ ਚੰਗੀ ਤਰ੍ਹਾਂ ਜਾਣਦੀ ਹੈ, ਉਹ ਨੀਨਾ ਨੂੰ। ਜਦੋਂ ਉਸ ਦੇ ਕੋਲ ਹੁੰਦੀ ਹੈ, ਉਹ ਉਸ ਬਾਰੇ ਕੁਛ ਵੀ ਨਹੀਂ ਸੋਚਦਾ, ਪਰੰਤੂ ਜਦੋਂ ਉਹ ਨੇੜੇ ਨਹੀਂ ਹੁੰਦੀ ਤਾਂ ਉਸ ਖਾਤਰ ਕਲਾਕਾਰ ਕਾਫੀ ਕਾਫੀ ਦੇਰ ਸੋਚਦਾ ਰਹਿੰਦਾ ਹੈ।

ਫਿਰ ਵੀ ਇਸ ਸੋਚਣ ਦਾ ਕੀ ਮਤਲਬ ਹੈ, ਬੇਚਾਰੀ ਨੀਨਾ ਇਹ ਗੱਲ ੀਂ ਜਾਣਦੀ। ਜੋ ਕੁਝ ਉਹ ਜਾਣਦੀ ਹੈ ਉਸ ਨੂੰ ਉਸੇ ਤੇ ਸੰਤੁਸ਼ਟਤਾ ਹੈ। ਇਉਂ ਣ ਦੇ ਬਾਵਜੂਦ ਵੀ ਨੀਨਾ ਨੂੰ ਪੂਰੀ ਸ਼ਾਂਤੀ ਨਹੀਂ, ਉਸ ਦੇ ਦਿਲ ਵਿਚ ਕੋਈ ਚ ਹੈ, ਤਾਂਘ ਹੈ, ਕੋਈ ਕਮੀ ਹੈ, ਜਿਸ ਕਾਰਣ ਉਹ ਆਪਣੇ ਆਪ ਨੂੰ ਸੱਖਣੀ ਣੀ ਜਿਹੀ ਮਹਿਸੂਸ ਕਰਦੀ ਹੈ। ਉਹ ਜਾਣਦੀ ਹੈ ਕਿ ਭਾਵੇਂ ਉਹ ਇਸ ਉਤਮ ਲਾਕਾਰ ਦੀ ਪ੍ਰਚਾਵੀ ਹੈ, ਭੈਣ ਹੈ, ਮਾਂ ਹੈ, ਪਰੰਤੂ ਉਹ ਉਹ ਨਹੀਂ ਹੈ। ਨਾਰੀ ਵਨ ਦਾ ਅੰਤਮ ਅਨੰਦ ਹੈ, ਉਸ ਦਾ ਤ੍ਰੀਮਤਪਣ ਅਸੰਤੁਸ਼ਟ ਜੇਹਾ ਹੈ।

ਉਹ ਕਲਾਕਾਰ ਦੀ ਪ੍ਰੀਤਮਾ ਨਹੀਂ, ਪ੍ਰੇਮ-ਪਾਤ੍ਰ ਨਹੀਂ, ਸਭ ਤੋਂ ਗੰਭੀਰ ਪਵਿਤ੍ਰ ਅਰਥਾਂ ਵਿੱਚ ਉਹ ਉਸਦੀ ਪਿਆਰੀ ਨਹੀਂ।

ਉਹ ਉਹ ਨਹੀਂ ਹੈ, ਇਸਦਾ ਉਸਨੂੰ ਚੰਗੀ ਤਰ੍ਹਾਂ ਗਿਆਨ ਹੈ, ਤੇ ਇਸੇ ਈ ਇਤਨਾਂ ਸਭ ਕੁਝ ਪਾ ਕੇ ਵੀ ਉਸਦੇ ਜੀਵਨ ਵਿਚ ਇਕ ਉਦਾਸੀ ਛਾਈ ਹੁੰਦੀ ਹੈ, ਜਿਸ ਤਰ੍ਹਾਂ ਉਹ ਬਿਲਕੁਲ ਖਾਲੀ ਖਾਲੀ ਹੋਵੇ। ਉਹ ਇਹ ਵੀ ਚੰਗੀ ਰ੍ਹਾਂ ਜਾਣਦੀ ਹੈ ਕਿ ਕਲਾਕਾਰ ਕਿਸੇ ਨਾਰੀ ਪ੍ਰੇਮ ਦਾ ਦੀਵਾਨਾ ਨਹੀਂ ਤੇ ਸ਼ਾਇਦ ਈ ਹੋਵੇਗਾ ਵੀ ਨਹੀਂ। ਉਹ ਦੀਵਾਨਾ ਹੈ ਤਾਂ ਕੇਵਲ ਆਪਣੀ ਕਲਾ ਦਾ। ਪਣੀ ਕਰਤਾਰੀ ਸ਼ਕਤੀ ਦੇ ਪ੍ਰਗਟਾਉਣ ਲਈ ਉਸਨੂੰ ਅਥਾਹ ਪ੍ਰੇਮ ਤੇ ਚਾਅ ੜ੍ਹਿਆ ਰਹਿੰਦਾ ਹੈ, ਰਾਤ ਦਿਨ ਉਹ ਉਸੇ ਵਿਚ ਮਸਤ ਹੈ।

ਤੇ ਨੀਨਾ ਕਲਾਕਾਰ ਪਿਛੇ ਪਾਗਲ ਹੋਈ ਹੋਈ ਹੈ, ਨੀਨਾ ਨੂੰ ਉਹ ਮਿੱਠੀਆਂ ੜੀਆਂ ਵੀ ਯਾਦ ਹਨ, ਜਦੋਂ ਕਲਾਕਾਰ ਨੇ ਆਪਣੇ ਸਾਂਵਲੇ ਨੈਣਾਂ ਨਾਲ ਉਸਨੂੰ ੀ ਨੀਝ ਲਾ ਕੇ ਕਦੀ ਕਦੀ ਤੱਕਿਆ ਹੈ, ਉਨ੍ਹਾਂ ਅਮੋਲਕ ਛਿਨਾਂ ਵਿੱਚ ਉਸ ਸਰੀਰ, ਪ੍ਰੀਤ-ਕੰਬਣੀ ਨਾਲ ਥਰਰਾ ਉਠਿਆ ਹੈ।

ਕਾਸ਼ ! ਕਿ ਉਹ ਮਿੱਠੀਆਂ ਘੜੀਆਂ ਸਦਾ ਲਈ ਅਮਰ ਹੋ ਜਾਂਦੀਆਂ ਤੇ ਉਸ ਤੱਕਣੀ ਦਾ ਉਦੇਸ਼ ਠੀਕ ਉਹੋ ਹੋਵੇ ਜਿਸ ਖਾਤਰ ਉਸ ਨੀਨਾ, ਦਾ ਆਪਾ ਵਾਨ ਹੋਇਆ ਹੋਇਆ ਹੈ। ਪਰੰਤੂ ਨੀਨਾ ਨੂੰ ਇਸ ਗੱਲ ਦਾ ਪੂਰਾ ਪੂਰਾ ਭਰੋਸਾ ਕਿ ਕਲਾਕਾਰ ਦੀਆਂ ਮੋਹਣੀਆਂ ਅੱਖਾਂ ਉਸ ਨੀਨਾ ਨਾਮ ਦੀ ਨਾਰੀ ਹਿਰਦੇ ਥਾਹ ਨਹੀਂ ਪਾ ਰਹੀਆਂ, ਸਗੋਂ ਸੰਪੂਰਣ ਤ੍ਰੀਮਤਪਣ ਦੇ ਅੰਤਮ ਸੱਚ ਨੂੰ ਜੋ ਾ ਰੂਪ ਵਿਚ ਮੌਜੂਦ ਹੈ ਉਸਨੂੰ ਪੜ੍ਹਨ ਦਾ ਯਤਨ ਤਾਂ ਕਰ ਰਹੀਆਂ ਹਨ। ਨੂੰ ਇਸ ਤਰ੍ਹਾਂ ਉਸ ਤੱਕਣੀ ਵਿਚ ਨੀਨਾ ਹੋਰ ਹਜ਼ਾਰਾਂ ਲੱਖਾਂ ਨਾਰੀਆਂ ਵਿਚੋਂ

ਹੀ ਇਕ ਜਾਪਦੀ ਹੈ, ਇਕੋ ਇਕ ਨਹੀਂ। ਬਾਵਜੂਦ ਅਜੇਹਾ ਕੁਝ ਹੋਣ ਤੇ ਫਿਰ ਵੀ ਨੀਨਾ ਸ਼ੁਕਰ ਮਹਿਸੂਸ ਕਰਦੀ ਹੈ ਕਿ ਜੋ ਕੁਛ ਪਾਸ ਹੈ, ਕੀ ਇਹ ਬਹੁਤ ਥੋੜ੍ਹਾ ਹੈ? ਉਹ ਜੋ ਨਹੀਂ ਪ੍ਰਾਪਤ ਕਰ ਸਕੀ ਤੇ ਜੋ ਸ਼ਾਇਦ ਦੁਨੀਆਂ ਦੀ ਕੋਈ ਨਾਰੀ ਵੀ ਹਾਸਲ ਨਹੀਂ ਕਰ ਸਕੇਗੀ, ਕੀ ਉਸ ਦੇ ਦੁਖ ਵਿੱਚ ਪ੍ਰਾਪਤ ਹੋਈ ਚੀਜ਼ ਦੀ ਮਹੱਤਤਾ ਦੀ ਖੁਸ਼ੀ ਨੂੰ ਵੀ ਹਥੋਂ ਗਵਾ ਲਵੇ? ਨੀਨਾ ਠੀਕ ਸੋਚਦੀ ਹੈ।

ਇਉਂ ਕਲਾਕਾਰ ਤੇ ਨੀਨਾ ਦੋਵੇਂ ਜ਼ਿੰਦਗੀ ਦੀ ਸ਼ਾਹ ਰਾਹ ਤੇ ਇਕੱਠੇ ਤੁਰੇ ਜਾ ਰਹੇ ਹਨ, ਇਤਨੇ ਨੇੜੇ ਪਰ ਫਿਰ ਵੀ ਦੂਰ ਦੂਰ। ਜਿਥੇ ਨੀਨਾ ਦੇ ਦਿਲ ਵਿੱਚ ਇਹ ਗੰਭੀਰ ਲੋਚਨਾ ਹੈ ਕਿ ਉਹ ਉਸ ਕਲਾਕਾਰ ਨੂੰ ਪ੍ਰਾਪਤ ਕਰ ਸਕੇ, ਉਥੇ ਉਸ ਕਲਾਕਾਰ ਦੇ ਹਿਰਦੇ ਵਿਚ ਅਜੇਹੀ ਅਮਿਟ ਤਾਂਘ ਹੈ ਕਿ ਉਹ ਨਾਰੀ ਦੀ ਮਾਂ ਰੂਪ ਵਿਚ ਅਜੇਹੀ ਪ੍ਰਤਿਮਾ ਦੀ ਸਾਜਨਾ ਕਰੇ, ਜੋ ਸਚਮੁਚ ਹੀ ਸਾਖਯਾਤ ਜੀਉਂਦੀ ਜਾਗਦੀ ਹੋਵੇ। ਉਸਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਤਾਂਘ, ਸਭ ਤੋਂ ਪਰਮ ਪਵਿਤ੍ਰ ਸੁਪਨਾ ਤੇ ਮਹਾਨ ਉਦੇਸ਼ ਇਹੋ ਹੀ ਸੀ। ਪਤਾ ਨਹੀਂ ਕਲਾਕਾਰ ਨੇ ਉਸ ਕਲਪਣਾ ਦੀ ਮੂਰਤੀ ਦੀ ਕਿਤਨੇ ਘੰਟੇ, ਕਿਤਨੇ ਦਿਨ. ਕਿਤਨੇ ਮਹੀਨੇ ਤੇ ਕਿਤਨੇ ਵਰ੍ਹਿਆਂ-ਬਧੀ ਇਕਾਗਰ ਹੋਕੇ ਪੂਜਾ ਕੀਤੀ ਹੈ। ਇਹ ਵੀ ਖਬਰ ਨਹੀਂ ਕਿ ਕਿਤਨੀਆਂ ਘੜੀਆਂ ਜਾਗਦਿਆਂ ਸੌਂਦਿਆਂ ਇਸ ਸਾਧਨਾ ਵਿੱਚ ਲੰਘਾਈਆਂ ਹਨ। ਕਲਾਕਾਰ ਦਾ ਖਿਆਲ ਹੈ, ਇਹ ਹੋ ਜਾਵੇ ਫਿਰ ਹੋਰ ਕੁਛ ਕਰਨ ਦੀ ਲੋੜ ਨਾ ਰਹੇ। ਇਸ ਪ੍ਰਤਿਮਾ ਦੀ ਸਾਜਨਾ ਹੋ ਜਾਣ ਬਾਦ ਉਸ ਦੀ ਮੌਤ ਵੀ ਹੋ ਜਾਵੇ, ਉਸ ਨੂੰ ਕੋਈ ਅਫਸੋਸ ਨਹੀਂ ਹੋਵੇਗਾ। ਇਹ ਮੂਰਤੀ ਉਸ ਦੀ ਮੌਤ ਤੇ ਫਤੇ ਪਾ ਕੇ ਵੀ ਉਸਨੂੰ ਅਮਰ ਬਣਾ ਦੇਵੇਗੀ, ਐਸਾ ਉਸਦਾ ਨਿਸਚਾ ਹੈ। ਅਜ ਕੱਲ ਇਸੇ ਇਕ ਧੁਨ ਵਿੱਚ ਉਹ ਮਸਤ ਦੇਖਿਆ ਜਾਂਦਾ ਹੈ।

ਉਸ ਦੇ ਕੇਸ ਖਿਲਰੇ ਹੋਏ ਸਨ ਤੇ ਸਰੀਰ ਦੇ ਕੱਪੜੇ ਵੀ ਖੁਲ੍ਹੇ ਰੁਲੇ ਇਧਰ ਉਧਰ ਵਾਲਾਂ ਵਾਂਙ ਆਪਾ ਖਿਲਾਰੀ ਫਿਰਦੇ ਸਨ। ਉਸਦੇ ਪਹਿਨੇ ਹੋਏ ਚੋਲੇ ਦੇ ਬਟਨ ਅਗੇ ਪਿਛੇ ਲਗੇ ਹੋਏ ਸੀ, ਬਰਫ ਡਿਗ ਰਹੀ ਸੀ ਪਰ ਕਲਾਕਾਰ ਦਾ ਸਰੀਰ ਪਸੀਨੋ ਪਸੀਨੀ ਹੋਇਆ ਹੋਇਆ ਸੀ। ਉਹ ਆਪਣੇ ਸੱਜੇ ਹੱਥ ਦੀ ਉਂਗਲੀ ਉਸ ਮਨੋਹਰ ਪ੍ਰਤਿਮਾ ਤੇ ਰੱਖ ਕੇ ਚਿਰ ਤੱਕ ਅੱਖਾਂ ਗੱਡ ਕੇ ਦੇਖਦਾ ਰਿਹਾ, ਬਸ ਫਿਰ ਉਹ ਦੇਖਦਾ ਹੀ ਰਹਿ ਗਿਆ। ਉਸਦੇ ਨੈਣਾਂ ਵਿਚ ਪਰਮਾ

ਨੰਦ ਦੇ ਭਾਵ ਜਾਗ ਰਹੇ ਸਨ ਪਰਮ ਸੁੰਦਰਤਾ ਉਸ ਦੇ ਸਾਹਮਣੇ ਸਾਕਾਰ ਹੋਈ ਬੈਠੀ ਸੀ। ਕਲਾਕਾਰ ਰਹਿ ਨ ਸਕਿਆ, ਉਚੀ ਉਚੀ ਪੁਕਾਰ ਉਠਿਆ, "ਆਹਾ ਆਹਾ ! ਓ ਪਰਮ ਸੁੰਦਰਤਾ ਦੀ ਪ੍ਰਤਿਮਾ !" ਇਹ ਆਵਾਜ਼ ਸੁਣ ਕੇ ਨੀਨਾ ਦੌੜੀ ਦੌੜੀ ਆਈ, ਉਹ ਭੀ ਉਸ ਪ੍ਰਤਿਮਾ ਨੂੰ ਤਕ ਕੇ ਲਟੂ ਹੋ ਗਈ ਤੇ ਚਿਰ ਤਕ ਦੇਖਦੀ ਰਹੀ ਪ੍ਰਤਿਮਾ ਨੂੰ ਤੇ ਉਸ ਨਾਲੋਂ ਵੀ ਜ਼ਿਆਦਾ ਉਸ ਦੇ ਸਿਰਜਨਹਾਰ ਕਲਾਕਾਰ ਨੂੰ।

ਰਾਤ ਪੈ ਗਈ, ਸਟੂਡੀਓ ਬਿਜਲੀ ਦੀਆਂ ਬੱਤੀਆਂ ਨਾਲ ਜਗਮਗਾ ਉਠਿਆ ਪਰ ਕਲਾਕਾਰ ਦੀ ਅਨੰਦ-ਸਮਾਧੀ ਵਿਚ ਕੋਈ ਫਰਕ ਨਾ ਪਿਆ। ਉਹ ਪ੍ਰਤਿਮਾ ਨੂੰ ਦੇਖਦਾ ਹੀ ਰਿਹਾ। ਨੀਨਾ ਨੇ ਪਿਛੇ ਦੀ ਹੋ ਕੇ ਚਾਹ ਤੇ ਮੱਖਣ ਟੋਸਟ ਵਗੈਰਾ ਲਿਆ ਰਖਿਆ, ਪਲੇਟਾਂ ਵੀ ਰਖੀਆਂ ਤੇ ਕਲਾਕਾਰ ਦੇ ਓਢਣ ਲਈ ਇਕ ਪਸ਼ਮੀਨੇ ਦਾ ਸ਼ਾਲ ਵੀ ਲਿਆ ਧਰਿਆ, ਠੰਢ ਕਲਾਕਾਰ ਦੀ ਸਮਾਧੀ ਵਾਂਙ ਪੂਰੇ ਜੋਬਨ ਤੇ ਸੀ, ਪਰ ਉਸ ਦੀ ਸਮਾਧੀ ਨਾ ਖੁਲ੍ਹੀ, ਰਾਤ ਪੈਂਦੀ ਗਈ। ਨੀਨਾ ਘਰ ਦਾ ਸਾਰਾ ਕੰਮ ਕਰਕੇ ਤੇ ਅੰਦਰ ਦੇ ਸਾਰੇ ਦਰਵਾਜ਼ੇ ਬੰਦ ਕਰਕੇ ਚਲੀ ਗਈ। ਜਾਂਦਿਆਂ ਜਾਂਦਿਆਂ ਉਸ ਸਟੂਡੀਓ ਵਲ ਨਜ਼ਰ ਮਾਰੀ ਤਾਂ ਦੇਖਿਆ ਕਲਾਕਾਰ ਦੀ ਅਵਸਥਾ ਵਿਚ ਕੋਈ ਫਰਕ ਨਜ਼ਰੀਂ ਨ ਪਿਆ, ਉਹ ਸਵੇਰੇ ਜ਼ਰਾ ਛੇਤੀ ਆਉਣ ਦਾ ਇਰਾਦਾ ਕਰਕੇ ਇਕ ਲੰਮਾ ਹਉਕਾ ਲੈਂਦੀ ਚਲੀ ਗਈ। ਕਲਾਕਾਰ ਆਪਣੀ ਸਾਜੀ ਸੁੰਦਰ ਮੂਰਤੀ ਨੂੰ ਤ੍ਰਿਹਾਏ ਨੈਣਾਂ ਨਾਲ ਪੀਂਦਾ ਹੀ ਜਾ ਰਿਹਾ ਸੀ। ਉਫ ! ਸੁੰਦਰਤਾ ਦੀ ਪ੍ਰਤਿਮਾ। ਉਸ ਦੀਆਂ ਸੋਹਣੀਆਂ ਸੋਹਣੀਆਂ ਭਾਵ-ਪੂਰਤ ਅੱਖੀਆਂ, ਚੌੜਾ ਦਮਕਦਾ ਮੱਥਾ, ਕੋਮਲ ਕੋਮਲ ਨਾਜ਼ਕ ਹੋਂਠ, ਲੰਮੀ ਗਰਦਨ, ਛਾਤੀ ਉਭਰਵੀਂ ਤੇ ਬਾਕੀ ਡੀਲ ਡੌਲ ਵੀ ਨਿਹਾਇਤ ਸੁੰਦਰਤਾ ਭਰਪੂਰ ਸੀ। ਉਹ ਨਾਰੀ ਦੇ ਵਧ ਤੋਂ ਵਧ ਸੁਹਪਣ ਦਾ ਜੀਉਂਦਾ ਜਾਗਦਾ ਚਿਤ੍ਰ ਸੀ। ਕਲਾਕਾਰ ਦੇ ਸੁਪਨਿਆਂ ਦੀ ਸੁੰਦਰੀ ਹੀ ਸਾਕਾਰ ਹੋ ਕੇ ਇਸ ਧਰਤੀ ਤੇ ਆਣ ਉਤਰੀ ਸੀ। ਕੀ ਇਹ ਉਸ ਦੀ ਜਾਈ ਸੀ, ਪ੍ਰਤਿਮਾ ਸੀ ਯਾ ਮਾਤਾ?

ਕੁਛ ਵੀ ਹੋਵੇ, ਉਸ ਨਗਨ ਪ੍ਰਤਿਮਾ ਦੀ ਸੁੰਦਰਤਾ ਵਿੰਚ ਲਾਸਾਨੀ ਪਵਿਤ੍ਰਤਾ ਸੀ, ਇਤਨੀ ਨਹੀਂ ਜਿਤਨੀ ਕਿ ਕੋਈ ਪ੍ਰਤੱਖ ਦੇਵਤਾ ਹੀ ਆ ਉਤਰਿਆ ਹੋਵੇ। ਕਲਾਕਾਰ ਝੱਲਾ ਹੋ ਕੇ ਉਸ ਵਲ ਤਕਦਾ ਹੀ ਰਿਹਾ, ਉਸ ਲਈ ਇਹ ਜੀਉਂਦੀ ਨਾਰੀ ਸੀ, ਜਿਸ ਨਾਲ ਉਹ ਖਾਮੋਸ਼ੀ ਵਿਚ ਹੀ ਗੱਲਾਂ ਬਾਤਾਂ ਕਰਦਾ

ਰਿਹਾ। ਉਹ ਚਿਰ ਦੀਆਂ ਗੱਲਾਂ ਜੋ ਉਸ ਨੇ ਦੇਰ ਤੋਂ ਉਸ ਨਾਲ ਕਰਨ ਲਈ ਅੰਦਰ ਖਾਤੇ ਸੋਚ ਰੱਖੀਆਂ ਸਨ।

ਬਾਹਰ ਬਰਫ ਪੈ ਰਹੀ ਸੀ। ਗਰਮੀ ਮਾਪਣ ਵਾਲੇ ਯੰਤ੍ਰ ਦਾ ਪਾਰਾ ਸਿਫਰ ਵਲ ਨੂੰ ਵਧਦਾ ਜਾ ਰਿਹਾ ਸੀ, ਇਤਨੇ ਨੂੰ ਅਤੀ ਠੰਢੀ ਪੌਣ ਦਾ ਬੁਲਾ ਆਇਆ। ਕਲਾਕਾਰ ਨੇ ਮਹਿਸੂਸ ਕੀਤਾ, ਜਿਸ ਤਰ੍ਹਾਂ ਉਸ ਨੂੰ ਬਰਫ ਆ ਕੇ ਸੁੰਨ ਕਰ ਰਹੀ ਹੋਵੇ, ਉਸ ਦਾ ਸਾਰਾ ਸਰੀਰ ਕੰਬ ਉਠਿਆ। ਆਪਣੇ ਨਾਲੋਂ ਵੀ ਵਧ ਉਸ ਨੂੰ ਇਹ ਅਨੁਭਵ ਹੋਇਆ ਕਿ ਮੂਰਤੀ ਨੂੰ ਬਰਫ ਪੈਣ ਤੇ ਠੰਢੀ ਸੀਤ ਪੌਣ ਵਗਣ ਕਰਕੇ ਜ਼ਿਆਦਾ ਪਾਲਾ ਲਗ ਰਿਹਾ ਤੇ ਨੰਗ-ਧੜੰਗੀ ਮੂਰਤੀ ਕੰਬ ਰਹੀ ਹੈ। ਕਲਾਕਾਰ ਦਾ ਦਿਲ ਇਸ ਵੇਦਨਾ ਨਾਲ ਪੰਘਰ ਆਇਆ, ਕੋਈ ਤਿੱਖੀ ਚੀਜ਼ ਉਸਦੇ ਅੰਦਰ ਜਾ ਧਸੀ, ਉਫ !

ਦੂਸਰੇ ਦਿਨ ਵੱਡੇ ਤੜਕੇ ਨੀਨਾ ਆਈ, ਪਹਿਲੇ ਉਹ ਦੌੜੀ ਦੌੜੀ ਸਟੂਡੀਓ ਵਲ ਗਈ। ਉਸਨੇ ਤੱਕਿਆ, ਸਾਰੀਆਂ ਬੱਤੀਆਂ ਉਸੇ ਤਰ੍ਹਾਂ ਜਗ ਰਹੀਆਂ ਹਨ ਤੇ ਕਲਾਕਾਰ ਜਿਥੇ ਰਾਤ ਖੜਾ ਸੀ, ਉਥੇ ਹੀ ਲੁੜ੍ਹਕ ਕੇ ਗਠੜੀ ਬਣਿਆ ਪਿਆ ਹੈ। ਉਸਦਾ ਓਵਰਕੋਟ ਉਸ ਪ੍ਰਤਿਮਾਂ ਨੇ ਓਢਾਇਆ ਹੋਇਆ ਹੈ ਤੇ ਉਸ ਦੇ ਉਤੇ ਪਸ਼ਮੀਨੇ ਦੀ ਚਾਦਰ ਲਪੇਟੀ ਹਈ ਹੈ।

ਨੀਨਾ ਨੇ ਘਬਰਾ ਕੇ ਕਲਾਕਾਰ ਦੇ ਅਣਕੱਜੇ ਬਦਨ ਨੂੰ ਛੋਹਿਆ, ਦੇਖਿਆ ਕਿ ਉਹ ਵੀ ਬਰਫ ਵਾਂਙ ਠੰਢਾ ਹੋਇਆ ਪਿਆ ਹੈ, ਨੀਨਾ ਜਿਥੇ ਖਲੋਤੀ ਸੀ, ਉਥੇ ਹੀ ਧੜੰਮ ਕਰਦੀ ਡਿਗ ਪਈ। ਪਤਾ ਨਹੀਂ ਕਿਵੇਂ ਉਸਦਾ ਸਿਰ ਕਲਾਕਾਰ ਦੇ ਚਰਨਾਂ ਤੇ ਜਾ ਡਿੱਗਾ। ਮਾਨੋਂ ਉਹ ਵੀ ਕਲਾਕਾਰ ਦੀ ਵਿਸਮਾਦੀ ਅਖੰਡ ਸਮਾਧੀ ਦੀ ਛੂਹ ਅਨੁਭਵ ਕਰ ਰਹੀ ਸੀ।

-ਅਨੰਤ ਗੋਪਾਲ

❖ ❖ ❖

(੩) ਮੁਸਕ੍ਰਾਉਂਦੀ ਮੂਰਤੀ

'ਮੋਇਆਂ ਦਾ ਕਾਲਜ' ਵੇਖਣ ਗਿਆ ਸੀ। ਪੜ੍ਹੇ ਲਿਖਿਆਂ ਦੇ 'ਮਿਊਜ਼ੀਅਮ' ਨਾਮ ਦੀ ਨਿਸਬਤ ਆਮ ਲੋਕਾਂ ਦਾ 'ਮੋਇਆਂ ਦਾ ਕਾਲਜ' ਸ਼ਬਦ ਮੈਨੂੰ ਜ਼ਿਆਦਾ ਠੀਕ ਲਗਦਾ ਹੈ।

ਰੂੰ ਤੇ ਘਾਹ ਫੂਸ ਨਾਲ ਭਰੇ ਹੋਏ ਸਰੀਰ, ਮਣੀ ਵਰਗੀਆਂ ਚਮਕੀਲੀਆਂ ਅੱਖਾਂ ਵਾਲੇ ਮ੍ਰਿਗ, ਮੋਰ, ਬਘੇਲੇ, ਸ਼ੇਰ, ਬੱਕਰੇ-ਸਭ ਜਾਨਵਰ ਅਡੋਲ ਟਿਕੇ ਖਲੋਤੇ ਹਨ। ਇਹਨਾਂ ਨਿਰਜ਼ਿੰਦ ਜਾਨਵਰਾਂ ਦੀਆਂ ਜੋਤ-ਹੀਣ ਅੱਖੀਆਂ ਵਿਚੋਂ ਮੌਤ ਦੀ ਸ਼ਾਨ ਚਮਕਾਂ ਮਾਰ ਰਹੀ ਹੈ। ਉਹਨਾਂ ਦੀ ਖਾਮੋਸ਼ੀ ਵਿਚ ਕਾਲ ਦੇ ਸੰਖ ਦੀ ਅਵਾਜ਼ ਸੁਣਾਈ ਦੇ ਰਹੀ ਹੈ। ਇਹ ਪ੍ਰੇਤ ਪਿੰਜਰ ਮਾਨੋ ਜਮ ਰਾਜੇ ਦੀ ਤਾਕਤ ਨੂੰ ਆਪਣੀਆਂ ਚੁਪ-ਸੁਰਾਂ ਵਿਚ ਹੀ ਗੁਣਗੁਣਾ ਰਹੇ ਦਿਸਦੇ ਹਨ।

ਮੇਰੇ ਦਿਲ ਅੰਦਰ ਖਿਆਲ ਆਇਆ, 'ਸੰਸਾਰ ਹੀ ਮੋਇਆਂ ਦਾ ਕਾਲਜ' ਹੈ, ਜੀਉਂਦੇ ਪ੍ਰਾਣੀ ਵੀ ਆਖਰ ਇਹਨਾਂ ਵਰਗੇ ਹੀ ਹਨ, ਮੁਰਦਿਆਂ ਦੀਆਂ ਕਹਾਣੀਆਂ ਛੇੜਨ ਦੀ ਕੀ ਲੋੜ ਹੈ, ਇਹ ਦੁਨੀਆਂ ਹੀ 'ਮਸਾਣ-ਭੂਮੀ' ਹੈ। ਅਸੀਂ ਆਪਣੇ ਵੱਡਿਆਂ ਦੇ ਪਿੰਜਰਾਂ ਤੇ ਹੀ ਆਪਣੀ ਚਹਿਲ ਕਦਮੀ ਕਰ ਰਹੇ ਹਾਂ। ਮੁਰਦਿਆਂ ਦੀ ਖਾਕ ਵਿਚੋਂ, ਮਾਸ ਨੂੰ ਪਚਾ ਲੈਣ ਵਾਲੀ ਮਿਟੀ ਤੋਂ ਪੈਦਾ ਹੋਇਆ ਅਨਾਜ ਖਾ ਕੇ ਹੀ ਮੇਰਾ ਸਰੀਰ ਪੁਸ਼ਟ ਹੋ ਰਿਹਾ ਹੈ, ਮੈਨੂੰ ਪੈਦਾ ਕਰਨ ਵਾਲੇ ਹੀ ਮੇਰਾ ਭੋਜਨ ਬਣਦੇ ਰਹਿੰਦੇ ਹਨ। ਲੇਕਿਨ ਫਿਰ ਉਹੋ....ਕਹਾਣੀ ਚਲਦੀ ਹੈ।

ਅਜ ਮੇਰੀ ਛਾਤੀ ਤੇ ਖੇਡਣ ਵਾਲਾ, ਆਪ ਖੁਸ਼ ਤੇ ਮੈਨੂੰ ਖੁਸ਼ੀ ਦੇਣ ਵਾਲਾ ਮੇਰਾ ਪੁੱਤਰ ਕੱਲ ਮੇਰੇ ਸੀਨੇ ਦੀਆਂ ਹੱਡੀਆਂ ਨੂੰ ਪੈਰਾਂ ਹੇਠ ਦਬਾ ਕੇ ਲੰਘ ਜਾਵੇਗਾ। ਇਹ ਜ਼ਿੰਦਗੀ ਦੀ ਭਿਆਨਕ ਸੱਚਾਈ ਹੈ। ਇਹ ਕਾਲ ਭਗਵਾਨ ਦਾ ਪ੍ਰਤੱਖ ਚਮਤਕਾਰ ਹੈ।

ਸੌ ਫੁਟ ਲੰਮਾ ਤਿਮਿੰਗਲ ਲੋਹੇ ਦੀ ਜ਼ੰਜ਼ੀਰ ਨਾਲ ਲਟਕ ਰਿਹਾ ਹੈ, ਜਦੋਂ ਜੀਉਂਦਾ ਰਿਹਾ ਜੀਵੇਗਾ, ਉਦੋਂ ਇਸ ਕਿੰਨੇ ਹੀ ਜਹਾਜ਼ਾਂ ਨੂੰ ਡੁਬੋਇਆ ਹੋਵੇਗਾ। ਵੀਹ ਫੁਟ ਉਚਾ ਮਸਤ ਹਾਥੀ ਮਾਨੋਂ ਕੀਲਿਆ ਖੜਾ ਹੈ, ਪਰ ਇਸ ਨੂੰ ਜੀਉਂਦਿਆਂ ਕਿਸੇ ਬੰਨ੍ਹਣ ਦੀ ਹਿੰਮਤ ਕੀਤੀ ਹੋਵੇਗੀ? ਨਹੀਂ ! ਇਸ ਨੂੰ ਬੰਨ੍ਹਣ ਲਈ ਜਮ -ਫਾਹੀ ਦੀ ਖਾਸ ਲੋੜ ਸੀ।

ਜੀਵਨ ਦੇ ਕਈ ਨਿਖਰਵੇਂ ਰੰਗ ਦਿਖਾ ਦਿਖਾ ਕੇ ਖੁਸ਼ੀ ਵਿਚ ਨੱਚਣ ਵਾਲਾ ਮੋਰ, ਹੁਣ ਪ੍ਰੇਤ-ਚਿੰਨ੍ਹ ਦਿਖਾਉਂਦਾ ਹੋਇਆ ਮੌਤ ਦਾ ਨਾਚ ਕਰ ਰਿਹਾ ਹੈ। 'ਪ੍ਰੇਮ' ਦਾ ਨਾਦ ਕੂਕਣ ਵਾਲੀ ਕੋਇਲ 'ਮੌਤ' ਦੀ ਭਾਵਨਾ ਵਿੱਚ ਸੁਕ ਕੇ ਕਾਠ ਹੋ ਗਈ ਹੈ। ਮੌਤ ! ਮੌਤ ! ਐਸਾ ਕੋਈ ਥਾਂ ਹੈ, ਜਿਥੇ ਉਹ ਨਾ ਹੋਵੇ, ਸਭ ਥਾਂ ਉਹੋ ਸਵਾਸ ਲੈ ਰਹੀ ਹੈ, ਹਰ ਥਾਂ ਤੇ ਉਸੇ ਦੀ ਗੰਧ ਆ ਰਹੀ ਹੈ। ਹਾਇ ਭਗਵਾਨ!

ਮੌਤ ਹੀ ਭਗਵਾਨ ਹੈ, ਸਰਬ ਵਿਆਪਕ ਕਾਲ ਭਗਵਾਨ !

ਹਾਂ ! ਹਾਂ !! ਸਾਬਤੇ ਜੀਵਾਂ ਨੂੰ ਨਿਗਲ ਜਾਣ ਵਾਲੇ ਇਸ ਦਿਉ ਦਾ ਕੋਈ ਇਲਾਜ ਨਹੀਂ ਹੈ! ਹਾਇ, ਇਹਨਾਂ ਪ੍ਰੇਤ-ਪਿੰਜਰਾਂ ਦੇ ਦਰਸ਼ਨ! 'ਇਸ ਮਸਾਣ ਵਿਚ ਜ਼ਿਆਦਾ ਦੇਰ ਨਹੀਂ ਟਿਕਿਆ ਜਾ ਸਕਦਾ।' ਮੈਂ ਇਉਂ ਕਹਿੰਦਾ ਹੋਇਆ ਉਥੋਂ ਦੌੜ ਪਿਆ, ਪੈਰ ਨਾਲ ਕੋਈ ਚੀਜ਼ ਛੂਹੀ, 'ਸ਼ਾਇਦ ਮੈਂ ਜਮਰਾਜੇ ਨੂੰ ਹੀ ਨਾ ਛੂਹ ਬੈਠਾ ਹੋਵਾਂ' ਇਹ ਖਿਆਲ ਆਉਣ ਸਾਰ ਮੇਰਾ ਸਾਰਾ ਸਰੀਰ ਕੰਬ ਗਿਆ। ਚੰਗਾ ਹੋਇਆ, ਚੰਗਾ ਹੋਇਆ ਇਹ ਤਾਂ ਦਰਅਸਲ ਮ: ਬੁੱਧ ਦੀ ਮੂਰਤੀ ਸੀ ਮੈਨੂੰ ਹੁਣ ਪਤਾ ਲਗਾ ਮੈਂ ਤਾਂ 'ਸਿਲਪਸ਼ਾਲਾ' ਵਿਚ ਸਾਂ, ਮੂਰਤੀਆਂ ਕਤਾਰ ਬੰਨ੍ਹੀ ਖਲੋਤੀਆਂ ਸਨ।

ਮਰੇ ਹੋਏ ਚਮਗਿੱਦੜ ਤੇ ਉੱਲੂ ਨੂੰ ਵੇਖ ਕੇ ਮੈਂ ਦੌੜ ਉਠਿਆ, ਬੁਧ ਦੀ ਸ਼ਾਂਤਿ ਮੂਰਤ ਨੇ ਮੇਰੇ ਮਨ ਨੂੰ ਸ਼ਾਂਤੀ ਦਿੱਤੀ। ਬੜੀ ਹੈਰਾਨੀ ਭਰੀ ਨਜ਼ਰ ਤੇ ਸ਼ਰਧਾ ਭਗਤੀ ਨਾਲ ਮੈਂ ਇਹਨਾਂ ਮੂਰਤੀਆਂ ਨੂੰ ਵੇਖਦਾ ਚਲਿਆ ਆ ਰਿਹਾ ਸਾਂ। ਬੁਧ, ਸ਼ਿਵ, ਬ੍ਰਹਮਾ, ਵਿਸ਼ਨੂੰ, ਚੈਤੰਨ, ਦੇਵੀਆਂ, ਕਿਤਨੀਆਂ ਮੂਰਤੀਆਂ ਨੂੰ ਮੈਂ ਵੇਖਦਾ ਆਇਆ। ਇਥੇ ਵੀ ਸਾਰੇ ਖਾਮੋਸ਼ੀ ਛਾਈ ਹੋਈ ਸੀ, ਪਰ ਇਹ ਖਾਮੋਸ਼ੀ, ਸ਼ਾਂਤੀ ਅਮਰਤਾ ਦਾ ਚਿੰਨ੍ਹ ਸੀ। ਮੌਤ ਦੇ ਭੈ ਤੋਂ ਆਜ਼ਾਦ ਮੂਰਤੀਆਂ ਦਾ ਅਮਰ ਗੀਤ।

ਹਜ਼ਾਰਾਂ ਵਰ੍ਹਿਆਂ ਦੀਆਂ ਕੋਸ਼ਿਸ਼ਾਂ, ਹਜ਼ਾਰਾਂ ਕਲਾਕਾਰਾਂ ਦੇ ਸੁਪਨੇ ਇਹਨਾਂ ਪੱਥਰਾਂ ਵਿੱਚ ਪ੍ਰਕਾਸ਼ਵਾਨ ਹੋਏ ਹੋਏ ਹਨ। ਜੀਵਨ ਦੀ ਸੂਖਮਤਾ ਨੂੰ ਇਹਨਾਂ ਪੱਥਰਾਂ ਵਿੱਚ ਨਾ ਤੱਕਣਾ ਸੰਭਵ ਨਹੀਂ ਸੀ। ਨਾਸ਼ਮਾਨ ਮਨੁੱਖ ਦੇ ਅਮਰਤਾ ਪਾਉਣ ਦੀਆਂ ਸੰਗਰਾਮੀ ਕੋਸ਼ਸ਼ਾਂ ਵਿਚੋਂ ਇਹਨਾਂ ਮੂਰਤੀਆਂ ਦਾ ਜਨਮ ਹੋਇਆ ਹੈ, ਮੂਰਤੀ ਦੇ ਹਰ ਪਾਸੇ ਤੋਂ ਇਹ ਗੱਲ ਜ਼ਾਹਰ ਹੋ ਰਹੀ ਹੈ। ਸੁੰਦਰਤਾ ਦੇ ਪੁਜਾਰੀਆਂ ਲਈ ਤਾਂ 'ਨਾਸ਼' ਨਾਮ ਦੀ ਕੋਈ ਚੀਜ਼ ਹੀ ਹੁੰਦੀ ਨਹੀਂ।

ਇਉਂ ਹੈਰਾਨੀ ਵਿਚ ਮੈਂ ਟੁਰਦਾ ਆਇਆ। ਹਰ ਮੂਰਤੀ ਵਿਚ ਇਕ ਨਵੀਨਤਾ ਤੇ ਇਕ ਖਾਸ ਜੌਹਰ ਪਰਗਟ ਹੋ ਰਿਹਾ ਸੀ। ਕਿੰਨੀਆਂ ਕਲਪਨਾਵਾਂ ਮੇਰੇ ਮਨ ਵਿਚ ਉਠੀਆਂ। ਦਿਲ ਵਿਚ ਇਕ ਅਜੰਬ ਖੁਸ਼ੀ ਦੀ ਲਹਿਰ ਦੌੜ ਗਈ, ਜਦੋਂ ਮੈਂ ਇਕ ਕੋਨੇ ਵਲ ਨੂੰ ਮੁੜਨ ਲਗਿਆਂ ਇਕ ਮੋਰਨੀ ਨੇ ਆਪਣੀ ਗੁੰਗੀ ਸੁੰਦਰਤਾ ਨਾਲ ਮੈਨੂੰ ਆਪਣੇ ਵਲ ਖਿਚ ਲਿਆ, ਮੈਂ ਰੁਕ ਨਾ ਸਕਿਆ ਜਿਵੇਂ ਕੋਈ ਮੈਨੂੰ ਮੱਲੋਮੱਲੀ ਖਿੱਚੀ ਜਾ ਰਿਹਾ ਹੋਵੇ।

ਲੱਛਮੀ ਦੇ ਪਾਸ ਟਿਕਾਈ ਹੋਈ ਇਹ ਮੂਰਤੀ, ਲੱਛਮੀ ਨਾਲ ਪੈਦਾ ਹੋਏ ਅੰਮ੍ਰਿਤ ਵਾਂਗ ਅਮਰ ਸੀ। ਇਹ ਇਕ ਰੂਹਾਨੀ ਬੱਚੇ ਦੀ ਮੂਰਤੀ ਸੀ। ਬੱਚੇ ਸਦਾ ਰੂਹਾਨੀ ਹੀ ਹੁੰਦੇ ਹਨ। ਮਾਨੋ ਉਸ ਤੇ ਸਿਰਜਣਹਾਰ ਨੇ ਸਾਰੀ ਸੁੰਦਰਤਾ ਖੁਸ਼ੀ ਵਿੱਚ ਡੋਲ੍ਹ ਛੱਡੀ ਹੋਵੇ। ਮੈਂ ਸੋਚਿਆ ਇਸ ਮੂਰਤੀ ਨੂੰ ਛੈਣੀ ਨਾਲ ਤਰਾਸ਼ ਕੇ ਨਹੀਂ ਬਣਾਇਆ ਹੋਵੇਗਾ, ਤੇ ਨਾ ਹੀ ਕਲਾਕਾਰ ਦਾ ਇਸ ਨੂੰ ਜ਼ੋਰ ਨਾਲ ਦਬਾਉਣ ਨੂੰ ਜੀ ਕੀਤਾ ਹੋਵੇਗਾ, ਅਗਰ ਘੁਟਿਆ ਵੀ ਹੋਊ, ਉਸ ਦੀ ਆਤਮਾ ਤੜਪ ਉਠੀ ਹੋਵੇਗੀ ਘੁਟਣ ਵਾਲੇ ਦੀ। ਇਸ ਮੁਸਕ੍ਰਾਉਂਦੇ ਚਿਹਰੇ ਨੂੰ ਦਬਾਉਣ ਲਈ ਉਸਨੂੰ ਬਹੁਤ ਘਾਲ ਘਾਲਣੀ ਪਈ ਹੋਵੇਗੀ। ਇਸਦਾ ਦਰਸ਼ਨ ਇਕ ਲੰਮੀ ਕਹਾਣੀ ਮੇਰੇ ਅੱਗੇ ਛੇੜ ਰਿਹਾ ਹੈ, ਇਸ ਮੂਰਤੀ ਦੀ ਜਨਮ-ਕਥਾ।

''ਇਸ ਮੂਰਤੀ ਦੀ ਕਥਾ ਮੈਂ ਜ਼ਰੂਰ ਪੜ੍ਹਨੀ ਹੈ, ਇਸਦਾ ਕਥਾ-ਪੱਤ੍ਰ ਕਿਥੇ ਹੈ, ਹਾਂ, ਹਾਂ! ਔਹ ਹੈ, ਇਹ ਕਹਿੰਦਾ ਹੋਇਆ ਮੈਂ ਉਸ ਨੂੰ ਪੜ੍ਹਨ ਲਗ ਪਿਆ।

❖ ❖ ❖

ਕਈ ਦਿਨ ਪਹਿਲੇ ਦੀ ਗੱਲ ਹੈ, ਅਮਰਨਾਥ ਨਾਮ ਦਾ ਮੂਰਤੀਕਾਰ ਉਥੇ ਰਹਿੰਦਾ ਸੀ, ਜੋ ਕਿ ਪੱਥਰਾਂ ਵਿੱਚ ਬਹੁਤ ਬਾਰੀਕ ਕਲਾ ਨਾਲ ਔਖੇ ਔਖੇ ਭਾਵਾਂ ਨੂੰ ਵੀ ਚਿਤ੍ਰਿਤ ਕਰ ਛਡਦਾ ਸੀ। ਦੌਲਤ ਉਸ ਪਾਸ ਬੇਅੰਤ ਸੀ, ਚੰਗੀ ਮਨਭਾਉਂਦੀ ਉਸਦੀ ਪਤਨੀ ਸੀ, ਪਰ ਇਕ ਘਾਟਾ ਸੀ ਕਿ ਉਨ੍ਹਾਂ ਦੇ ਘਰ ਪੁੱਤਰ ਕੋਈ ਨਹੀਂ ਸੀ।

ਇਹ ਤਾਂ ਉਸਨੂੰ ਕੋਈ ਪ੍ਰਵਾਹ ਨਹੀਂ ਸੀ ਕਿ ਮੇਰੇ ਮ਼ਰਨ ਬਾਅਦ ਪਿੰਡ ਕੌਣ ਭਰਾਏਗਾ। ਹਾਂ, ਇਹ ਖਿਆਲ ਉਸਦੇ ਦਿਲ ਵਿਚ ਕਈ ਵੇਰ ਆਉਂਦਾ, ''ਆਪਣਾ ਨਾਮ ਕਾਇਮ ਰੱਖਣ ਲਈ ਬੱਚੇ ਦਾ ਹੋਣਾ ਜ਼ਰੂਰੀ ਸੀ।'' ਹਾਂ, ਜਿਤਨਾ ਚਿਰ ਦੁਨੀਆਂ ਦੀ ਲੜੀ ਚਲ ਰਹੀ ਹੈ, ਉਸ ਦੀ ਬੰਸ ਲੜੀ ਨੂੰ ਵੀ ਕੋਈ ਚਾਹੀਦਾ ਹੀ ਸੀ ਨਾ। ਉਸਦਾ ਖਿਆਲ ਸੀ ਉਸਦੇ ਸਰੀਰ ਦਾ ਪ੍ਰਛਾਵਾਂ ਦੇਰ ਤਕ ਪੈਂਦਾ ਰਹੇ ਪਰੰਤੂ ਉਸ ਦੇ ਮਨ ਦੀ ਅਵਸਥਾ ਨੂੰ ਤੱਕ ਕੇ ਇਹ ਘਟ ਤੋਂ ਘਟ ਅਗਲੀ ਪੀਹੜੀ ਤੱਕ ਵੀ ਅੱਖੀਆਂ ਉਘਾੜ ਕੇ ਤੱਕ ਸਕੇਗੀ ਕਿ ਨਹੀਂ।

ਰੱਬ ਨੇ ਉਸ ਦਾ ਇਹ ਘਾਟਾ ਵੀ ਪੂਰਾ ਕਰ ਦਿੱਤਾ, ਆਪਣੇ ਆਪ ਨੂੰ ਸਾਰੇ ਰੂਪਾਂ ਵਿਚ ਤੱਕਣ ਵਾਲਾ ਮਾਨੋ ਉਸ ਪਾਸ ਬੱਚਾ ਬਣ ਕੇ ਆ ਗਿਆ, ਤਾਂ ਕਿ ਕਲਾਕਾਰ ਦਾ ਮਨ ਸੰਤੁਸ਼ਟ ਹੋ ਸਕੇ।

ਉਸ ਬੱਚੇ ਦੇ ਚਿਹਰੇ ਤੇ ਕੈਸੀ ਚਮਕ ਸੀ। ਕਲਾਕਾਰ ਦੇ ਮਨ ਵਿਚ ਆਈ ਵੇਦਨਾ ਵਾਂਗੂੰ ਉਹ ਬੱਚਾ ਰੋਜ਼ ਉਮਰ ਦੀ ਪਉੜੀ ਚੜ੍ਹਦਾ ਜਾ ਰਿਹਾ ਸੀ। ਖੁਦ ਕਲਾਕਾਰ ਨੇ ਵੀ ਸਾਰੀ ਢੂੰਡ ਭਾਲ ਤੋਂ ਬਾਅਦ ਉਸ ਬੱਚੇ ਦੀ ਮੁਸਕ੍ਰਾਹਟ ਵਿਚੋਂ ਮਾਨੋ ਕੋਈ ਦੁਰਲਭ ਚੀਜ਼ ਹਾਸਲ ਕੀਤੀ ਸੀ। ਜੋ ਔਖੇ ਸਵਾਲ ਕਲਾਕਾਰ ਹੱਲ ਨਹੀਂ ਸੀ ਕਰ ਸਕਦਾ, ਉਹ ਹੌਲੀ ਹੌਲੀ ਸਾਰੇ ਉਸ ਅੱਗੇ ਖੁਲ੍ਹਦੇ ਗਏ।

ਇਸ ਨਵੇਂ ਉਤਸ਼ਾਹ ਤੇ ਚਾ ਵਿਚ ਉਸ ਨੇ ਆਪਣੇ ਇਕ ਨਵੇਂ ਮਹਾਂ ਕਾਵਯ ਦੀ ਰਚਨਾ ਸ਼ੁਰੂ ਕੀਤੀ, ਹੁਣ ਉਹ ਇਕ ਬੱਚੇ ਦੀ ਮੂਰਤੀ ਘੜਨ ਲਗਿਆ। ਉਸ ਦਾ ਖਿਆਲ ਆਪਣੇ ਉਤਸ਼ਾਹੀ ਭਾਵਾਂ ਨੂੰ 'ਪੱਥਰ-ਚਿਤ੍ਰ' ਵਿਚ ਪੂਰੀ ਤਰ੍ਹਾਂ ਉਲੀਕਕੇ ਰੱਖ ਦੇਣ ਦਾ ਸੀ।

ਹੱਥ, ਅੱਖਾਂ, ਮਨ, ਦਿਲ ਸਭ ਇਸ ਕੰਮ ਵਿਚ ਜੁਟ ਗਏ। ਊਸ਼ਾ ਦੀ ਲਾਲੀ ਵਾਂਗ ਕਾਲੇ ਪੱਥਰ ਵਿਚੋਂ ਇਕ ਸੁਨਹਿਰੀ ਰੌਸ਼ਨੀ ਜਗਣ ਲੱਗੀ। ਜੜ੍ਹ ਪੱਥਰ ਵਿਚ ਜ਼ਿੰਦਗੀ ਦਾ ਸੰਚਾਰ ਹੋਣਾ ਸ਼ੁਰੂ ਹੋਇਆ, ਕਲਾਕਾਰ ਮਾਨੋ ਆਪਣੇ ਪ੍ਰਾਣ ਦੇ ਕੇ ਉਸ ਨੂੰ ਜੀਉਂਦਾ ਕਰ ਰਿਹਾ ਹੈ। ਉਸ ਨੂੰ ਖਿਆਲ ਸੀ ਕਿ ਅਜਿਹੀ ਕੋਈ ਚੀਜ਼ ਨਹੀਂ, ਜਿਸ ਵਿਚ ਉਹ ਪ੍ਰਾਣ ਨਾ ਪਾ ਸਕਦਾ ਹੋਵੇ।

ਇਉਂ ਦੋਵੇਂ ਬੱਚੇ ਉਸ ਦੀ ਖੁਸ਼ੀ ਨਾਲੋਂ ਸ਼ਰਤਾਂ ਲਾ ਲਾ ਕੇ ਵਧ ਰਹੇ ਸਨ। ਮੂਰਤੀ ਦਾ ਤਕਰੀਬਨ ਸਾਰਾ ਕੰਮ ਹੀ ਖਤਮ ਹੋ ਚੁਕਿਆ ਸੀ। ਮੂੰਹ ਤੇ ਮੁਸਕ੍ਰਾਹਟ ਲਿਆਉਣ ਲਈ ਉਸਨੂੰ ਕਿਤਨੀ ਮੇਹਨਤ ਕਰਨੀ ਪਈ, ਉਹ ਉਸ ਮੁਸਕਾਨ ਨੂੰ ਛੋਹ ਰਿਹਾ ਸੀ, ਆਖਰ ਉਸ ਹਸਦੇ ਖੇਲਦੇ ਬੱਚੇ ਨੂੰ ਆਪਣੀ ਗੋਦ ਵਿੱਚ ਲੈ ਲਿਆ। ਪਿਤਾ ਦੇ ਨਾਤੇ ਉਸ ਦੋਹਾਂ ਬੱਚਿਆਂ ਨੂੰ ਨੀਝ ਲਾ ਕੇ ਤੱਕਿਆ। ਉਸ ਦੇ ਦਿਲ ਵਿਚ ਬੜੀ ਖੁਸ਼ੀ ਪੈਦਾ ਹੋਈ, ਕੁਛ ਕੁਛ ਫਖਰ ਵੀ ਪੈਦਾ ਹੋਇਆ। 'ਸਭ ਜਗ ਚਲਣਹਾਰ' ਵਾਲੇ ਸੰਸਾਰ ਵਿਚ ਅਮਰ ਹੋਣ ਦੇ ਖਿਆਲ ਨਾਲ ਦੋਵੇਂ ਬੱਚੇ ਇਕ ਦੂਜੇ ਵਲ ਤੱਕ ਰਹੇ ਸਨ। ਉਸ ਦਾ ਆਪਣਾ ਲਹੂ ਜਿਗਰ ਦਾ ਟੁਕੜਾ, ਉਹ ਬੱਚਾ ਸੁਪਨੇ ਵਿੱਚ ਉਸ ਦੇ ਹੱਥ ਨੂੰ ਛੂਹ ਰਿਹਾ ਸੀ, ਕਲਪਨਾ ਤੇਆਤਮਾ ਤੋਂ ਪੈਦਾ ਹੋਇਆ ਬੱਚਾ ਮਧੁਰ ਚਾਨਣੀ ਦੀ ਤਰ੍ਹਾਂ ਉਜਾਗਰ ਹੋ ਰਿਹਾ ਸੀ।

ਅਮਰਨਾਥ ਦਾ ਮਾਨ, ਆਖਰ ਹੱਦਾਂ ਟੱਪ ਗਿਆ। ਉਹ ਉਚੀ ਪੁਕਾਰਨ ਲੱਗਾ, - 'ਮੈਂ ਮਨੁੱਖ ਹਾਂ, ਪਰ ਅਮਰ ਮਨੁੱਖ। ਮੈਂ ਮਰਨ ਲਈ ਨਹੀਂ ਜੰਮਿਆ,

ਮੇਰਾ ਲਹੂ ਇਸ ਬੱਚੇ ਵਿੱਚ ਸਿੰਚਰ ਰਿਹਾ ਹੈ, ਮੇਰੀ ਆਤਮਾ ਦਾ ਸੰਚਾਰ ਇਸ ਪੱਥਰ ਦੇ ਬੁੱਤ ਵਿਚ ਹੋ ਰਿਹਾ ਹੈ। ਮੇਰਾ ਮਾਸ ਇਕ ਬੱਚੇ ਦੀ ਸੂਰਤ ਵਿੱਚ ਪਲਟ ਗਿਆ ਹੈ, ਹੁਣ ਇਹ ਨਹੀਂ ਮਰੇਗਾ। ਮੇਰੀ ਆਤਮਾ ਦੀ ਤੜਪ ਨੂੰ ਇਹ ਪੱਥਰ ਸੁਣਾਉਂਦਾ ਰਹੇਗਾ, ਮੈਨੂੰ ਹੋਰ ਕੀ ਚਾਹੀਦਾ ਹੈ, ਮੈਂ ਅਮਰ ਹਾਂ, ਮਰਾਂਗਾ ਨਹੀਂ। ਬਸ !"

ਅਚਾਨਕ ਦਰਵਾਜ਼ਾ ਖੁਲ੍ਹਿਆ ਤੇ ਯਮਰਾਜ ਆ ਪ੍ਰਗਟ ਹੋਇਆ। ਅਮਰਨਾਥ ਦਾ ਦਿਲ ਧੜਕਣ ਲਗ ਪਿਆ, ਗਲਾ ਭਰ ਆਇਆ, ਯਮ ਦੇ ਬੇਮੌਕੇ ਆਉਣ ਤੇ ਅਮਰਨਾਥ ਦੇ ਮਨ ਨੂੰ ਬੜਾ ਦੁਖ ਹੋਇਆ।

ਯਮ ਅਮਰਨਾਥ ਦੇ ਪਰਿਵਾਰ ਦਾ ਜਨਮ ਦਾ ਵੈਰੀ ਸੀ, ਇਸ ਦੇ ਪਰਵਾਰ ਵਿਚੋਂ ਕੋਈ ਵੀ ਅਮਰ ਪਦਵੀ ਪਾਵੇ, ਉਹ ਯਮ ਨੂੰ ਨਹੀਂ ਭਾਉਂਦਾ ਸੀ। ਸਭ ਦੇ ਸਰਵਨਾਸ਼ ਹੋ ਕੇ ਮਿਟੀ ਵਿਚ ਮਿਲ ਜਾਣ ਨਾਲ ਹੀ ਉਸ ਨੂੰ ਰੱਜ ਆਉਂਦਾ ਸੀ। ਬਸ ਉਸ ਦੀ ਇਹੋ ਇੱਛਾ ਸੀ ਕਿ ਮੇਰਾ ਪਰਵਾਰ ਸਦਾ ਅਮਰ ਰਹੇ।'

ਇਸ ਲਈ ਜਦੋਂ ਸਾਰਾ ਕੰਮ ਸੰਪੂਰਨ ਕਰਕੇ ਅਮਰਨਾਥ ਆਪਣਾ ਨਾਮ ਸਤਾਰਿਆਂ ਨਾਲ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ, ਐਨ ਉਸੇ ਵੇਲੇ ਯਮ ਆ ਧਮਕਿਆ।

ਕਲਾਕਾਰ ਅਤਿਥੀ ਨਾਲ ਲੜਨਾ ਨਹੀਂ ਸੀ ਚਾਹੁੰਦਾ ਪਰ ਉਸ ਦੇ ਮਨ ਵਿੱਚ ਜ਼ਰੂਰ ਗੁੱਸਾ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਇਹ ਨਾ-ਮੁਮਕਿਨ ਹੈ, ਯਮ ਦੀ ਤਾਕਤ ਵੀ ਜ਼ਿਆਦਾ ਸੀ, ਉਸ ਵਰਗਾ ਹੋਰ ਕੌਣ ਹੋ ਸਕਦਾ ਸੀ, ਇਸ ਲਈ ਕਲਾਕਾਰ ਨੇ ਮੁਸਕਰਾਂਦਿਆਂ ਹੋਇਆ ਉਸ ਦਾ ਸੁਆਗਤ ਕੀਤਾ।

'ਆ ਗਏ' ਕਲਾਕਾਰ ਨੇ ਪੁਛਿਆ। ਇਸ ਪੁੱਛ ਵਿਚ ਉਸ ਦੀ ਕਮਜ਼ੋਰੀ ਟੁਕੜੇ ਟੁਕੜੇ ਹੋਈ ਆਸਾਂ ਦੀ ਆਵਾਜ਼ ਵਿਚ ਸਾਫ ਮਲੂਮ ਹੋ ਰਹੀ ਸੀ।

'ਹਾਂ, ਆ ਗਿਆ ! ਤੂੰ ਕੀ ਸੋਚਦਾ ਸੀ, ਨਹੀਂ ਆਵਾਂਗਾ। ਮੂਰਖ ! ਇਤਨਾ ਗਰਬ ! ਤੇਰੀ ਕੁਲ ਕੇਹੜੀ ਤੇ ਆਰੀਅਨ, ਸੂਰਜ ਬੰਸੀ, ਚੰਦਰ ਬੰਸੀ! ਨਹੀਂ ਇਕ ਮਿਟੀ ਦਾ ਗੋਲਾ। ਤੂੰ ਚੰਨ ਸੂਰਜ ਨਾਲ ਮੁਕਾਬਲੇ ਕਰ ਰਿਹਾ ਹੈਂ! ਮੈਂ ਤੇਰੇ ਹੁਣੇ ਟੋਟੇ ਟੋਟੇ ਕਰ ਦਿਆਂਗਾ"। ਯਮ ਦੀ ਇਸ ਗਰਜ ਵਿਚ, ਇਸ ਹਾਸੀ ਵਿਚ ਮੌਤ ਖਿੜ ਖਿੜਾ ਕੇ ਹੱਸ ਰਹੀ ਸੀ।

"ਇਧਰ ਕਿਸ ਲਈ ਆਏ?" ਅਮਰਨਾਥ ਨੇ ਪੁਛਿਆ, ਜਿਵੇਂ ਕੁਛ

ਜਾਣਦਾ ਹੀ ਨਾ ਹੋਵੇ।

ਕਿਉਂ ! ਕਿਸ ਲਈ? ਤੇਰੇ ਨਾਂ ਨੂੰ ਮਿੱਟੀ ਵਿਚ ਮਿਲਾਉਣ ਲਈ ਇਹ ਦੇਖ ! ਹੁਣੇ ਤੇਰਾ ਨਾਮ ਨਿਸ਼ਾਨ ਮਿਟਦਾ। ਤੇਰੀ ਕੀਰਤੀ ਧਰਤੀ ਤੇ ਅੰਕਤ ਹੋਣ ਤੋਂ ਪਹਿਲਾਂ ਹੀ ਮਿਟ ਜਾਵੇਗੀ। ਤੇਰੇ ਬੱਚੇ ਦੀਆਂ ਮੂਰਤਾਂ ਦਾ ਕੀ ਹਾਲ ਹੁੰਦਾ ਹੈ, ਜ਼ਰਾ ਹੁਣੇ ਵੇਖ।

ਅਮਰਨਾਥ ਘਬਰਾ ਗਿਆ, 'ਈਰਖਾਲੂ ਦੇਉ' ਮੇਰੇ ਬੱਚੇ ਨੂੰ ਚਾਹੇਂ ਤਾਂ ਮਾਰ ਸਕਦਾ ਹੈਂ, ਪਰ ਮੇਰੇ ਸੁਪਨਿਆਂ ਵਿਚ ਘੜੇ ਉਸ ਬੁਤ ਨੂੰ ਤੂੰ ਮੇਰੇ ਪ੍ਰੇਮ, ਚਾਉ ਲਗਨ, ਮਧੁਰ ਸੁਪਨੇ ਨੂੰ ਕਿਵੇਂ ਮੇਟ ਸਕਦਾ ਹੈਂ । ਓ ਦੇਂਤ ! ਵੇਖੀਂ ਤੂੰ ਕਿਵੇਂ ਧੋਖਾ ਖਾਂਦਾ ਹੈਂ ! ਤੈਨੂੰ ਪਤਾ ਹੈ ਮੈਂ ਕੌਣ ਹਾਂ? ਲੈ ਜਾ ਮੇਰੇ ਬੱਚੇ ਨੂੰ, ਮਗਰ ਉਸ ਬੁਤ ਪਾਸ ਮਤ ਜਾਣਾ।

"ਹਾਇ ਹਾਇ ! ਇਹ ਕੀ ਆਖਿਆ ਤੁਸੀਂ? ਮੇਰੇ ਬੱਚੇ ਨੂੰ ਤੁਸੀਂ ਯਮ ਦੇ ਹਵਾਲੇ ਕਰਨਾ ਚਾਹੁੰਦੇ ਹੋ? ਓ ਹਤਿਆਰੇ ! ਇਸ ਬੱਚੇ ਨੂੰ ਮਤ ਹੱਥ ਲਾਉਣਾ, ਚਾਹੇ ਤਾਂ ਉਸ ਪੱਥਰ ਦੇ ਬੁੱਤ ਨੂੰ ਲਿਜਾ ਸਕਦਾ ਹੈਂ"। ਅਮਰਨਾਥ ਦੀ ਪਤਨੀ ਨੇ ਜ਼ੋਰ ਨਾਲ ਗਰਜ ਕੇ ਕਿਹਾ।

'ਸੁੰਦਰੀ ! ਕੀ ਤੂੰ ਵੇਖ ਨਹੀਂ ਰਹੀ, ਮੇਰਾ ਵੀ ਸਰੀਰ ਕੰਬ ਰਿਹਾ ਹੈ, ਉਸ ਪਾਸ ਫਰਿਆਦ ਨਾ ਲਾ, ਲੈ ਜਾਣ ਦੇ ਉਸ ਨੂੰ ਬੱਚੇ ਨੂੰ। ਮੈਨੂੰ ਫਿਕਰ ਨਹੀਂ, ਇਸ ਨਾਲ ਉਸਦਾ ਕੰਮ ਨਹੀਂ ਪੂਰਾ ਹੋਵੇਗਾ। ਉਹ ਮੈਨੂੰ ਖਤਮ ਕਰਨਾ ਚਾਹੁੰਦਾ ਹੈ, ਪਰ ਮੈਂ ਤਾਂ ਅਮਰ ਹਾਂ, ਕੋਈ ਵੀ ਮੈਨੂੰ ਮਿਟਾ ਨਹੀਂ ਸਕਦਾ। ਇਹੋ ਬੁਤ ਹੀ ਇਸ ਗੱਲ ਦਾ ਗਵਾਹ ਹੈ, ਮੇਰੀ ਆਤਮਾ ਇਸ ਬੁਤ ਵਿਚ ਆ ਕੇ ਨਵੇਂ ਸਿਰਿਓਂ ਪ੍ਰਫਲਤ ਹੋ ਚੁਕੀ ਹੈ, ਆਤਮਾ ਨਹੀਂ ਨਾਸ ਹੋ ਸਕਦੀ, ਸਰੀਰ ਦੇ ਨਾਸ ਨਾਲ ਕੁਝ ਵਿਗੜ ਨਹੀਂ ਚੱਲਿਆ। ਇਹ ਬੁਤ ਵੀ ਤਾਂ ਮੈਂ ਹੀ ਹਾਂ।

ਯਮਰਾਜ ਮੂਰਤੀ ਦੇ ਪਾਸ ਆਇਆ, ਉਸ ਨੇ ਨੀਝ ਲਾ ਕੇ ਤੱਕਿਆ, 'ਇਹ ਅਮਿਟ, ਅਬਿਨਾਸ਼ੀ, ਅਛੇਦ, ਅਮਰ, ਨਿਤ, ਅਚਲ ਤੇ ਸਨਾਤਨ ਹੈ'। ਪਤਾ ਨਹੀਂ ਬੱਚੇ ਦੀ ਸੁੰਦਰਤਾ ਵੇਖ ਕੇ ਹੀ ਉਸ ਨੂੰ ਰਹਿਮ ਆ ਗਿਆ, ਜਾਂ ਉਸ ਵਿਚ ਸ਼ਕਤੀ ਹੀ ਕੁਛ ਘਟ ਸੀ, ਯਮ ਰਾਜਾ ਲੱਜਤ ਹੋ ਗਿਆ। ਸਿਰਫ ਅਮਰਨਾਥ ਦੇ ਬੱਚੇ ਨੂੰ ਲੈ ਕੇ ਹੀ ਚਲਿਆ ਗਿਆ।

"ਹਾਇ ! ਹਾਇ ! ਮੇਰਾ ਬੱਚਾ !" ਕਹਿਕੇ ਉਸਦੀ ਪਤਨੀ ਨੇ ਬਹੁਤ

ਵਿਰਲਾਪ ਕੀਤਾ। 'ਮੇਰਾ ਬੱਚਾ, ਮੇਰਾ ਬੱਚਾ' ਕਹਿ ਕੇ ਅਮਰਨਾਥ ਨੇ ਉਸ ਪੱਥਰ ਦੀ ਮੂਰਤੀ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ।

❖ ❖ ❖

"ਇਤਨੀ ਦੇਰ ਦੇ ਤੁਸੀਂ ਕੀ ਵੇਖ ਰਹੇ ਹੋ"? ਇਹ ਮੇਰੇ ਮਿਤ੍ਰ ਨੀਲ ਕੰਠ ਦੀ ਆਵਾਜ਼ ਸੀ, ਜੋ ਮਿਊਜ਼ੀਅਮ ਵੇਖਣ ਲਈ ਆਏ ਸਨ। ਮੈਂ ਉਨ੍ਹਾਂ ਨੂੰ ਆਪਣੇ ਵਲ ਸੱਦਿਆ। ਉਹ ਕਹਿਣ ਲਗੇ ਇਸ ਮੂਰਤੀ ਦਾ ਤਾਂ ਕੋਈ ਹਾਲ ਚਾਲ ਵੀ ਕਿਸੇ ਨਹੀਂ ਲਿਖਿਆ ਨਜ਼ਰ ਆਉਂਦਾ। ਮੈਂ ਆਖਿਆ, "ਤੁਹਾਨੂੰ ਪਤਾ ਹੈ ਇਸ ਮੁਸਕ੍ਰਾਹਟ ਦਾ ਕੀ ਮਤਲਬ ਹੈ, ਇਹ ਬੱਚਾ ਯਮਰਾਜੇ ਨੂੰ ਵੇਖਕੇ ਹੱਸ ਰਿਹਾ ਹੈ। ਨਾਸ਼ ਹੋਣ ਵਾਲੇ ਮਨੁੱਖ ਦੀ ਅਮਰ ਹੋਣ ਦੀ ਇੱਛਾ ਇਸ ਦੀ ਆਤਮਾ ਵਿਚ ਆ ਬਿਰਾਜੀ ਹੈ"। ਪਰ ਇਹ ਹੋ ਕਿਵੇਂ ਸਕਦਾ ਹੈ, ਇਸ ਦਾ ਜਵਾਬ ਇਹ ਮੂਰਤੀਆਂ ਦੇ ਰਹੀਆਂ ਹਨ। ਇਹ ਇੰਦਰ, ਬ੍ਰਹਮਾ, ਬਿਸ਼ਨੂ, ਦੇਵੀ ਦੇਵਤੇ ਕੌਣ ਹਨ? ਇਹ ਅਮਰ ਪਦਵੀ ਪਾਉਣ ਵਾਲੇ ਸਭ ਅਮਰ ਕਲਾਕਾਰ ਹਨ। ਕਲਾਕਾਰ ਦਾ ਟਿਕਾਣਾ ਰੱਬ ਪਾਸ ਹੈ। ਇਹ ਬੱਚੇ ਦਾ ਬੁਤ ਤੋਤਲੀ ਜ਼ਬਾਨ ਵਿਚ ਮੁਸਕ੍ਰਾਉਂਦਾ ਹੋਇਆਂ ਕਹਿ ਰਿਹਾ ਹੈ, - "ਓ ਇਨਸਾਨ ! ਤੈਨੂੰ ਵੇਖਦੇ ਯਮ ਹੱਸਦਾ ਹੈ? ਤੂੰ ਮੈਨੂੰ ਤੱਕ ਕੇ ਹੌਸਿਆ ਕਰ। ਮੈਂ ਅਮਰ ਹਾਂ, ਅਮਰ ਕਲਾਕਾਰ ਦਾ ਬੱਚਾ। ਨਹੀਂ ਖੁਦ ਅਮਰਨਾਥ !'

-ਸੁਚਿਦੰਬਰ ਬਾਂਸਲ

❖ ❖ ❖

(੪) ਕਲਾ ਦੀ ਕੀਮਤ

ਤੁਹਾਨੂੰ ਪਤਾ ਹੀ ਹੈ ਕਿ ਚੀਨ ਦਾ ਬਾਦਸ਼ਾਹ ਇਕ ਚੀਨੀ ਹੀ ਹੈ ਉਸੇ ਤਰ੍ਹਾਂ ਇਸ ਦੇ ਦਰਬਾਰੀ ਅਮੀਰ ਵਜ਼ੀਰ ਵੀ ਸਭ ਚੀਨ ਦੇਸ਼ ਦੇ ਹੀ ਵਸਨੀਕ ਹਨ।

ਇਹ ਗੱਲ ਭਾਵੇਂ ਬਹੁਤ ਪੁਰਾਣੇ ਜ਼ਮਾਨੇ ਦੀ ਹੈ ਫਿਰ ਵੀ ਕਹਾਣੀ ਸੁਣਨ ਵਾਲੀ ਹੈ।

ਚੀਨ ਦੇ ਬਾਦਸ਼ਾਹ ਦਾ ਮਹੱਲ ਸੰਸਾਰ ਦੇ ਅਸਚਰਜਤਾ-ਭਰੇ ਮਹਿਲਾਂ ਵਿਚੋਂ ਇਕ ਸੀ। ਉਸ ਦੀਆਂ ਦੀਵਾਰਾਂ, ਫਰਸ਼ ਤੇ ਛੱਤਾਂ ਸਭ ਕੁਝ ਚਿੱਟੀ ਚਿੱਟੀ

ਚੀਨੀ ਮਿਟੀ ਦਾ ਹੀ ਬਣਿਆ ਹੋਇਆ ਸੀ, ਇਹ ਸਾਰਾ ਸਾਮਾਨ ਬਹੁਤ ਕੀਮਤੀ ਤੇ ਨਾਜ਼ਕ ਸੀ, ਮਾਮੂਲੀ ਠੋਕਰ ਨਾਲ ਹੀ ਇਸ ਦੇ ਟੁਟ ਜਾਣ ਦਾ ਡਰ ਰਹਿੰਦਾ ਸੀ।

ਸ਼ਾਹੀ ਬਗੀਚਾ ਬੜੇ ਸੁੰਦਰ ਫੁਲਾਂ ਨਾਲ ਸਜਿਆ ਹੋਇਆ ਮਹਿਕਾਂ ਦੇ ਰਿਹਾ ਸੀ। ਹਰ ਫੁਲ ਦੀ ਡਾਲੀ ਨਾਲ ਨਿਕੇ ਨਿਕੇ ਚਾਂਦੀ ਦੇ ਘੁੰਗਰੂ ਬੰਨ੍ਹੇ ਹੋਏ ਸਨ ਜਿਨ੍ਹਾਂ ਦੀ ਪੌਣ ਵੇਗ ਨਾਲ ਪੈਦਾ ਹੋਈ ਮਧੁਰ ਛਣਕਾਰ ਮੱਲੋਮੱਲੀ ਟੁਰੇ ਜਾਂਦੇ ਮਸਾਫਰ ਨੂੰ ਆਪਣੇ ਵਲ ਖਿਚ ਲੈਂਦੀ ਸੀ ਤੇ ਉਹ ਬੇਚਾਰਾ ਅਗੇ ਕਦਮ ਰਖਣੋਂ ਬਬਸ ਹੋ ਜਾਂਦਾ ਸੀ।

ਇਹ ਬਾਗ ਇਤਨਾ ਲੰਮਾ ਚੌੜਾ ਸੀ ਕਿ ਖੁਦ ਮਾਲੀ ਬੇਚਾਰਾ ਵੀ ਇਸ ਦਾ ਆਦਿ ਅੰਤ ਨਹੀਂ ਸੀ ਪਾ ਸਕਦਾ। ਅਗਰ ਕੋਈ ਇਸ ਬਾਗ਼ ਦੀ ਸੈਰ ਕਰਦਾ ਕਰਾਂਦਾ ਅੱਗੇ ਨਿਕਲ ਜਾਵੇ ਤਾਂ ਉਹ ਘਣੇ ਜੰਗਲ ਵਿਚ ਪਹੁੰਚ ਜਾਂਦਾ ਸੀ, ਜਿਥੇ ਕਿ ਵਡੇ ਵਡੇ ਬ੍ਰਿਛਾਂ ਨੇ ਧਰਤੀ ਨੂੰ ਢਕਿਆ ਹੋਇਆ ਸੀ। ਇਨ੍ਹਾਂ ਦੇ ਲਾਗੇ ਹੀ ਇਕ ਡੂੰਘੀ ਝੀਲ ਸੀ।

ਇਉਂ ਇਸ ਜੰਗਲ ਦਾ ਪਰਲਾ ਸਿਰਾ ਗਹਿਰੇ ਸਮੁੰਦਰ ਨਾਲ ਜਾ ਲਗਦਾ ਸੀ, ਜਿਥੇ ਕਿ ਬੜੇ ਬੜੇ ਜਹਾਜ਼ ਵੀ ਚਲ ਸਕਦੇ ਸਨ।

ਇਨ੍ਹਾਂ ਬ੍ਰਿਛਾਂ ਦੀਆਂ ਸੰਘਣੀਆਂ ਡਾਲੀਆਂ ਵਿਚ ਇਕ ਬੁਲਬੁਲ ਰਿਹਾ ਕਰਦੀ ਸੀ, ਜਿਸ ਦੇ ਸੰਗੀਤ ਦੀ ਮਿਠੀ ਤਾਨ ਤੇ ਮਸਤ ਹੋਇਆ ਗਰੀਬ ਮਾਛੀ ਮੱਛੀਆਂ ਪਕੜਨ ਲਈ ਸਮੁੰਦ੍ਰ ਵਿਚ ਜਾਲ ਪਾਉਣਾ ਵੀ ਭੁਲ ਜਾਂਦਾ ਸੀ। ਇਹ ਗੀਤ ਸੁਣ ਕੇ ਉਹ ਵਾਹ ਵਾਹ ਕਰ ਉਠਦਾ, ਪਰ ਆਖਰ ਉਸ ਨੂੰ ਆਪਣੀ ਭੁੱਖ ਦੇ ਦੁਖ ਦਾ ਇਲਾਜ ਕਰਨ ਲਈ ਬੁਲਬੁਲ ਦੀ ਰਾਗਣੀ ਛਡਣੀ ਹੀ ਪੈਂਦੀ। ਗਰੀਬੀ ਕਿਤਨੀ ਮਾੜੀ ਹੈ, ਕਿਸੇ ਨਿਰਧਨ ਗਰੀਬ ਨੂੰ ਮਿੱਠੇ ਗੀਤ ਸੁਣਨ ਦਾ ਵੀ ਵੇਹਲ ਨਹੀਂ ਦੇਂਦੀ।

ਜਦੋਂ ਮਾਛੀ ਦੂਜੇ ਦਿਨ ਆਪਣੇ ਕੰਮ ਲਈ ਫਿਰ ਆਉਂਦਾ ਤਾਂ ਬੁਲਬੁਲ ਦੇ ਗੀਤਾਂ ਦੀ ਪ੍ਰਸ਼ੰਸਾ ਕਰੇ ਬਿਨਾਂ ਨਾ ਰਹਿੰਦਾ, ਉਹ ਉਸਦੇ ਸੁਣਨ ਲਈ ਥੋੜ੍ਹਾ ਬਹੁਤਾ ਸਮਾਂ ਜ਼ਰੂਰ ਕੱਢਦਾ।

ਦੁਨੀਆਂ ਦੇ ਵੱਖ ਵੱਖ ਦੇਸਾਂ ਤੋਂ ਲੋਕ ਬਾਦਸ਼ਾਹ ਦੀ ਰਾਜਧਾਨੀ ਦੇਖਣ ਆਉਂਦੇ ਤੇ ਵੇਖਕੇ ਅਸ਼ ਅਸ਼ ਕਰ ਉਠਦੇ। ਸ਼ਾਹੀ ਮਹਲ ਤੇ ਬਗੀਚੇ ਦੀ ਖਾਸ

ਪ੍ਰਸੰਸਾ ਕੀਤੀ ਜਾਂਦੀ। ਜਦੋਂ ਇਹ ਯਾਤ੍ਰੀ ਬੁਲਬੁਲ ਦਾ ਮਧੁਰ ਸੰਗੀਤ ਸੁਣ ਲੈਂਦੇ ਤਾਂ ਮੱਲੋਮੱਲੀ ਕਹਿ ਉਠਦੇ, "ਇਸ ਤੋਂ ਵਧੀਆ ਦੁਨੀਆਂ ਦੀ ਕੋਈ ਚੀਜ਼ ਵੀ ਨਹੀਂ ਹੈ।"

ਲੋਕਾਂ ਤੋਂ ਪ੍ਰਸ਼ੰਸਾ ਸੁਣਕੇ ਵਿਦਵਾਨ ਲਿਖਾਰੀਆਂ ਰਾਜਧਾਨੀ, ਮਹਲਾਂ ਤੇ ਬਾਗ ਦੀ ਵਡਿਆਈ ਬਾਰੇ ਬੜੇ ਬੜੇ ਗ੍ਰੰਥ ਲਿਖੇ ਪਰ ਇਹ ਵੀ ਬੁਲਬੁਲ ਨੂੰ ਨਾ ਭੁੱਲ ਸਕੇ। ਸਭ ਤੋਂ ਵਧੀਕ ਉਨ੍ਹਾਂ ਬੁਲਬੁਲ ਦੇ ਗੀਤਾਂ ਦੀ ਮਹਿਮਾ ਲਿਖੀ। ਕਈਆਂ ਤਾਂ ਬੁਲਬੁਲ ਦੀ ਤਾਰੀਫਾਂ ਦੇ ਪੁਲ ਹੀ ਬੰਨ੍ਹ ਛਡੇ। ਇਹ ਪੁਸਤਕਾਂ, ਸੰਸਾਰ ਭਰ ਵਿੱਚ ਪੜ੍ਹੀਆਂ ਗਈਆਂ, ਚੀਨ ਦੀ ਖ਼ੂਬ ਕੀਰਤੀ ਫੈਲੀ। ਇਨ੍ਹਾਂ ਵਿਚੋਂ ਕੁਛ ਪੁਸਤਕਾਂ ਚੀਨ ਦੇ ਬਾਦਸ਼ਾਹ ਪਾਸ ਵੀ ਪਹੁੰਚੀਆਂ, ਉਸ ਨੇ ਵੀ ਆਪਣੇ ਸੁਨਹਿਰੀ ਸਿੰਘਾਸਨ ਤੇ ਬੈਠਕੇ ਇਨ੍ਹਾਂ ਰਚਨਾਵਾਂ ਨੂੰ ਪੜ੍ਹਿਆ। ਆਪਣੀ ਰਾਜਧਾਨੀ, ਮਹਲ ਤੇ ਬਾਗ ਦਾ ਵਰਣਨ ਪੜ੍ਹਕੇ ਬਾਦਸ਼ਾਹ ਮਸਤੀ ਵਿਚ ਸਿਰ ਹਿਲਾਂਦਾ ਰਿਹਾ। ਪਰੰਤੂ ਬੁਲਬੁਲ ਸਭ ਤੋਂ ਸੁੰਦ੍ਰ ਹੈ, ਇਹ ਵੀ ਉਸ ਨੇ ਪੜ੍ਹਿਆ। ਇਹ ਤਕਰੀਬਨ ਹਰ ਪੁਸ਼ਤਕ ਦੇ ਅੰਤ ਵਿੱਚ ਲਿਖਿਆ ਹੋਇਆ ਸੀ।

"ਹੈਂ !......." ਮੈਨੂੰ ਅਜੇ ਤਕ ਬੁਲਬੁਲ ਦਾ ਪਤਾ ਨਹੀਂ? ਬਾਦਸ਼ਾਹ ਨੇ ਹੈਰਾਨੀ ਨਾਲ ਆਪਣੇ ਆਪ ਨੂੰ ਕਿਹਾ, "ਮੇਰੇ ਰਾਜ ਵਿਚ ਅਜੇਹਾ ਸੁੰਦਰ ਪੰਛੀ ਰਹੇ ਤੇ ਉਹ ਵੀ ਮੇਰੇ ਬਾਗ ਵਿਚ ਹੀ, ਪਰ ਮੈਨੂੰ ਉਸਦਾ ਉਕਾ ਪਤਾ ਨਹੀਂ। ਇਹ ਕਿਤਨੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਕਿਤਾਬਾਂ ਦੇ ਪੜ੍ਹਨ ਤੋਂ ਪਹਿਲਾਂ ਮੈਂ ਉਸ ਤੋਂ ਜਾਣੂ ਵੀ ਨਹੀਂ ਸਾਂ।"

ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਫੌਰਨ ਸੱਦਿਆ। ਵਜ਼ੀਰ ਇਤਨਾ ਆਕੜਬਾਜ਼ ਸੀ ਕਿ ਉਸ ਦੇ ਮਾਤਹਿਤ ਆਦਮੀ ਉਸ ਨਾਲ ਗੱਲ ਬਾਤ ਕਰਨ ਦੀ ਜੁਰਅਤ ਨਹੀਂ ਕਰਦੇ ਸਨ। ਅਗਰ ਕੋਈ ਕੁਛ ਉਸ ਨੂੰ ਪੁਛਦਾ ਦੱਸਦਾ ਤਾਂ ਉਹ ਉਸ ਨੂੰ ਘੂਰ ਕੇ ਪਰੇ ਹਟਾ ਦੇਂਦਾ।

ਬਾਦਸ਼ਾਹ ਨੇ ਪੁਛਿਆ, "ਸੁਣਦੇ ਹਾਂ, ਇਕ ਬੁਲਬੁਲ ਨਾਮ ਦਾ ਅਸਚਰਜ ਪੰਛੀ ਇਥੇ ਕਿਤੇ ਰਹਿੰਦਾ ਹੈ ਤੇ ਲੋਕ ਉਸ ਨੂੰ ਸਾਡੇ ਰਾਜ ਵਿਚ ਸਭ ਤੋਂ ਅਮੋਲਕ ਚੀਜ਼ ਆਖਦੇ ਹਨ।"

ਵਜ਼ੀਰ ਨੇ ਨਿੰਮਰਤਾ ਨਾਲ ਆਖਿਆ, "ਬਾਦਸ਼ਾਹ ਸਲਾਮਤ ! ਹੁਣ ਮੈਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ।"

"ਅਜ ਤਕ ਉਸ ਨੂੰ ਦਰਬਾਰ ਵਿਚ ਕਿਉਂ ਨਹੀਂ ਪੇਸ਼ ਕੀਤਾ ਗਿਆ?" ਬਾਦਸ਼ਾਹ ਬੋਲਿਆ, "ਸ਼ਾਹੀ ਹੁਕਮ ਹੈ, ਅਜ ਹੀ ਉਸ ਨੂੰ ਸ਼ਾਮ ਦੇ ਦਰਬਾਰ ਵਿਚ ਹਾਜ਼ਰ ਕਰੋ, ਮੈਂ ਉਸ ਦੇ ਗੀਤ ਸੁਣਾਂਗਾ। ਦੁਨੀਆਂ ਆਖਦੀ ਹੈ ਕਿ ਉਹ ਮੇਰੀ ਪਰਜਾ ਹੀ ਹੈ, ਪਰ ਮੈਂ ਉਸ ਨੂੰ ਅਜੇ ਤਕ ਨਹੀਂ ਵੇਖਿਆ।"

ਵਜ਼ੀਰ ਨੇ ਅਰਜ਼ ਕੀਤੀ, "ਹਜ਼ੂਰ ! ਮੈਂ ਆਪ ਉਸ ਦਾ ਨਾਮ ਨਹੀਂ ਸੁਣਿਆ, ਤੁਹਾਡੇ ਹੁਕਮ ਨਾਲ ਮੈਂ ਉਸ ਦੀ ਤਲਾਸ਼ ਕਰਾਂਗਾ ਤੇ ਉਸ ਨੂੰ ਛੇਤੀ ਹੀ ਲਭ ਕੇ ਹਾਜ਼ਰ ਕਰਾਂਗਾ।"

ਵਜ਼ੀਰ, ਸ਼ਾਹੀ ਮਹੱਲ ਦੀਆਂ ਪੌੜੀਆਂ ਉਤਰਿਆ ਤੇ ਫਿਰ ਇਧਰ ਉਧਰ ਬਰਾਂਡਿਆਂ ਤੇ ਕਮਰਿਆਂ ਵਿਚ ਘੁੰਮਿਆ, ਜਿਵੇਂ ਉਹ ਕਿਸੇ ਚੀਜ਼ ਦੀ ਤਲਾਸ਼ ਕਰ ਰਿਹਾ ਹੁੰਦਾ ਹੈ। ਕਈ ਚੱਕਰ ਕੱਢ ਕੇ ਵਜ਼ੀਰ ਫਿਰ ਬਾਦਸ਼ਾਹ ਦੇ ਹਜ਼ੂਰ ਆਇਆ ਤੇ ਉਸ ਆਖਿਆ, "ਮਹਾਰਾਜ ! ਤੁਸੀਂ ਕੋਈ ਕਹਾਣੀ ਪੜ੍ਹੀ ਹੋਵੇਗੀ, ਇਥੇ ਬੁਲਬੁਲ ਸ਼ੁਲਬੁਲ ਕੋਈ ਨਹੀਂ। ਸਰਕਾਰ ਨੂੰ ਪਤਾ ਹੀ ਹੋਵੇਗਾ ਕਿੱਸੇ ਕਹਾਣੀਆਂ ਲਿਖਣ ਵਾਲੇ ਬੜੀਆਂ ਗੱਲਾਂ ਵਧਾ ਕੇ ਲਿਖ ਦਿੱਤਾ ਕਰਦੇ ਹਨ ਤੇ ਕਵੀਆਂ ਦਾ ਗੁਜ਼ਾਰਾ ਤਾਂ ਮੁਬਾਲਗ਼ਿਆਂ ਤੇ ਅਤਿਸ਼ਯੋਕਤੀਆਂ ਨਾਲ ਹੀ ਚਲਦਾ ਹੈ। ਕੀ ਇਹ ਸਭ ਕੁਝ ਕਿਤੇ ਸੱਚ ਹੁੰਦਾ ਹੈ?"

ਬਾਦਸ਼ਾਹ ਨੇ ਕਿਹਾ, "ਜਿਸ ਪੁਸਤਕ ਵਿੱਚ ਮੈਂ ਬੁਲਬੁਲ ਦਾ ਸਮਾਚਾਰ ਪੜ੍ਹਿਆ ਸੀ, ਉਹ ਮੈਨੂੰ ਜਾਪਾਨ ਦੇ ਬਾਦਸ਼ਾਹ ਨੇ ਭੇਜੀ ਸੀ। ਉਸ ਵਿਚ ਝੂਠ ਨਹੀਂ ਲਿਖਿਆ ਗਿਆ। ਮੈਂ ਹੁਣ ਜ਼ਰੂਰ ਬੁਲਬੁਲ ਦੇ ਗੀਤ ਸੁਣਾਂਗਾ। ਉਸਨੂੰ ਸ਼ਾਮ ਦੇ ਸ਼ਾਹੀ ਦਰਬਾਰ ਵਿਚ ਅਵਸ਼ਯ ਹਾਜ਼ਰ ਕਰੋ। ਅਗਰ ਅਜੇਹਾ ਨ ਹੋ ਸਕਿਆ, ਦਰਬਾਰ ਨੂੰ ਇਸ ਦੀ ਸਜ਼ਾ ਭੁਗਤਣੀ ਪਵੇਗੀ।" ਬਾਦਸ਼ਾਹ ਦੇ ਮਥੇ ਤੇ ਸ਼ਹਿਨਸ਼ਾਹੀਅਤ ਦਾ ਰੋਅਬ ਦਨਦਨਾ ਰਿਹਾ ਸੀ।

ਵਜ਼ੀਰ ਸਾਹਿਬ ਫਿਰ ਬੁਲਬੁਲ ਦੀ ਢੂੰਡ ਲਈ ਨਿਕਲ ਟੁਰੇ। ਇਧਰੋਂ ਉਧਰੋਂ ਨੌਕਰਾਂ ਨੂੰ ਅਵਾਜ਼ਾਂ ਮਾਰੀਆਂ। ਹੋਰ ਵੀ ਰਾਜ-ਦਰਬਾਰੀ ਇਸ ਮੁਹਿੰਮ ਵਿਚ ਸ਼ਾਮਲ ਹੋ ਗਏ। ਮਗਰ ਬੁਲਬੁਲ ਦਾ ਕਿਤੇ ਪਤਾ ਨ ਲਗਿਆ। ਅਖੀਰ ਇਕ ਗਰੀਬ ਮਜ਼ਦੂਰਨ ਦੀ ਲੜਕੀ ਨੇ ਦੱਸਿਆ, "ਤੁਸੀਂ ਬੁਲਬੁਲ ਨੂੰ ਟੋਲਦੇ ਹੋ? ਉਸਦਾ ਮੈਨੂੰ ਪਤਾ ਹੈ। ਜਦੋਂ ਮੈਂ ਸ਼ਾਮ ਨੂੰ ਆਪਣੀ ਮਾਂ ਲਈ ਰੋਟੀ ਮੰਗ ਪਿੰਨ ਕੇ ਇਧਰ ਆਉਂਦੀ ਹਾਂ ਤਾਂ ਮੈਂ ਇਸ ਜੰਗਲ ਵਿਚ ਝੀਲ ਕਿਨਾਰੇ ਰੋਜ਼ ਬੁਲਬੁਲ

ਦਾ ਗੀਤ ਸੁਣਦੀ ਹਾਂ। ਉਸ ਦੇ ਸੋਜ਼-ਭਰੇ ਕੋਮਲ ਗੀਤ ਸੁਣ ਕੇ ਮੇਰੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ। ਉਸ ਦੇ ਗੀਤਾਂ ਦੀ ਮਧੁਰਤਾ ਮੈਨੂੰ ਇਉਂ ਮਲੂਮ ਦੇਂਦੀ ਹੈ, ਜਿਵੇਂ ਮੇਰੀ ਮਾਂ ਮੈਨੂੰ ਪ੍ਰੀਤ-ਚੁੰਬਨ ਦੇ ਰਹੀ ਹੋਵੇ।"

ਵਜ਼ੀਰ ਨੇ ਕਿਹਾ, "ਬੀਬੀ ! ਮੈਂ ਤੈਨੂੰ ਸ਼ਾਹੀ ਮਹਲਾਂ ਵਿੱਚ ਚੰਗੀ ਨੌਕਰੀ ਦਿਵਾ ਦਿਆਂਗਾ, ਤੂੰ ਮੈਨੂੰ ਉਸ ਬੁਲਬੁਲ ਪਾਸ ਲੈ ਚਲ। ਸਾਡੇ ਬਾਦਸ਼ਾਹ ਸਲਾਮਤ ਨੇ ਅਜ ਉਸ ਖੁਸ਼ਕਿਸਮਤ ਪੰਛੀ ਨੂੰ ਯਾਦ ਕੀਤਾ ਹੈ।"

ਵਜ਼ੀਰ ਦਾ ਚੇਹਰਾ ਅੱਧੀ ਪ੍ਰਸੰਨਤਾ ਨਾਲ ਚਮਕ ਉਠਿਆ।

ਬੁਲਬੁਲ ਦੀ ਖੋਜ ਵਿਚ ਸਾਰੇ ਦਰਬਾਰੀ ਲੜਕੀ ਦੇ ਪਿਛੇ ਪਿਛੇ ਤੁਰ ਪਏ। ਅਜੇ ਧੁਰ ਪਹੁੰਚੇ ਨਹੀਂ ਸੀ, ਰਸਤੇ ਵਿੱਚ ਗਊ ਦੇ ਰੰਭਣ ਦੀ ਅਵਾਜ਼ ਕੰਨੀਂ ਪਈ। ਇਕ ਦਰਬਾਰੀ ਨੇ ਕਿਹਾ, "ਦੇਖੋ, ਅਸੀਂ ਬਹੁਤ ਨੇੜੇ ਆ ਗਏ ਹਾਂ, ਆਹ ਬੁਲਬੁਲ ਦੀ ਅਵਾਜ਼ ਆ ਰਹੀ ਹੈ।"

ਉਸ ਗਰੀਬ ਲੜਕੀ ਨੇ ਬੁਲ੍ਹਾਂ ਵਿਚ ਮੁਸਕ੍ਰਾਂਦਿਆਂ ਕਿਹਾ, "ਵਾਹ ! ਇਹ ਤਾਂ ਗਊ ਰੰਭ ਰਹੀ ਹੈ, ਬੁਲਬੁਲ ਦਾ ਟਿਕਾਣਾ ਅਜੇ ਦੂਰ ਹੈ।" ਅੱਗੇ ਟੋਭੇ ਆ ਗਏ, ਉਥੇ ਡੱਡੂ ਗੁੜ ਗੁੜਾ ਰਹੇ ਸਨ। ਇਕ ਨੌਕਰ ਬੋਲਿਆ, "ਕੈਸਾ ਮਿੱਠਾ ਸੰਗੀਤ ਹੈ, ਮਾਨੋ ਮੰਦਰ ਦੀਆਂ ਘੰਟੀਆਂ ਵਜ ਰਹੀਆਂ ਹਨ, ਇਹ ਜ਼ਰੂਰ ਬੁਲਬੁਲ ਹੋਵੇਗੀ।"

ਲੜਕੀ ਨੇ ਕਿਹਾ, "ਚੁਪ ਕਰ ਰਹੋ, ਇਹ ਤਾਂ ਡੱਡੂ ਬੋਲ ਰਹੇ ਹਨ, ਬੁਲਬੁਲ ਤਾਂ ਅਜੇ ਆਉਣੀ ਹੈ।"

ਹੁਣ ਬੁਲਬੁਲ ਦੀ ਅਵਾਜ਼ ਸੁਣਾਈ ਦੇਣ ਲਗੀ। ਲੜਕੀ ਨੇ ਦਰਖ਼ਤ ਵਲ ਉਂਗਲੀ ਕਰਦਿਆਂ ਕਿਹਾ, "ਔਹ ਦੇਖੋ, ਬੁਲਬੁਲ ਟਾਹਣੀ ਤੇ ਬੈਠੀ ਗਾ ਰਹੀ ਹੈ।"

ਵਜ਼ੀਰ ਸਾਹਿਬ ਨੇ ਉਸ ਭੂਰੇ ਜੇਹੇ ਪੰਛੀ ਵਲ ਨਿਗਾਹ ਟਿਕਾਈ ਤੇ ਕਿਹਾ, "ਇਹ ਹੈ ਬੁਲਬੁਲ ! ਮੈਨੂੰ ਤਾਂ ਯਕੀਨ ਨਹੀਂ ਆਉਂਦਾ, ਕੀ ਇਹ ਇਤਨਾ ਮਾਮੂਲੀ ਜੇਹਾ ਜਾਨਵਰ ਹੈ? ਯਾ ਫਿਰ ਸਾਨੂੰ ਦੇਖਣ ਨਾਲ ਹੀ ਇਸ ਬੇਚਾਰੇ ਦਾ ਰੰਗ ਫਿਕਾ ਪੈ ਗਿਆ ਹੈ?"

"ਪਿਆਰੀ ਬੁਲਬੁਲ ! ਸਾਡੇ ਬਾਦਸ਼ਾਹ ਤੇਰਾ ਗੀਤ ਸੁਣਨਾ ਚਾਹੁੰਦੇ ਹਨ।" ਭੋਲੀ ਲੜਕੀ ਨੇ ਆਪਣੇ ਗਰੀਬੀ ਦੇ ਅੰਦਾਜ਼ ਵਿਚ ਆਖਿਆ।

ਬੁਲਬੁਲ ਨੇ ਜਵਾਬ ਦਿੱਤਾ, "ਬੜੀ ਖੁਸ਼ੀ ਦੀ ਗੱਲ ਹੈ" ਉਸ ਆਪਣੇ ਗੀਤ ਦੀ ਮਧੁਰ ਤਾਨ ਛੇੜ ਦਿੱਤੀ।

ਵਜ਼ੀਰ ਸਾਹਿਬ ਗੀਤ ਸੁਣ ਕੇ ਬੜੇ ਖੁਸ਼ ਹੋਏ ਤੇ ਆਖਣ ਲਗੇ, "ਕੈਸਾ ਅੱਛਾ ਮਿੱਠਾ ਗਲਾ ਹੈ। ਇਹ ਪੰਛੀ ਕਿਸ ਤਰ੍ਹਾਂ ਸੁਰ ਭਰ ਕੇ ਗਾ ਰਿਹਾ ਹੈ, ਮੈਂ ਅਜ ਤਕ ਐਸਾ ਗਾਣਾ ਕਦੀ ਨਹੀਂ ਸੁਣਿਆ, ਬਾਦਸ਼ਾਹ ਇਸ ਨੂੰ ਸੁਣ ਕੇ ਜ਼ਰੂਰ ਪ੍ਰਸੰਨ ਹੋਣਗੇ।"

"ਕੀ ਬਾਦਸ਼ਾਹ ਨੂੰ ਫਿਰ ਗੀਤ ਸੁਣਾਵਾਂ?" ਬੁਲਬੁਲ ਨੇ ਸਵਾਲ ਕੀਤਾ। ਉਸ ਨੇ ਪਹਿਲੇ ਸਮਝਿਆ ਸੀ ਕਿ ਸ਼ਾਇਦ ਬਾਦਸ਼ਾਹ ਉਥੇ ਹੀ ਹਨ।

ਵਜ਼ੀਰ ਨੇ ਕਿਹਾ, "ਬੁਲਬੁਲ ! ਚੰਗੀ ਬੁਲਬੁਲ ! ਮੈਂ ਤੈਨੂੰ ਸ਼ਾਹੀ ਦਰਬਾਰ ਵਿਚ ਆਉਣ ਲਈ ਦਾਅਵਤ ਦੇਣ ਆਇਆ ਹਾਂ, ਅਜ ਤੁਸੀਂ ਮਹਾਰਾਜ ਨੂੰ ਖੁਸ਼ ਕਰਨ ਲਈ ਜ਼ਰੂਰ ਸ਼ਾਮ ਦੇ ਦਰਬਾਰ ਵਿੱਚ ਪਹੁੰਚਣਾ।"

"ਮੇਰਾ ਗਾਣਾ ਜੰਗਲ ਬੇਲਿਆਂ ਵਿਚ ਹੀ ਚੰਗਾ ਲਗਦਾ ਹੈ" ਬੁਲਬੁਲ ਨੇ ਸੱਚ ਸੱਚ ਆਖਿਆ। ਫਿਰ ਵੀ ਉਸ ਆਖਰ ਬਾਦਸ਼ਾਹ ਦਾ ਸਦਾ-ਪੱਤ੍ਰ ਪ੍ਰਵਾਨ ਕਰ ਹੀ ਲਿਆ।

ਸ਼ਾਮ ਨੂੰ ਸ਼ਾਹੀ ਮਹੱਲ ਦੀਆਂ ਖ਼ੂਬ ਸਜਾਵਟਾਂ ਹੋਈਆਂ, ਚਾਰੇ ਪਾਸੇ ਸੁਨਹਿਰੀ ਦੀਪਕ ਜਗਮਗਾ ਰਹੇ ਸਨ। ਤਮਾਮ ਰਸਤਿਆਂ ਨੂੰ ਫੁੱਲਾਂ ਦੀਆਂ ਡਾਲੀਆਂ ਨਾਲ ਸਜਾਇਆ ਗਿਆ ਤੇ ਉਨ੍ਹਾਂ ਨਾਲ ਨਿਕੇ ਨਿਕੇ ਘੁੰਗਰੂ ਬੰਨ੍ਹੇ ਗਏ। ਦਰਬਾਰੀ ਲੋਕ ਇਧਰ ਉਧਰ ਦੌੜੇ ਫਿਰ ਰਹੇ ਸਨ ਤੇ ਖ਼ੂਬ ਰੌਣਕ ਮੇਲਾ ਲਗ ਰਿਹਾ ਸੀ।

ਵੱਡੇ ਹਾਲ ਕਮਰੇ ਵਿਚ ਬਾਦਸ਼ਾਹ ਦੇ ਸਾਹਮਣੇ ਬੁਲਬੁਲ ਦੇ ਬੈਠਣ ਲਈ ਇਕ ਸੋਨੇ ਦਾ ਆਸਨ ਬਣਾਇਆ ਗਿਆ।

ਸਭ ਅਮੀਰ ਵਜ਼ੀਰ ਗਾਣਾ ਸੁਣਨ ਲਈ ਆਪਣੀ ਆਪਣੀ ਥਾਂ ਬੈਠ ਗਏ। ਉਹ ਗਰੀਬ ਲੜਕੀ ਵੀ ਹੁਣ ਮਹਲਾਂ ਵਿਚ ਨੌਕਰ ਆ ਹੋਈ ਸੀ, ਉਸ ਨੇ ਬੜੇ ਸੁੰਦਰ ਕਪੜੇ ਪਹਿਨੇ ਹੋਏ ਸਨ ਤੇ ਉਹ ਆਪਣੀ ਪਿਆਰੀ ਬੁਲਬੁਲ ਦੇ ਗੀਤ ਸੁਣਨ ਲਈ ਇਕ ਪਾਸੇ ਉਤਸ਼ਾਹ ਵਿਚ ਭਰੀ ਖਲੋਤੀ ਸੀ।

ਬਾਦਸ਼ਾਹ ਨੇ ਬੁਲਬੁਲ ਨੂੰ ਵੇਖ ਕੇ ਖੁਸ਼ੀ ਪ੍ਰਗਟ ਕੀਤੀ। ਬੁਲਬੁਲ ਨੇ ਆਪਣਾ ਗੀਤ ਅਰੰਭਿਆ, ਸਭ ਦਰਬਾਰੀ ਝੂਮ ਉਠੇ। ਬਾਦਸ਼ਾਹ ਦੀਆਂ ਅੱਖਾਂ

ਵਿਚ ਹੰਝੂ ਆ ਗਏ। ਉਸ ਦੀ ਇਹ ਮਸਤੀ ਦੀ ਹਾਲਤ ਵੇਖ ਕੇ ਬੁਲਬੁਲ ਹੋਰ ਦੀਵਾਨੀ ਹੋ ਕੇ ਗਾਉਣ ਲਗੀ। ਬਾਦਸ਼ਾਹ ਦਾ ਦਿਲ ਭਰ ਆਇਆ, ਉਸ ਨੇ ਬੁਲਬੁਲ ਦੇ ਗਾਣੇ ਤੇ ਖੁਸ਼ ਹੋ ਕੇ ਇਨਾਮ ਵਿਚ ਉਸ ਨੂੰ ਆਪਣੀ ਤਿਲੇਦਾਰ ਸੁਨਹਿਰੀ ਜੁੱਤੀ ਦੇਣੀ ਚਾਹੀ।

ਬੁਲਬੁਲ ਨੇ ਖਿਮਾਂ ਮੰਗਦਿਆਂ ਕਿਹਾ, "ਮੈਂ ਬਾਦਸ਼ਾਹ ਦੀਆਂ ਅੱਖਾਂ ਵਿੱਚ ਮੋਤੀ (ਹੰਝੂ) ਦੇਖ ਲਏ ਹਨ, ਇਹੋ ਮੇਰੇ ਲਈ ਕੀਮਤੀ ਇਨਾਮ ਹੈ, ਮੈਂ ਆਪ ਦੇ ਸਤਿਕਾਰ ਲਈ ਧੰਨਵਾਦੀ ਹਾਂ।"

ਉਸ ਫਿਰ ਆਪਣੀ ਮਧੁਰ ਰਾਗਣੀ ਛੇੜ ਦਿੱਤੀ।

ਬਾਦਸ਼ਾਹ ਨੇ ਪ੍ਰਸੰਨ ਹੋ ਕੇ ਆਗਿਆ ਕੀਤੀ ਕਿ ਬੁਲਬੁਲ ਨੂੰ ਸ਼ਾਹੀ ਦਰਬਾਰ ਵਿਚ ਰਹਿਣ ਦਾ ਮਾਣ ਦਿੱਤਾ ਜਾਵੇ। ਉਸ ਨੂੰ ਇਹ ਵੀ ਆਜ਼ਾਦੀ ਦਿੱਤੀ ਜਾਵੇ ਕਿ ਉਹ ਦਿਨ ਵਿਚ ਦੋ ਵੇਰ ਤੇ ਰਾਤ ਨੂੰ ਇਕ ਵੇਰ ਕਿਧਰੇ ਘੁੰਮ ਫਿਰ ਆਵੇ, ਉਸਤੇ ਕੋਈ ਪਾਬੰਦੀ ਨਹੀਂ ਹੋਵੇਗੀ।" ਬੁਲਬੁਲ ਦੀ ਖਾਤਰ ਕਈ ਨਵੇਂ ਨੌਕਰ ਰੱਖੇ ਗਏ। ਉਹ ਉਸ ਦੀ ਟੰਗ ਨੂੰ ਰੇਸ਼ਮੀ ਫੀਤਾ ਬੰਨ੍ਹ ਕੇ ਬਾਹਰ ਸੈਰ ਲਈ ਲੈ ਜਾਂਦੇ, ਪਰ ਬੁਲਬੁਲ ਇਨ੍ਹਾਂ ਸ਼ਾਹੀ ਸ਼ਾਨਾਂ ਤੇ ਸਨਮਾਨਾਂ ਤੋਂ ਬਿਲਕੁਲ ਅਸੰਤੁਸ਼ਟ ਸੀ।

ਸਾਰਾ ਸ਼ਹਿਰ ਉਸ ਦੀ ਤਾਰੀਫ ਕਰਦਾ ਥੱਕਦਾ ਨਹੀਂ ਸੀ, ਜਿਥੇ ਦੇਖੋ, ਉਸੇ ਦੀ ਚਰਚਾ ਹੋ ਰਹੀ ਸੀ। ਮਹੱਲ ਦੀਆਂ ਰਾਣੀਆਂ ਵੀ ਬੁਲਬੁਲ ਦੀਆਂ ਹੀ ਨਕਲਾਂ ਲਾ ਲਾ ਦਿਲ ਪਰਚਾਉਂਦੀਆਂ ਸਨ। ਉਹ ਮੂੰਹ ਵਿੱਚ ਪਾਣੀ ਪਾ ਪਾ ਗਰਾਰੇ ਕਰਦੀਆਂ ਤੇ ਆਖਦੀਆਂ, "ਅਸੀਂ ਵੀ ਬੁਲਬੁਲ ਵਾਲੇ ਗੀਤਾਂ ਦਾ ਅਭਿਆਸ ਕਰ ਰਹੀਆਂ ਹਾਂ"। ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੀਆਂ ਗੋਲੀਆਂ ਉਨ੍ਹਾਂ ਨੂੰ ਆਖਦੀਆਂ, "ਹਾਂ, ਹਾਂ, ਤੁਹਾਡੀ ਆਵਾਜ਼ ਤਾਂ ਬੁਲਬੁਲ ਜੈਸੀ ਹੀ ਮਿੱਠੀ ਮਾਲੂਮ ਹੋ ਰਹੀ ਹੈ।"

ਸ਼ਹਿਰ ਦੇ ਕਿਤਨੇ ਹੀ ਗਵਈਆਂ ਆਪਣੇ ਲੜਕਿਆਂ ਦਾ ਨਾਮ 'ਬੁਲਬੁਲ' ਰਖ ਲਿਆ, ਪਰ ਉਨ੍ਹਾਂ ਵਿਚੋਂ ਇਕ ਵੀ ਚੰਗਾ ਗਾਉਣ ਦੇ ਯੋਗ ਨਹੀਂ ਸੀ। ਇਉਂ ਬੁਲਬੁਲ ਦੀ ਚਾਰੇ ਪਾਸੇ ਧੁੰਮ ਮਚ ਗਈ। ਕੋਈ ਉਸ ਨੂੰ ਮਸਖਰੀਆਂ ਕਰਕੇ ਯਾਦ ਕਰਦਾ ਸੀ ਤੇ ਕੋਈ ਕੋਈ ਉਸਦੀ ਸੰਗੀਤ ਕਲਾ ਦੀ ਪ੍ਰਸ਼ੰਸਾ ਕਰਕੇ ਅਰਾਧਦਾ ਸੀ।

ਇਕ ਦਿਨ ਬਾਦਸ਼ਾਹ ਦੇ ਨਾਮ ਇਕ ਪਾਰਸਲ ਆਇਆ, ਇਸ ਉਤੇ 'ਬੁਲਬੁਲ' ਲਿਖਿਆ ਹੋਇਆ ਸੀ।

ਬਾਦਸ਼ਾਹ ਨੇ ਸੋਚਿਆ, ਸ਼ਾਇਦ ਕਿਸੇ ਵਿਦਵਾਨ ਨੇ ਬੁਲਬੁਲ ਤੇ ਕੋਈ ਵੀਚਾਰ-ਪੂਰਣ ਗ੍ਰੰਥ ਲਿਖਕੇ ਭੇਜਿਆ ਹੋਵੇਗਾ। ਖੋਲ੍ਹਣ ਤੇ ਪਤਾ ਲੱਗਾ ਕਿ ਇਹ ਕੋਈ ਗ੍ਰੰਥ ਨਹੀਂ ਸੀ, ਇਸ ਪਾਰਸਲ ਵਿਚ ਇਕ ਨਕਲੀ ਬੁਲਬੁਲ ਸੀ। ਉਹ ਬੜੀਆਂ ਕੀਮਤੀ ਮਣੀਆਂ ਦੀ ਬਣੀ ਹੋਈ ਸੀ ਤੇ ਗਾ ਵੀ ਸਕਦੀ ਸੀ। ਉਸ ਨੂੰ ਇਕ ਚਾਬੀ ਲਗੀ ਹੋਈ ਸੀ, ਉਸ ਦੇ ਘੁਮਾਣ ਸਾਰ ਹੀ ਉਹ ਗਾਉਣ ਲਗ ਜਾਂਦੀ ਸੀ। ਇਸ ਨਕਲੀ ਬੁਲਬੁਲ ਦੇ ਗਲ ਵਿਚ ਇਕ ਰੇਸ਼ਮੀ ਫੀਤਾ ਪਾਇਆ ਹੋਇਆ ਸੀ, ਜਿਸ ਤੇ ਬਾਰੀਕ ਸੁੰਦਰ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਚੀਨ ਦੇ ਬਾਦਸ਼ਾਹ ਦੀ ਬੁਲਬੁਲ, ਜਾਪਾਨ ਦੇ ਬਾਦਸ਼ਾਹ ਵਲੋਂ ਭੇਜੀ ਬੁਲਬੁਲ ਦਾ ਮੁਕਾਬਲਾ ਨਹੀਂ ਕਰ ਸਕਦੀ।"

ਬਾਦਸ਼ਾਹ ਇਸ ਤੇ ਬੜਾ ਖੁਸ਼ ਹੋਇਆ, ਉਸ ਬੁਲਬੁਲ ਲਿਆਉਣ ਵਾਲੇ ਨੂੰ ਇਨਾਮ ਤੇ ਆਦਰ ਦਿੱਤਾ। ਸ਼ਾਹੀ ਦਰਬਾਰੀਆਂ ਆਖਿਆ, "ਹੁਣ ਦੋਹਾਂ ਬੁਲਬੁਲਾਂ ਦੀ ਪਰਖ ਕਰ ਲਈ ਜਾਵੇ, ਤਾਂ ਹੀ ਅਸਲੀਅਤ ਦਾ ਪਤਾ ਲਗ ਸਕਦਾ ਹੈ।"

ਸ਼ਾਮ ਦੇ ਦਰਬਾਰ ਵਿਚ ਦੋਹਾਂ ਦਾ ਗਾਣਾ ਸ਼ੁਰੂ ਹੋਇਆ। ਅਸਲੀ ਬੁਲਬੁਲ ਨੇ ਆਪਣੀ ਸ਼ੈਲੀ ਮੁਤਾਬਕ ਗਾਇਨ ਕੀਤਾ। ਨਕਲੀ ਬੁਲਬੁਲ ਨੇ ਵੀ ਇਕ ਦੋ ਤਾਨਾਂ ਸੁਣਾਈਆਂ ਪਰ ਲੋਕਾਂ ਉਸ ਦੀ ਬਹੁਤ ਤਾਰੀਫ ਕੀਤੀ। ਸਭ ਦੀ ਰਾਇ ਇਹੋ ਬਣੀ ਕਿ ਹੁਣ ਇਕੱਲੀ ਜਾਪਾਨੀ ਬੁਲਬੁਲ ਹੀ ਗਾਵੇ। ਉਸਦੀ ਚਮਕ ਦਮਕ ਵਾਲੀ ਸ਼ਕਲ-ਸੂਰਤ ਵੀ ਲੋਕਾਂ ਨੂੰ ਬਹੁਤ ਪਸੰਦ ਆਈ। ਮਣੀਆਂ ਦੀ ਝਿਲਮਿਲਕਾਰ ਉਸ ਦੇ ਨਵੇਂ ਨਵੇਂ ਗੀਤਾਂ ਨੂੰ ਹੋਰ ਮਨੋਹਰ ਬਣਾ ਰਹੀ ਸੀ। ਬਾਰ ਬਾਰ ਉਸਦਾ ਗੀਤ ਸੁਣਿਆ ਗਿਆ।

ਪਰੰਤੂ ਉਹ ਤਾਂ ਹਰ ਵੇਰੀ ਉਹੋ ਇਕੋ ਰਾਗ ਹੀ ਦੁਹਰਾਈ ਜਾ ਰਹੀ ਸੀ ਫਿਰ ਵੀ ਲੋਕ ਉਸੇ ਦਾ ਗੀਤ ਸੁਣਨ ਲਈ ਉਤਾਵਲੇ ਪ੍ਰਤੀਤ ਹੋ ਰਹੇ ਸਨ। ਪਰੰਤੂ ਬਾਦਸ਼ਾਹ ਨੇ ਹੁਕਮ ਦਿੱਤਾ, "ਹੁਣ ਅਸਲੀ ਬੁਲਬੁਲ ਕੁਛ ਸੁਣਾਵੇ" ਪਰ ਉਹ ਕਿਥੇ? ਕਿਸੇ ਨੇ ਉਸ ਨੂੰ ਫੁਰਰ ਕਰਕੇ ਉਡਦਿਆਂ ਜਾਂਦਿਆਂ ਨਹੀਂ ਸੀ ਦੇਖਿਆ। ਉਹ ਤੇ ਆਪਣੇ ਘਰ ਝੀਲ ਕਿਨਾਰੇ ਜੰਗਲ ਵਿਚ ਪਹੁੰਚ ਚੁਕੀ ਸੀ।

ਬਾਦਸ਼ਾਹ ਨੇ ਪੁਛਿਆ, "ਕਿਥੇ ਗਈ ਬੁਲਬੁਲ?" ਸਾਰਾ ਦਰਬਾਰ ਉਸਨੂੰ ਕੋਸਣ ਲਗ ਪਿਆ। ਕਈ ਆਖਣ ਲਗੇ, "ਉਹ ਤੇ ਬੜਾ ਨਸ਼ੁਕਰਾ, ਠੱਗ ਪੰਛੀ ਨਿਕਲਿਆ। ਬਾਦਸ਼ਾਹ ਸਲਾਮਤ ਤੋਂ ਬਿਨਾਂ ਆਗਿਆ ਲੀਤੇ ਹੀ ਚਲਾ ਗਿਆ।"

ਸਭ ਲੋਕ ਇਸ ਨਕਲੀ ਬੁਲਬੁਲ ਦੀ ਵਡਿਆਈ ਦੇ ਪੁਲ ਬੰਨ੍ਹਣ ਲਗੇ। ਫਿਰ ਉਸ ਦਾ ਗਾਣਾ ਆਰੰਭ ਹੋਇਆ। ਬਾਰ ਬਾਰ ਲੋਕ ਉਹੋ ਇਕੋ ਗੀਤ ਸੁਣਦੇ ਗਏ।

ਇਉਂ ਪੰਜ ਵਰ੍ਹੇ ਲੰਘ ਗਏ। ਬਾਦਸ਼ਾਹ ਬੀਮਾਰ ਹੋ ਗਿਆ। ਸਾਰੀ ਪਰਜਾ ਨੂੰ ਬੜੀ ਉਦਾਸੀ ਹੋਈ। ਬੀਮਾਰੀ ਲਾਇਲਾਜ ਮਾਲੂਮ ਹੋ ਰਹੀ ਸੀ, ਲੋਕ ਨਿਰਾਸ਼ ਹੋ ਰਹੇ ਸਨ। ਉਨ੍ਹਾਂ ਨਵਾਂ ਬਾਦਸ਼ਾਹ ਚੁਣ ਲਿਆ ਤੇ ਪੁਰਾਣੇ ਬਾਦਸ਼ਾਹ ਦੀਆਂ ਅੰਤਮ ਘੜੀਆਂ ਦੀ ਇੰਤਜ਼ਾਰ ਹੋਣ ਲਗੀ।

ਬੀਮਾਰ ਬਾਦਸ਼ਾਹ ਬਹੁਤ ਕਮਜ਼ੋਰ ਹੋਣ ਦੇ ਕਾਰਨ ਨਿਰਾ ਹੱਡੀਆਂ ਦਾ ਪਿੰਜਰ ਹੀ ਰਹਿ ਗਿਆ ਸੀ। ਸਭ ਲੋਕ ਉਸ ਨੂੰ ਮਰਿਆ ਹੋਇਆ ਸਮਝਕੇ ਨਵੇਂ ਬਾਦਸ਼ਾਹ ਦੇ ਸਤਿਕਾਰ ਵਿਚ ਸਾਰੀ ਨੱਸ ਭਜ ਕਰ ਰਹੇ ਸਨ। ਪੁਰਾਣਾ ਬਾਦਸ਼ਾਹ ਭੁਲ ਚੁੱਕਾ ਸ਼ੀ। ਕਿਸੇ ਨੇ ਇਤਨੀ ਜਾਂਚ ਪੜਤਾਲ ਕਰਨ ਦਾ ਵੀ ਖਿਆਲ ਨ ਕੀਤਾ ਕਿ ਆਇਆ ਬਾਦਸ਼ਾਹ ਸਚਮੁਚ ਹੀ ਮਰ ਗਿਆ ਹੈ ਯਾ ਜਿਉਂਦਾ ਹੈ? ਇਧਰ ਬਾਦਸ਼ਾਹ ਆਪਣੇ ਮਖਮਲੀ ਪਲੰਘ ਤੇ ਬਿਰਾਜਿਆ ਹੋਇਆ ਮੌਤ ਦਾ ਇੰਤਜ਼ਾਰ ਕਰ ਰਿਹਾ ਸੀ। ਸਾਹਮਣੇ ਦੀ ਬਾਰੀ ਖੁੱਲ੍ਹੀ ਸੀ, ਪੁੰਨਿਆਂ ਦੇ ਚੰਦ ਦੀਆਂ ਰਿਸ਼ਮਾਂ ਮਣੀਆਂ-ਜੜੇ ਨਕਲੀ ਬੁਲਬੁਲ ਦੇ ਸਰੀਰ ਨੂੰ ਝਿਲਮਿਲਾ ਰਹੀਆਂ ਸਨ।

ਬਾਦਸ਼ਾਹ ਵਿਚਾਰਾ ਬੜੇ ਔਖੇ ਸਾਹ ਲੈ ਰਿਹਾ ਸੀ, ਜਿਵੇਂ ਉਸਦੀ ਛਾਤੀ ਕਿਸੇ ਭਾਰ ਨਾਲ ਦਬੀ ਹੁੰਦੀ ਹੈ। ਅਚਾਨਕ ਉਸ ਦੀਆਂ ਮੀਟੀਆਂ ਅੱਖਾਂ ਖੁੱਲ੍ਹੀਆਂ, ਉਸ ਨੇ ਵੇਖਿਆ ਮਾਨੋ ਮੌਤ ਉਸ ਦੀ ਛਾਤੀ ਤੇ ਚੜ੍ਹਦੀ ਆ ਰਹੀ ਸੀ। ਉਸ ਨੇ ਬਾਦਸ਼ਾਹ ਦਾ ਸ਼ਾਹੀ ਤਾਜ ਪਹਿਨਿਆ ਹੋਇਆ ਸੀ ਤੇ ਇਕ ਹੱਥ ਵਿਚ ਸ਼ਾਹੀ ਛਟੀ ਤੇ ਇਕ ਹੱਥ ਵਿੱਚ ਸ਼ਾਹੀ ਝੰਡਾ ਪਕੜਿਆ ਹੋਇਆ ਸੀ। ਕਮਰੇ ਵਿਚ ਪਰਦਿਆਂ ਥਾਣੀਂ ਕਿਤਨੇ ਹੀ ਚੇਹਰੇ ਝਾਕਦੇ ਨਜ਼ਰੀਂ ਪੈ ਰਹੇ ਸਨ, ਕੁਝ ਸੋਹਣੇ, ਕੁਝ ਕੋਝੇ। ਇਹ ਬਾਦਸ਼ਾਹ ਦੇ ਚੰਗੇ ਮੰਦੇ ਆਪਣੇ ਹੀ ਕਰਮ ਸਨ।

ਮੌਤ ਨੂੰ ਪਾਸ ਆਈ ਵੇਖ ਕੇ ਇਹ ਸਭ ਬਾਦਸ਼ਾਹ ਦੇ ਸਾਹਮਣੇ ਆ ਖੜੇ ਹੋਏ ਸਨ।

"ਤੁਹਾਨੂੰ ਯਾਦ ਹੈ" ਇਕ ਨੇ ਹੌਲੀ ਦੇ ਕੇ ਆਖਿਆ, ਦੂਜੇ ਨੇ ਕਿਹਾ, "ਤੁਹਾਨੂੰ ਚੰਗੀ ਤਰ੍ਹਾਂ ਚੇਤੇ ਹੋਵੇਗਾ ਕਿ............." ਇਸ ਤਰ੍ਹਾਂ ਚਿਤਾਵਨੀਆਂ ਹੁੰਦੀਆਂ ਰਹੀਆਂ। ਬਾਦਸ਼ਾਹ ਘਬਰਾਹਟ ਵਿਚ ਪਸੀਨੇ ਨਾਲ ਤਰ ਹੋ ਰਿਹਾ ਸੀ।

ਬਾਦਸ਼ਾਹ ਨੇ ਆਪਣੇ ਵਲੋਂ ਜ਼ੋਰ ਲਾ ਕੇ ਆਖਿਆ, 'ਨਹੀਂ, ਨਹੀਂ ਮੈਨੂੰ ਯਾਦ ਨਹੀਂ।" ਓ ਨਗਾਰਚੀ ! ਸ਼ਾਹੀ ਨਗਾਰੇ ਤੇ ਚੋਟ ਲਗਾਓ, ਜਿਸ ਕਰਕੇ ਮੈਂ ਇਹ ਚੰਗੀਆਂ ਮੰਦੀਆਂ ਗੱਲਾਂ ਦਾ ਰਾਮ-ਰੌਲਾ ਨਾ ਸੁਣ ਸਕਾਂ।"

ਪਰ ਉਹ ਇਕ ਇਕ ਕਰਕੇ ਸਭ ਕੁਝ ਯਾਦ ਕਰਾਉਂਦੇ ਗਏ. ਤੇ ਮੌਤ ਵੀ ਉਨ੍ਹਾਂ ਦੇ ਨਾਲ ਨਾਲ ਸਿਰ ਹਿਲਾਉਂਦੀ ਗਈ।

"ਸੰਗੀਤ ! ਸੰਗੀਤ !" ਬਾਦਸ਼ਾਹ ਨੇ ਉਚੀ ਅਵਾਜ਼ ਨਾਲ ਪੁਕਾਰਿਆ।

"ਓ ਸੁਨਹਿਰੀ ਪੰਛੀ, ਗਾ ! ਗਾ ! ਮੈਨੂੰ ਆਪਣਾ ਮਿੱਠਾ ਗੀਤ ਸੁਣਾ।"

ਬਾਦਸ਼ਾਹ ਆਪਦੇ ਗ਼ਮਾਂ ਦੀ ਮੈਲ ਧੋਣ ਲਈ ਸੰਗੀਤ ਦੇ ਮਾਨ ਸਰੋਵਰ ਵਿਚ ਤਾਰੀ ਲਾਉਣੀ ਚਾਹੁੰਦਾ ਸੀ ਪਰੰਤੂ ਮਣੀ ਜੜਤ ਨਕਲੀ ਬੁਲਬੁਲ ਖਾਮੋਸ਼ ਗੁੰਗੀ ਹੋਈ ਪਈ ਸੀ। ਕੌਣ ਉਸਨੂੰ ਚਾਬੀ ਦੇਕੇ ਚਲਾਉਂਦਾ? ਮੌਤ ਆਪਣੀ ਭਿਆਨਕ ਨਜ਼ਰ ਨਾਲ ਬਾਦਸ਼ਾਹ ਵਲ ਘੂਰ ਘੂਰ ਕੇ ਤੱਕ ਰਹੀ ਸੀ, ਸਾਰੇ ਪਾਸੇ ਇਕ ਦਮ ਸੁੰਨਸਾਨ ਛਾਈ ਹੋਈ ਸੀ।

ਇਸੇ ਸਮੇਂ ਬਾਰੀ ਵਿਚੋਂ ਅਰਸ਼ੀ ਸੰਗੀਤ ਦੀ ਮਿਠੀ ਤਾਨ ਛਿੜੀ, ਅਸਲੀ ਬੁਲਬੁਲ ਆਪਣੇ ਮਨੋਹਰ ਸੰਗੀਤ ਨਾਲ ਚਾਰੇ ਤਰਫਾਂ ਨੂੰ ਝਨਕਾਰ ਰਹੀ ਸੀ। ਮੌਤ ਦੀ ਸੇਜਾ ਤੇ ਪਏ ਬਾਦਸ਼ਾਹ ਦੀ ਦੁਖ-ਭਰੀ ਵਿਥਿਆ ਸੁਣਕੇ ਉਹ ਉਸਦੇ ਹਿਰਦੇ ਵਿਚ ਆਸ਼ਾ ਦਾ ਪ੍ਰਕਾਸ਼ ਕਰਨ ਲਈ ਆਣ ਪਹੁੰਚੀ ਸੀ। ਉਹ ਮਸਤ ਹੋਕੇ ਗਾਉਣ ਲਗੀ, ਉਸਦੀਆਂ ਜੀਵਨ ਭਰਪੂਰ ਸਵਰ-ਲਹਿਰਾਂ ਬਾਦਸ਼ਾਹ ਦੀਆਂ ਨਾੜੀਆਂ ਵਿਚ ਸੱਜਰੇ ਲਹੂ ਦਾ ਸੰਚਾਰ ਕਰ ਰਹੀਆਂ ਸਨ। ਉਹ ਭਿਆਨਕ ਚੇਹਰੇ ਯਕਾ ਯਕ ਅਲੋਪ ਹੁੰਦੇ ਗਏ। ਮੌਤ ਵੀ ਆਪਣਾ ਕੰਮ ਭੁਲ ਗਈ ਤੇ ਪੰਛੀ ਨੂੰ ਕਹਿਣ ਲੱਗੀ, "ਗਾਈ ਜਾ, ਪਿਆਰੀ ਬੁਲਬੁਲ ! ਤੇਰੇ ਗੀਤ ਬਹੁਤ ਮਨੋਹਰ ਹਨ।"

ਬੁਲਬੁਲ ਨੇ ਕਿਹਾ, "ਹਾਂ ਹਾਂ ! ਜ਼ਰੂਰ, ਪਰ ਮੈਨੂੰ ਇਕ ਸ਼ਾਹੀ ਛਟੀ

ਦੇਣੀ ਹੋਵੇਗੀ, ਇਕ ਮੈਨੂੰ ਸ਼ਾਹੀ ਝੰਡਾ ਪਕੜਾਉਣਾ ਹੋਵੇਗਾ, ਮੈਂ ਇਹ ਬਾਦਸ਼ਾਹੀ-ਮੁਕਟ ਲਵਾਂਗੀ।"

ਮੌਤ, ਸੰਗੀਤ ਦੀ ਦੀਵਾਨੀ ਕੀਤੀ ਮੌਤ, ਇਕ ਇਕ ਕਰਕੇ ਸਭ ਕੁਝ ਦੇਂਦੀ ਚਲੀ ਗਈ। ਬੁਲਬੁਲ ਹੋਰ ਜ਼ੋਰ ਸ਼ੋਰ ਨਾਲ ਗਾਉਣ ਲਗੀ। ਉਸਨੇ ਇਕਾਂਤ ਦੀ ਸੁੰਦਰ ਸਮਾਧੀ ਦਾ ਗੀਤ ਗਾਂਵਿਆਂ, ਜਿਥੇ ਮਹਿਕਦੀਆਂ ਕਲੀਆਂ ਦੇ ਖੇੜੇ ਨਾਲ ਚਾਰੇ ਤਰਫਾਂ ਸੁਗੰਧਤ ਹੋ ਰਹੀਆਂ ਸਨ ਤੇ ਜਿਥੋਂ ਦੇ ਘਾਹ ਤੇ ਪਏ ਤ੍ਰੇਲ ਤੁਪਕੇ ਦੁਖੀਆਂ ਦੇ ਦਰਦ ਵਿਚ ਅੱਥਰੂ ਕੇਰਦੇ ਮਾਲੂਮ ਦੇ ਰਹੇ ਸਨ।

ਮੌਤ ਇਹ ਗੀਤ ਸੁਣ ਕੇ ਆਪਣੇ ਬਾਗ ਨੂੰ ਵਾਪਸ ਮੁੜਨ ਲਗੀ, ਖੁਲ੍ਹੀ ਬਾਰੀ ਵਿਚੋਂ ਇਉਂ ਨਜ਼ਰ ਆਇਆ ਜਿਵੇਂ ਕਿ ਧੁੰਦ ਦੀ ਮੱਧਮ ਰੇਖਾ ਅਕਾਸ਼ ਵਿਚ ਗੁੰਮ ਹੋ ਰਹੀ ਹੋਵੇ।

ਬਾਦਸ਼ਾਹ ਨੇ ਕਿਹਾ, "ਧੰਨ ਹੈਂ, ਧੰਨ ਹੈਂ, ਓ ਸੁਰਗ ਦੇ ਪੰਛੀ ! ਤੇਰਾ ਬਾਰ ਬਾਰ ਧੰਨਵਾਦ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਤੈਨੂੰ ਆਪਣੇ ਰਾਜ ਵਿਚੋਂ ਕੱਢ ਦਿੱਤਾ ਸੀ ਪਰੰਤੂ ਫਿਰ ਵੀ ਤੂੰ ਮੌਤ ਦੇ ਪੰਜੇ ਤੋਂ ਇਸ ਸਮੇਂ ਆ ਕੇ ਮੈਨੂੰ ਬਚਾਇਆ ਹੈ। ਤੂੰ ਮੈਨੂੰ ਜ਼ਿੰਦਗੀ ਦੀ ਆਸ਼ਾ ਬਖਸ਼ੀ ਹੈ, ਮੈਂ ਤੇਰੇ ਉਪਕਾਰ ਦਾ ਬਦਲਾ ਕਿਸੇ ਤਰ੍ਹਾਂ ਵੀ ਦੇ ਨਹੀਂ ਸਕਦਾ।"

ਬੁਲਬੁਲ ਨੇ ਜਵਾਬ ਦਿੱਤਾ, "ਮੈਨੂੰ ਮੇਰੀ ਭੇਟਾ ਮਿਲ ਚੁਕੀ ਹੈ, ਰਾਜਨ! ਮੈਂ ਆਪ ਦੀ ਅੱਖਾਂ ਵਿੱਚ ਮੋਤੀਆਂ (ਹੰਝੂਆਂ) ਦਾ ਨਜ਼ਰਾਨਾ ਤੱਕ ਲਿਆ ਹੈ, ਮੇਰੇ ਲਈ ਇਹੋ ਅਮੋਲਕ ਭੇਟਾ ਹੈ। ਸੱਚੇ ਕਲਾਕਾਰ ਲਈ ਇਹੋ ਕੀਮਤੀ ਮੋਤੀ ਹੁੰਦੇ ਹਨ। ਹੁਣ ਤੁਸੀਂ ਅਰਾਮ ਕਰੋ, ਤੁਹਾਨੂੰ ਰੱਬ ਤੰਦਰੁਸਤੀ ਬਖਸ਼ੇ, ਮੈਂ ਤੁਹਾਨੂੰ ਕੁਛ ਹੋਰ ਸੰਗੀਤ ਸੁਣਾਉਂਦੀ ਹਾਂ।"

ਇਹ ਆਖਕੇ ਬੁਲਬੁਲ ਫਿਰ ਗਾਉਣ ਲਗ ਪਈ। ਉਸਦੇ ਸ਼ਾਂਤੀ ਦੇ ਗੀਤ ਵਿਚ ਅਰਸ਼ਾਂ ਦੀ ਮਸਤੀ ਛਾਈ ਹੋਈ ਸੀ। ਬਾਦਸ਼ਾਹ ਗੂੜ੍ਹੀ ਨੀਂਦ ਦੀ ਗੋਦ ਵਿੱਚ ਸੌਂਦਾ ਗਿਆ।

ਚੜ੍ਹਦੇ ਸੂਰਜ ਦੀਆਂ ਲਾਲ ਰਿਸ਼ਮਾਂ ਬਾਰੀ ਥਾਣੀਂ ਆਕੇ ਬਾਦਸ਼ਾਹ ਦਾ ਚੇਹਰਾ ਚਮਕਾ ਰਹੀਆਂ ਸਨ। ਬਾਦਸ਼ਾਹ ਦਾ ਸਰੀਰ ਹੁਣ ਬਿਲਕੁਲ ਨਵਾਂ ਨਰੋਆ ਹੋਇਆ ਜਾਪਦਾ ਸੀ, ਉਸ ਅੱਖੀਆਂ ਖੋਲ੍ਹੀਆਂ। ਜਦੋਂ ਉਸ ਤੱਕਿਆ, ਸ਼ਾਹੀ ਮਹੱਲ ਦਾ ਕੋਈ ਵੀ ਨੌਕਰ ਉਸ ਦੇ ਕਮਰੇ ਦੇ ਲਾਗੇ ਚਾਗੇ ਕਿਤੇ ਨਹੀਂ ਸੀ। ਉਨ੍ਹਾਂ ਨੂੰ ਕੀ ਪਤਾ ਸੀ ਕਿ ਬਾਦਸ਼ਾਹ ਅਜੇ ਤਕ ਜੀਉਂਦਾ ਹੈ, ਉਨ੍ਹਾਂ ਖਿਆਲ ਅਨੁਸਾਰ ਤਾਂ ਮਹਾਰਾਜ ਮਰ ਚੁੱਕੇ ਸਨ। ਬੁਲਬੁਲ ਉਨ੍ਹਾਂ ਦੇ ਪਾਸ ਬੈਠੀ ਗੁਣਗੁਣਾ

ਰਹੀ ਸੀ।

ਬਾਦਸ਼ਾਹ ਨੇ ਕਿਹਾ, 'ਪਿਆਰੇ ਪੰਛੀ ! ਤੂੰ ਹੀ ਮੇਰੇ ਪਾਸ ਸਦਾ ਰਹੁ, ਜਦ ਆਪ ਦੀ ਇੱਛਾ ਹੋਵੇ ਮੈਨੂੰ ਮਿੱਠਾ ਗੀਤ ਸੁਣਾ ਦਿਆ ਕਰਨਾ। ਅਜ ਮੈਂ ਇਸ ਨਕਲੀ ਪੰਛੀ ਨੂੰ ਟੋਟੇ ਟੋਟੇ ਕਰ ਦੇਣਾ ਚਾਹੁੰਦਾ ਹਾਂ।"

ਬੁਲਬੁਲ ਨੇ ਕਿਹਾ, "ਐਸਾ ਨਾ ਕਰਨਾ, ਇਸ ਬਿਚਾਰੇ ਦਾ ਕੀ ਕਸੂਰ ਹੈ? ਜਦੋਂ ਤਕ ਹੋ ਸਕਿਆ, ਇਸ ਆਪਣਾ ਕੰਮ ਕੀਤਾ ਹੈ।'

ਦੂਸਰੇ, ਮੈਂ ਤੁਹਾਡੇ ਸ਼ਾਹੀ ਮਹਿਲਾਂ ਵਿਚ ਕਿਵੇਂ ਰਹਿ ਸਕਦੀ ਹਾਂ। ਮੇਰੇ ਬੱਚਿਆਂ ਦੇ ਰਹਿਣ ਲਈ ਇਥੇ ਕੋਈ ਆਲ੍ਹਣਾ ਨਹੀਂ ਬਣ ਸਕਦਾ। ਹਾਂ? ਮੈਂ ਆਪਣੀ ਮਰਜ਼ੀ ਅਨੁਸਾਰ ਆਪਦੇ ਮਹਿਲਾਂ ਵਿੱਚ ਆਇਆ ਕਰਾਂਗੀ ਤੇ ਸਾਹਮਣੇ ਦੀ ਬਾਰੀ ਵਿਚ ਟਾਹਣੀ ਤੇ ਬੈਠਕੇ ਤੁਹਾਨੂੰ ਗੀਤ ਸੁਣਾ ਜਾਇਆ ਕਰਾਂਗੀ। ਮੈਂ ਤੁਹਾਨੂੰ ਖੁਸ਼ੀ ਗਮੀ ਸਭ ਦੇ ਗੀਤ ਸੁਣਾਇਆ ਕਰਾਂਗੀ।

ਮੈਂ ਉਨ੍ਹਾਂ ਚੰਗੀਆਂ ਮੰਦੀਆਂ ਗੱਲਾਂ ਦਾ ਵੀ ਤੁਹਾਨੂੰ ਸੰਗੀਤ ਸੁਣਾਵਾਂਗਾ, ਜੋ ਤੁਹਾਡੇ ਤਕ ਕਦੀ ਪੁਜਦੀਆਂ ਹੀ ਨਹੀਂ। ਮੈਂ ਦੂਰ ਦੂਰ ਤਕ ਉੱਡਦਾ ਹਾਂ, ਮੈਂ ਗਰੀਬਾਂ ਦੀਆਂ ਕੁਟੀਆਂ ਵਿਚ ਵੀ ਜਾਂਦਾ ਹਾਂ, ਜਿਥੇ ਕਿ ਆਪ ਦੇ ਅਮੀਰ ਵਜ਼ੀਰ ਵੀ ਨਹੀਂ ਪਹੁੰਚਦੇ। ਮੈਂ ਤੁਹਾਨੂੰ ਦਿਲੀ ਪਿਆਰ ਕਰਦਾ ਹਾਂ ਮੈਂ ਤੁਹਾਡੀ ਆਗਿਆ ਅਨੁਸਾਰ ਤੁਹਾਨੂੰ ਸੰਗੀਤ ਸੁਣਾ ਜਾਇਆ ਕਰਾਂਗਾ ਪਰ ਮੈਨੂੰ ਇਕ ਗੱਲ ਦਾ ਭਰੋਸਾ ਜ਼ਰੂਰ ਦਿਵਾਓ।"

ਬਾਦਸ਼ਾਹ ਨੇ ਕਿਹਾ, "ਜ਼ਰੂਰ" ਇਹ ਆਖਦਾ ਹੋਇਆ ਉਹ ਉਠ ਖੜਾ ਹੋਇਆ ਉਸ ਦੇ ਸ਼ਾਹੀ ਲਿਬਾਸ ਵਿਚ ਇਕ ਅਨੋਖੀ ਚਮਕ ਸੀ ਉਸ ਆਪਣੀ ਸ਼ਾਹੀ ਛਟੀ ਆਪਣੀ ਛਾਤੀ ਨਾਲ ਲਾਈ।

"ਮੇਰੀ ਇਕੋ ਹੀ ਪ੍ਰਾਰਥਨਾ ਹੈ" ਬੁਲਬੁਲ ਨੇ ਕਿਹਾ, "ਤੁਸੀਂ ਕਦੀ ਕਿਸੇ ਨੂੰ ਇਹ ਨਾ ਕਹਿਣਾ ਕਿ ਕੋਈ ਪੰਛੀ ਆਪ ਨੂੰ ਕੁਝ ਕਹਿੰਦਾ ਹੈ" ਬਸ ਇਤਨੀ ਮੇਰੇ ਤੇ ਕ੍ਰਿਪਾ ਰਖਣੀ।"

ਇਹ ਆਖਦੀ ਹੋਈ ਬੁਲਬੁਲ ਫਰਰ ਕਰਕੇ ਉਡ ਗਈ।

ਬਾਦਸ਼ਾਹ ਨਵੇਂ ਨਰੋਏ ਸਰੀਰ ਵਾਂਙ ਇਧਰ ਉਧਰ ਟਹਿਲ ਰਿਹਾ ਸੀ, ਮਾਨੋ ਉਸਦੀ ਜ਼ਿੰਦਗੀ ਵਾਪਸ ਆ ਗਈ ਸੀ।

-ਚੀਨੀ ਕਹਾਣੀ

❖ ❖ ❖

(੫) ਚਿਤ੍ਰਕਾਰ

ਕਿਸੇ ਜ਼ਮਾਨੇ ਦੇ ਇਕ ਚਿਤ੍ਰਕਾਰ ਦੀ ਗੱਲ ਹੈ। ਉਹ ਇਕ ਚਿਤ੍ਰ ਬਣਾ ਰਿਹਾ ਸੀ। ਉਸ ਦੇ ਹੋਰ ਸਾਥੀ ਚਿਤ੍ਰਕਾਰ ਵੀ ਆਪਣੇ ਆਪਣੇ ਚਿਤ੍ਰ ਤਿਆਰ ਕਰ ਰਹੇ ਸਨ। ਉਨ੍ਹਾਂ ਪਾਸ ਬੜੇ ਚੰਗੇ ਕੀਮਤੀ ਤੇ ਕਈ ਕਿਸਮਾਂ ਦੇ ਰੰਗ ਸਨ। ਪਰ ਸਾਡਾ ਚਿਤ੍ਰਕਾਰ ਕੇਵਲ ਇਕੋ ਰੰਗ ਨਾਲ ਹੀ ਚਿਤ੍ਰਿਆ ਕਰਦਾ ਸੀ। ਉਸ ਦੇ ਚਿਤ੍ਰ ਦਾ ਹਰ ਪਾਸਾ ਲਾਲ ਰੰਗ ਦੀ ਭਾਅ ਹੀ ਮਾਰਦਾ ਸੀ। ਲੋਕ ਉਸ ਨੂੰ ਵੇਖ ਕੇ ਖੁਸ਼ੀ ਵਿਚ ਨੱਚ ਉਠਦੇ ਤੇ ਆਖਦੇ, "ਸਾਨੂੰ ਤੇਰਾ ਇਹ ਚਿਤ੍ਰ ਬਹੁਤ ਪਸੰਦ ਹੈ, ਇਸ ਤੇ ਕੈਸੀ ਲਾਲੀ ਚਮਕਾਂ ਮਾਰ ਰਹੀ ਹੈ, ਉਸ਼ਾ ਵਾਂਙ।"

ਦੂਸਰੇ ਚਿਤ੍ਰਕਾਰ ਉਸ ਦਾ ਇਹ ਲਾਲ ਚਿਤ੍ਰ ਦੇਖ ਕੇ ਸੋਚਣ ਲਗ ਜਾਂਦੇ ਤੇ ਆਪਸ ਵਿਚ ਗੱਲਾਂ ਕਰਦੇ ਕਿ ਇਹ ਅਜਿਹਾ ਸੁੰਦਰ ਰੰਗ ਕਿਥੋਂ ਲਿਆਉਂਦਾ ਹੈ?"

ਆਖਰਕਾਰ ਸਾਰੇ ਚਿਤ੍ਰਕਾਰ ਉਸ ਪਾਸ ਪਹੁੰਚਦੇ ਤੇ ਪੁਛਦੇ ਪਰ ਉਹ ਮੁਸਕ੍ਰਾ ਕੇ ਇਤਨਾ ਹੀ ਕਹਿੰਦਾ, "ਇਹ ਦੱਸਣ ਵਾਲੀ ਗੱਲ ਨਹੀਂ" ਤੇ ਇਉਂ ਉਹ ਸਿਰ ਸੁਟ ਕੇ ਫਿਰ ਆਪਣੇ ਕੰਮ ਵਿਚ ਮਗਨ ਹੋ ਜਾਂਦਾ।

ਇਨ੍ਹਾਂ ਚਿਤ੍ਰਕਾਰਾਂ ਵਿਚੋਂ ਇਕ ਪੂਰਬ ਦੇਸਾਂ ਵਲ ਆਇਆ ਤੇ ਇਧਰੋਂ ਕਈ ਕੀਮਤੀ ਰੰਗ ਖਰੀਦ ਕੇ ਲੈ ਗਿਆ। ਇਨ੍ਹਾਂ ਅਮੋਲਕ ਰੰਗਾਂ ਨਾਲ ਉਸ ਆਪਣਾ ਇਕ ਚਿਤ੍ਰ ਤਿਆਰ ਕੀਤਾ, ਪਰ ਕੁਛ ਦਿਨਾਂ ਬਾਦ ਉਹ ਵੀ ਫਿੱਕਾ ਪੈ ਗਿਆ।

ਇਕ ਦੂਸਰੇ ਚਿਤ੍ਰਕਾਰ ਨੇ ਕਈਆਂ ਪੁਰਾਣੀਆਂ ਪੁਸਤਕਾਂ ਨੂੰ ਫੋਲਿਆ, ਉਨ੍ਹਾਂ ਵਿਚ ਲਿਖੇ ਅੱਛੇ ਅੱਛੇ ਨੁਸਖੇ ਮੰਗਾ ਕੇ ਚੰਗੇ ਰੰਗ ਤਿਆਰ ਕਰਾਏ। ਉਨ੍ਹਾਂ ਰੰਗਾਂ ਨਾਲ ਜਦੋਂ ਉਸ ਆਪਣਾ ਚਿਤ੍ਰ ਤਿਆਰ ਕੀਤਾ, ਉਹ ਵੀ ਕੁਛ ਸਮੇਂ ਬਾਦ ਮੱਧਮ ਪੈਂਦਾ ਗਿਆ। ਰੰਗ ਦੀ ਉਹ ਚਮਕ ਦਮਕ ਨਾ ਰਹੀ। ਸਾਰੇ ਚਿਤ੍ਰਕਾਰ

ਆਪਣੇ ਯਤਨਾਂ ਤੋਂ ਬੇ-ਆਸ ਸਨ।

ਪਰੰਤੂ ਉਹ ਚਿਤ੍ਰਕਾਰ ਆਪਣਾ ਚਿਤ੍ਰ ਬਣਾਉਂਦਾ ਗਿਆ, ਉਸ ਦੇ ਚਿਤ੍ਰ ਦਾ ਰੰਗ ਅਗੇ ਨਾਲੋਂ ਵੀ ਰੋਜ਼ ਰੋਜ਼ ਹੋਰ ਲਾਲ ਹੁੰਦਾ ਗਿਆ ਤੇ ਦੂਜੇ ਚਿਤ੍ਰਕਾਰਾਂ ਦੇ ਚਿਤ੍ਰ ਹੌਲੀ ਹੌਲੀ ਫਿਕੇ ਪੈਂਦੇ ਗਏ।

ਇਕ ਦਿਨ ਲੋਕਾਂ ਵੇਖਿਆ ਕਿ ਉਹੋ ਚਿਤ੍ਰਕਾਰ ਆਪਣੇ ਚਿਤ੍ਰ ਦੇ ਪਾਸੇ ਹੀ ਮਰਿਆ ਪਿਆ ਹੈ, ਉਸ ਦੇ ਪ੍ਰਾਣ-ਪੰਖੇਰੂ ਉਡ ਚੁਕੇ ਹਨ। ਲੋਕ ਉਸ ਨੂੰ ਦਫਨਾਉਣ ਲਈ ਮਰਘਟ ਅਸਥਾਨ ਵਲ ਲੈ ਟੁਰੇ। ਕੁਛ ਲੋਕਾਂ ਉਸ ਦੀਆਂ ਰੰਗਾਂ ਦੀਆਂ ਪਿਆਲੀਆਂ ਤੇ ਬੁਰਸ਼ਾਂ ਨੂੰ ਗਹੁ ਨਾਲ ਵੇਖਿਆ, ਪੜਤਾਲਿਆ ਤਾਂਕਿ ਪਤਾ ਲਗ ਸਕੇ ਕਿ ਉਸ ਦੇ ਚਿਤ੍ਰਾਂ ਵਿਚ ਇਤਨੀ ਸੁੰਦਰ ਲਾਲੀ ਕਿਉਂ ਭਾਅ ਮਾਰਦੀ ਰਹਿੰਦੀ ਹੈ, ਪਰ ਕਿਸੇ ਨੂੰ ਕੁਛ ਨ ਪਤਾ ਲੱਗਾ।

ਚਿਤ੍ਰਕਾਰ ਦਾ ਅੰਤਮ ਸੰਸਕਾਰ ਕਰਨ ਸਮੇਂ ਉਸਦਾ ਇਸ਼ਨਾਨ ਕਰਾਉਣ ਲਈ ਕਪੜੇ ਲਾਹੇ ਗਏ। ਤਾਂ ਕੀ ਵੇਖਿਆ ਕਿ ਉਸਦੀ ਛਾਤੀ ਦੇ ਖੱਬੇ ਪਾਸੇ ਇਕ ਤਕੜੇ ਡੂੰਘੇ ਜ਼ਖਮ ਦਾ ਨਿਸ਼ਾਨ ਹੈ। ਇਹ ਬਹੁਤ ਪੁਰਾਣਾ ਜ਼ਖਮ ਸੀ। ਹੋ ਸਕਦਾ ਹੈ ਕਿ ਇਹ ਘਾਉ ਉਸਦੇ ਜਨਮ ਸਮੇਂ ਤੋਂ ਹੀ ਚਲਿਆ ਆ ਰਿਹਾ ਹੋਵੇ ਕਿਉਂਕਿ ਉਸਦੇ ਕੰਢੇ ਸੁਕੇ ਹੋਏ ਸਨ ਤੇ ਉਹ ਬਹੁਤ ਚਿਰਾਂ ਦਾ ਪੁਰਾਣਾ ਪਰਤੀਤ ਦੇ ਰਿਹਾ ਸੀ। ਮੌਤ ਨੇ ਆਪਣੇ ਸੁਭਾ ਅਨੁਸਾਰ ਇਸਦਾ ਅੰਤ ਕਰ ਦਿੱਤਾ ਤੇ ਹੁਣ ਇਹ ਜ਼ਖਮ ਵੀ ਮੁਰਦਾ ਹੀ ਹੋ ਚੁੱਕਾ ਸੀ।

ਲੋਕਾਂ ਨੇ ਉਸਨੂੰ ਨਲ੍ਹਾ ਧੁਲਾ ਕੇ ਦਫਨਾ ਦਿੱਤਾ।

ਫਿਰ ਵੀ ਲੋਕ ਅਜੇ ਪੁਛ ਹੀ ਰਹੇ ਸਨ :-

'ਉਹ ਆਪਣੇ ਚਿਤ੍ਰਾਂ ਲਈ ਰੰਗ ਕਿਥੋਂ ਲਿਆਉਂਦਾ ਸੀ?'

ਕੁਛ ਦਿਨਾਂ ਬਾਦ ਲੋਕ ਉਸ ਚਿਤ੍ਰਕਾਰ ਨੂੰ ਤਾਂ ਭੁੱਲ ਗਏ ਪਰੰਤੂ ਇਸਦੀ ਕਲਾ ਹਮੇਸ਼ਾਂ ਲਈ ਅਮਰ ਹੋ ਗਈ, ਉਸਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ।

-ਆਲਵ ਸ਼ਰੀਨਰ

❖ ❖ ❖

(੬) ਆਜ਼ਾਦੀ

ਹਿਮਾਲੀਆ ਪਹਾੜ ਦਾ ਨਾਮ ਤਾਂ ਤੁਸੀਂ ਸੁਣਿਆ ਹੀ ਹੋਵੇਗਾ, ਇਸ ਤੋਂ ਵੱਡਾ ਪਹਾੜਾ ਸ਼ੈਦ ਹੀ ਦੁਨੀਆਂ ਵਿਚ ਹੋਵੇ। ਹਜ਼ਾਰਾਂ ਮੀਲ ਲੰਬਾ ਤੇ ਉਚਾ ਇਤਨਾ ਹੈ ਕਿ ਅਜੇ ਤਕ ਕੋਈ ਉਥੇ ਪਹੁੰਚ ਨਹੀਂ ਸਕਿਆ। ਇਸ ਪਹਾੜ ਦੀ ਕੁੱਖ ਵਿਚ ਕਈ ਵਸਤੀਆਂ ਹਨ, ਜਿਨ੍ਹਾਂ ਵਿਚੋਂ ਇਕ ਅਲਮੋੜਾ ਵੀ ਹੈ।

ਅਲਮੋੜੇ ਇਕ ਮੀਆਂ ਸਾਹਿਬ ਰਹਿੰਦੇ ਸਨ, ਉਨ੍ਹਾਂ ਦਾ ਨਾਮ ਸੀ ਅਬੂ ਖ਼ਾਂ। ਅਬੂ ਖ਼ਾਂ ਨੂੰ ਬੱਕਰੀਆਂ ਪਾਲਣ ਦਾ ਚੰਗਾ ਸ਼ੌਂਕ ਸੀ। ਬੇਚਾਰਾ ਇਕੱਲਾ ਸੀ, ...ਰ ਦੋ ਬੱਕਰੀਆਂ ਰਖਦਾ ਤੇ ਇਧਰ ਉਧਰ ਚਾਰ ਛੱਡਦਾ। ਉਸ ਬੱਕਰੀਆਂ ...ਮ ਵੀ ਬੜੇ ਅਜੀਬ ਜੇਹੇ ਰੱਖੇ ਹੋਏ ਸਨ, ਕਿਸੇ ਦਾ ਗੁਜਰੀ, ਕਿਸੇ ਦਾ ...ਕਮਾ ਤੇ ਕਿਸੇ ਦਾ ਮੂੰਗੀਆ ਤੇ ਕਿਸੇ ਦਾ ਕੱਲੂ। ਪਤਾ ਨਹੀਂ ਇਨ੍ਹਾਂ ਨਾਲ ਉਹ ਕੀ ਕੀ ਗੱਲਾਂ ਕਰਦਾ ਰਹਿੰਦਾ ਤੇ ਸ਼ਾਮ ਨੂੰ ਘਰ ਲਿਆ ਬੰਨ੍ਹ ਦੇਂਦਾ। ਅਲਮੋੜਾ ਪਹਾੜੀ ਥਾਂ ਹੈ, ਜਿਸ ਕਰਕੇ ਅਬੂ ਖਾਂ ਦੀਆਂ ਬੱਕਰੀਆਂ ਵੀ ਪਹਾੜੀ ਨਸਲ ਦੀਆਂ ਹੁੰਦੀਆਂ ਸਨ।

ਅਬੂ ਖ਼ਾਂ ਬੇਚਾਰਾ ਗਰੀਬ ਸੀ, ਕਦੇ ਕਦੇ ਉਸ ਦੀਆਂ ਬੱਕਰੀਆਂ ਰਾਤ ਨੂੰ ਰੱਸੀ ਤੁੜਵਾ ਕੇ ਇਧਰ ਉਧਰ ਦੌੜ ਵੀ ਜਾਂਦੀਆਂ ਸਨ। ਪਹਾੜੀ ਬੱਕਰੀਆਂ ਦਾ ਕਿੱਲੇ ਬੰਨ੍ਹਿਆਂ ਘਬਰਾ ਜਾਣਾ ਕੁਦਰਤੀ ਗੱਲ ਹੈ। ਰੱਸਾ ਤੁੜਾ ਕੇ ਨੱਸੀਆਂ ਬੱਕਰੀਆਂ ਪਹਾੜੀਂ ਚੜ ਜਾਂਦੀਆਂ ਸਨ। ਉਥੇ ਇਕ ਬਘਿਆੜ ਰਹਿੰਦਾ ਸੀ, ਜੋ ਕਿ ਇਨ੍ਹਾਂ ਬੱਕਰੀਆਂ ਨੂੰ ਖਾ ਜਾਇਆ ਕਰਦਾ ਸੀ। ਇਹ ਅਜੀਬ ਗੱਲ ਸੀ ਕਿ ਨਾ ਤਾਂ ਬੱਕਰੀਆਂ ਨੂੰ ਅਬੂ ਖਾਂ ਦੀ ਮੁਹੱਬਤ ਤੇ ਦਾਣਿਆਂ ਦਾ ਲਾਲਚ ਹੀ ਦੌੜਨੋਂ ਰੋਕ ਕੇ ਰੱਖ ਸਕਦਾ ਸੀ ਤੇ ਨਾ ਹੀ ਬਘਿਆੜ ਦਾ ਡਰ ਉਨ੍ਹਾਂ ਨੂੰ ਰੁਕਾਵਟ ਪਾਉਂਦਾ ਸੀ। ਸ਼ਾਇਦ ਇਸਦਾ ਕਾਰਨ ਇਹ ਹੋਵੇ ਕਿ ਪਹਾੜੀ ਜਾਨਵਰਾਂ ਨੂੰ ਆਜ਼ਾਦੀ ਤੇ ਖੁਲ੍ਹੇ ਫਿਰਨ ਨਾਲ ਬਹੁਤ ਪਿਆਰ ਹੁੰਦਾ ਹੈ। ਉਹ ਆਪਣੀ

ਆਜ਼ਾਦੀ ਨੂੰ ਕਿਸੇ ਕੀਮਤ ਤੇ ਵੀ ਦੇਣਾ ਪਸੰਦ ਨਹੀਂ ਕਰਦੇ। ਸਗੋਂ ਕਸ਼ਟ ਤੇ ਮੁਸ਼ਕਲਾਂ ਝੱਲਕੇ ਵੀ ਆਰਾਮ ਤੇ ਅਨੰਦ ਦੀ ਕੈਦ ਨਾਲੋਂ ਆਜ਼ਾਦ ਰਹਿਣਾ ਵਧੇਰੇ ਚੰਗਾ ਸਮਝਦੇ ਹਨ।

ਜਦੋਂ ਵੀ ਕੋਈ ਬੱਕਰੀ ਇਧਰ ਉਧਰ ਹੋ ਜਾਂਦੀ, ਅਬੂ ਖਾਂ ਬੇਚਾਰਾ ਫਿਕਰ ਵਿਚ ਮੱਥੇ ਤੇ ਹੱਥ ਧਰਕੇ ਬਹਿ ਜਾਂਦਾ। ਉਸਦੀ ਸਮਝ ਵਿਚ ਨਹੀਂ ਸੀ ਆਉਂਦਾ, ਉਹ ਸੋਚਦਾ ਕਿ ਹਰਾ ਹਰਾ ਘਾਹ ਵੀ ਇਨ੍ਹਾਂ ਨੂੰ ਖੁਲਾਂਦਾ ਹਾਂ, ਲੁਕ ਛੁਪ ਕੇ ਗੁਆਂਢੀਆਂ ਦੇ ਧਾਨਾਂ ਦੇ ਖੇਤ ਵਿਚ ਵੀ ਮੌਜ ਮਾਣਨ ਦਾ ਮੌਕਾ ਦੇਂਦਾ ਹਾਂ, ਸ਼ਾਮ ਨੂੰ ਦਾਣਾ ਵੀ ਪਾਉਂਦਾ ਹਾਂ। ਮਗਰ ਇਹ ਬਦ-ਕਿਸਮਤ ਫਿਰ ਵੀ ਮੇਰੇ ਪਾਸ ਨਹੀਂ ਰਹਿੰਦੀਆਂ, ਦੌੜ ਕੇ ਪਹਾੜ ਤੇ ਪਹੁੰਚ ਬਘਿਆੜ ਨੂੰ ਆਪਣਾ ਲਹੂ ਪਿਆਉਣਾ ਹੀ ਪਸੰਦ ਕਰਦੀਆਂ ਹਨ।

ਜਦੋਂ ਅਬੂ ਖਾਂ ਦੀਆਂ ਬਹੁਤ ਸਾਰੀਆਂ ਬੱਕਰੀਆਂ ਇਉਂ ਦੌੜ ਗਈਆਂ ਤਾਂ ਬੇਚਾਰਾ ਉਦਾਸ ਹੋਕੇ ਕਹਿਣ ਲੱਗਾ, 'ਹੁਣ ਕੋਈ ਬੱਕਰੀ ਨਹੀਂ ਰਖਾਂਗਾ। ਜ਼ਿੰਦਗੀ ਦੇ ਥੋੜ੍ਹੇ ਹੀ ਦਿਨ ਬਾਕੀ ਹਨ, ਬਿਨਾਂ ਬੱਕਰੀਆਂ ਤੋਂ ਹੀ ਆਪੇ ਲੰਘ ਜਾਣਗੇ।' ਮਗਰ ਇਕੱਲ ਬੜੀ ਦੁਖਦਾਈ ਚੀਜ਼ ਹੈ। ਫਿਰ ਨਾ ਰਿਹਾ ਗਿਅ ਅਬੂ ਖ਼ਾਂ ਇਕ ਬੱਕਰੀ ਖਰੀਦ ਹੀ ਲਿਆਇਆ। ਇਹ ਬੱਕਰੀ ਅਜੇ ਸਾਲ ਸਵਾ ਸਾਲ ਦੀ ਛੋਟੀ ਹੀ ਸੀ।

ਇਸ ਦਾ ਖਿਆਲ ਸੀ ਕਿ ਸ਼ਾਇਦ ਪਹਿਲਾਂ ਤੋਂ ਹੀ ਗਿਝਾ ਲੈਣ ਨਾਲ ਇਹ ਬੱਕਰੀ ਖੁਲ੍ਹੇ ਪਹਾੜਾਂ ਵਿਚ ਜਾ ਕੇ ਬਘਿਆੜ ਦਾ ਸ਼ਿਕਾਰ ਹੋਣੋਂ ਬਚ ਜਾਵੇਗੀ। ਚੰਗੇ ਚਾਰੇ ਦਾਣੇ ਦਾ ਲਾਲਚ ਇਸ ਨੂੰ ਇਥੋਂ ਨਹੀਂ ਜਾਣ ਦੇਵੇਗਾ। ਇਹ ਬੱਕਰੀ ਚਿੱਟੇ ਦੋਧੀ ਰੰਗ ਦੀ ਤੇ ਬੜੀ ਖ਼ੂਬਸੂਰਤ ਸੀ। ਲੰਮੇ ਲੰਮੇ ਵਾਲ ਤੇ ਛੋਟੇ ਛੋਟੇ ਕਾਲੇ ਸਿੰਗ ਇਉਂ ਮਾਲੂਮ ਹੁੰਦੇ ਸਨ, ਜਿਵੇਂ ਆਬਨੂਸ ਦੀ ਕਾਲੀ ਲੱਕੜੀ ਦੇ ਹੀ ਘੜ ਕੇ ਬਣਾਏ ਹੁੰਦੇ ਹਨ। ਅਗਰ ਉਸ ਦੀਆਂ ਲਾਲ ਲਾਲ ਅੱਖੀਆਂ ਤੁਸੀਂ ਵੇਖਦੇ ਤਾਂ ਕਹਿ ਉਠਦੇ "ਚੰਗਾ ਹੁੰਦਾ ਜੇ ਇਹ ਬੱਕਰੀ ਮੈਂ ਹੀ ਰੱਖੀ ਹੁੰਦੀ।"

ਕੇਵਲ ਇਹ ਦੇਖਣ ਨੂੰ ਹੀ ਸੋਹਣੀ ਨਹੀਂ ਸੀ, ਸੁਭਾ ਦੀ ਵੀ ਬਹੁਤ ਚੰਗੀ ਸੀ। ਹਮੇਸ਼ਾਂ ਪਿਆਰ ਕਰਦੀ ਅਬੂ ਦੇ ਹੱਥ ਚਟਦੀ ਰਹਿੰਦੀ ਸੀ। ਦੁਧ ਚੋਣ ਭਾਵੇਂ ਕੋਈ ਬੱਚਾ ਹੀ ਬੈਠ ਜਾਵੇ, ਨਾ ਲੱਤ ਮਾਰਦੀ ਤੇ ਨਾ ਹੀ ਦੁਧ ਵਾਲਾ ਬਰਤਨ

ਡੇਗਦੀ। ਉਸ ਦੀਆਂ ਅਜੇਹੀਆਂ ਖੂਬੀਆਂ ਵੇਖ ਕੇ ਅਬੂ ਖਾਂ ਉਸ ਦਾ ਆਸ਼ਕ ਹੋ ਗਿਆ ਸੀ, ਇਸੇ ਪਿਆਰ ਵਿਚ ਉਸਨੇ ਇਸਦਾ ਨਾਮ ਚਾਂਦਨੀ ਰਖਿਆ। ਉਹ ਰਾਤ ਦਿਨ ਉਸ ਨਾਲ ਗੱਲਾਂ ਕਰਦਾ ਰਹਿੰਦਾ, ਕਦੀ ਉਸ ਨੂੰ ਚਾਚੇ ਘਸੀਟੇ ਦੀਆਂ ਗੱਲਾਂ ਦਸਦਾ ਤੇ ਕਦੀ ਮਾਮੇ ਨੱਥੂ ਦੀਆਂ ਕਹਾਣੀਆਂ ਸੁਣਾਉਂਦਾ।

ਅਬੂ ਖਾਂ ਇਹ ਸੋਚ ਕੇ ਕਿ ਬੱਕਰੀਆਂ ਸ਼ਾਇਦ ਮੇਰੇ ਤੰਗ ਵੇਹੜੇ ਵਿਚ ਘਬਰਾ ਜਾਂਦੀਆਂ ਹੋਣ, ਉਸ, ਚਾਂਦਨੀ ਦੇ ਲਈ ਨਵਾਂ ਪ੍ਰਬੰਧ ਕਰ ਦਿੱਤਾ। ਘਰੋਂ ਕੁਛ ਦੂਰ ਉਸਦਾ ਛੋਟਾ ਜੇਹਾ ਖੇਤ ਸੀ, ਉਥੇ ਬੜੀ ਮੇਹਨਤ ਨਾਲ ਅਬੂ ਖਾਂ ਨੇ ਝਾੜ ਕੰਡੇ ਸੁਟ ਕੇ ਇਕ ਵਾੜਾ ਵਲ ਦਿੱਤਾ। ਕੀਲਾ ਗੱਡ ਕੇ ਇਕ ਲੰਮੀ ਰੱਸੀ ਨਾਲ ਚਾਂਦਨੀ ਨੂੰ ਬੰਨ੍ਹ ਦਿੱਤਾ ਤਾਂ ਕਿ ਉਹ ਖੁਲ੍ਹੀ ਤਰ੍ਹਾਂ ਇਧਰ ਉਧਰ ਫਿਰ ਸਕੇ। ਕਾਫੀ ਸਮਾਂ ਇਉਂ ਲੰਘ ਗਿਆ। ਬਾਬੇ ਅਬੂ ਨੂੰ ਹੁਣ ਯਕੀਨ ਹੋ ਗਿਆ ਕਿ ਉਹ ਬੱਕਰੀ ਨਹੀਂ ਦੌੜੇਗੀ।

ਮਗਰ ਅਬੂ ਖਾਂ ਭੁਲੇਖੇ ਵਿਚ ਸੀ, ਆਜ਼ਾਦੀ ਦੀ ਤੜਪ ਨੂੰ ਇਤਨੀ ਆਸਾਨੀ ਨਾਲ ਦਿਲੋਂ ਨਹੀਂ ਕੱਢਿਆ ਜਾ ਸਕਦਾ। ਖੁਲ੍ਹੇ ਜੰਗਲਾਂ ਤੇ ਪਹਾੜਾਂ ਵਿਚ ਵਿਚਰਨ ਵਾਲੇ ਜਾਨਵਰਾਂ ਦਾ ਤੰਗ ਵੇਹੜਿਆਂ ਵਿਚ ਤਾਂ ਦਮ ਘੁਟੀਣ ਲਗ ਪੈਂਦਾ ਹੈ, ਉਹ ਚੈਨ ਨਾਲ ਬੈਠ ਨਹੀਂ ਸਕਦੇ। ਕੈਦ ਕਿਸੇ ਤ੍ਰਾਂ ਦੀ ਹੋਵੇ ਆਖ਼ਰ ਉਹ ਕੈਦ ਹੈ। ਅਬੂ ਖ਼ਾਂ ਦਾ ਇਹ ਖਿਆਲ ਠੀਕ ਨਹੀਂ ਸੀ ਕਿ ਚਾਂਦਨੀ ਪਹਾੜ ਦੀ ਹਵਾ ਭੁਲ ਚੁੱਕੀ ਹੈ।

ਇਕ ਦਿਨ ਪ੍ਰਭਾਤ ਸਮੇਂ ਜਦੋਂ ਕਿ ਸੂਰਜ ਅਜੇ ਪਹਾੜੀ ਚੋਟੀਆਂ ਨੂੰ ਲੰਘ ਕੇ ਇਧਰ ਨਹੀਂ ਆਇਆ ਸੀ, ਚਾਂਦਨੀ ਨੇ ਉਤਾਂਹ ਵਲ ਨਜ਼ਰ ਮਾਰੀ ਉਸ ਨੂੰ ਮੂੰਹ ਵਿਚ ਲਿਆ ਹਰਾ ਚਾਰ੍ਹਾ ਖਾਣਾ ਵੀ ਭੁਲ ਗਿਆ, ਮਨ ਹੀ ਮਨ ਵਿਚ ਕਹਿਣ ਲੱਗੀ, ਇਹ ਪਹਾੜੀਆਂ ਕਿਤਨੀਆਂ ਠੰਢੀਆਂ ਹਨ, ਉਥੋਂ ਦੀ ਹਵਾ ਵੀ ਇਥੇ ਨਾਲੋਂ ਬਹੁਤ ਅੱਛੀ ਹੋਵੇਗੀ। ਫਿਰ ਉਥੇ ਨੱਚਣ ਟਪਣ ਕੁਦਣ ਲਈ ਖੁਲ੍ਹਾ ਮੈਦਾਨ ਵੀ ਹੋਣਾ ਚਾਹੀਦਾ ਹੈ। ਮਾਨੋ ਚਾਂਦਨੀ ਆਜ਼ਾਦੀ ਦਾ ਸੁਆਦ ਅਨੁਭਵ ਕਰ ਰਹੀ ਸੀ।

ਇਸ ਖਿਆਲ ਦੇ ਆਉਣ ਦੀ ਦੇਰ ਸੀ ਕਿ ਚਾਂਦਨੀ ਹੁਣ ਉਹ ਚਾਂਦਨੀ ਨਾ ਰਹੀ। ਨਾ ਉਸਨੂੰ ਹਰਾ ਹਰਾ ਚਾਰਾ ਚੰਗਾ ਲਗਦਾ ਸੀ ਤੇ ਨਾ ਹੀ ਦਾਣੇ ਪਸੰਦ ਸਨ। ਅਬੂ ਖਾਂ ਦੀਆਂ ਲੰਮੀਆਂ ਕਹਾਣੀਆਂ ਵਲ ਵੀ ਉਸਦੀ ਕੋਈ ਰੁਚੀ

ਨਹੀਂ ਸੀ। ਦਿਨ ਬ ਦਿਨ ਚਾਂਦਨੀ ਮਾੜੀ ਹੋਣ ਲੱਗੀ, ਦੁਧ ਘਟਦਾ ਗਿਆ। ਚਾਂਦਨੀ ਦਾ ਧਿਆਨ ਸਦਾ ਪਹਾੜ ਵਲ ਹੀ ਰਹਿੰਦਾ ਤੇ ਰੱਸੀ ਨੂੰ ਖਿੱਚਦੀ ਹੋਈ ਹਮੇਸ਼ਾਂ ਮੇਂ ਮੇਂ ਕਰਦੀ ਰਹਿੰਦੀ। ਅਬੂ ਖਾਂ ਨੇ ਸੋਚਿਆ ਕੋਈ ਗੱਲ ਜ਼ਰੂਰ ਹੈ, ਪਰ ਹੈ ਕੀ ! ਇਹ ਸਮਝ ਨਾ ਆਵੇ।

ਇਕ ਦਿਨ ਜਦੋਂ ਬੁੱਢਾ ਦੁਧ ਚੋ ਉਠਿਆ ਤਾਂ ਚਾਂਦਨੀ ਨੇ ਬੱਕਰੀਆਂ ਵਾਲੀ ਜ਼ਬਾਨ ਵਿਚ ਇਉਂ ਕਿਹਾ, "ਮੀਆਂ ਜੀ ! ਅਗਰ ਮੈਂ ਤੁਹਾਡੇ ਪਾਸ ਇਵੇਂ ਹੀ ਰਹਾਂਗੀ ਤਾਂ ਬੀਮਾਰ ਹੋ ਜਾਵਾਂਗੀ, ਤੁਸੀਂ ਮੈਨੂੰ ਪਹਾੜ ਤੇ ਲੈ ਚਲੋ।" ਅਬੂ ਖਾਂ ਨੂੰ ਬੱਕਰੀਆਂ ਦੀ ਬੋਲੀ ਦੀ ਸਮਝ ਆਉਣ ਲਗ ਪਈ ਸੀ। ਉਹ ਕਹਿਣ ਲਗਿਆ "ਯਾ ਅੱਲ੍ਹਾ ! ਇਹ ਵੀ ਜਾਣ ਨੂੰ ਕਹਿੰਦੀ ਹੈ।"........ਹੱਥ ਕੰਬਣ ਨਾਲ ਅਬੂਏ ਦੇ ਹਥੋਂ ਦੁਧ ਵਾਲਾ ਲੋਟਾ ਡਿਗ ਕੇ ਚੂਰ ਚੂਰ ਹੋ ਗਿਆ।

ਅਬੂ ਖਾਂ ਉਥੇ ਹੀ ਘਾਹ ਤੇ ਚਾਂਦਨੀ ਦੇ ਪਾਸ ਬਹਿ ਗਿਆ ਤੇ ਬੜੀ ਉਦਾਸੀ ਨਾਲ ਉਸਨੂੰ ਪੁੱਛਣ ਲਗਾ, "ਕਿਉਂ, ਮੇਰੀ ਚਾਂਦਨੀ ਧੀਏ ! ਤੂੰ ਵੀ ਬੁੱਢੇ ਨੂੰ ਛੱਡ ਕੇ ਜਾਣਾ ਚਾਹੁੰਦੀ ਹੈ?"

ਬੱਕਰੀ ਨੇ ਜਵਾਬ ਦਿੱਤਾ, "ਹਾਂ।"

"ਕੀ ਤੈਨੂੰ ਚਾਰਾ ਨਹੀਂ ਮਿਲਦਾ, ਦਾਣਾ ਘਟ ਪੈਂਦਾ ਹੈ? ਯਾ ਹਟਵਾਣੀਏ ਨੇ ਘੁਣ ਵਾਲੇ ਦਾਣੇ ਰਲਾ ਛੱਡੇ ਹਨ? ਮੈਂ ਆਪ ਅਜ ਦਾਣਾ ਨਵਾਂ ਦੇਖ ਭਾਲ ਕੇ ਲੈ ਆਵਾਂਗਾ।"

"ਨਹੀਂ ਮੀਆਂ ਜੀ ! ਦਾਣੇ ਦੀ ਕੋਈ ਕਮੀ ਨਹੀਂ।"

"ਤਾਂ ਕੀ ਫਿਰ ਤੇਰੀ ਰੱਸੀ ਛੋਟੀ ਹੈ? ਹੋਰ ਲੰਮੀ ਕਰ ਦਿਆਂ?"

ਚਾਂਦਨੀ ਨੇ ਕਿਹਾ, "ਇਸਦਾ ਕੀ ਫ਼ਾਇਦਾ?"

"ਆਖਰ ਫਿਰ ਤੂੰ ਚਾਹੁੰਦੀ ਕੀ ਹੈਂ?"

ਚਾਂਦਨੀ ਨੇ ਜ਼ੋਰ ਨਾਲ ਆਖਿਆ, "ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ, ਮੈਨੂੰ ਪਹਾੜ ਟੋਰ ਦਿਓ।'

ਅਬੂ ਖਾਂ ਨੇ ਫਿਰ ਕਿਹਾ, "ਚੰਦਰੀਏ ! ਨਿਭਾਗਣੇ ! ਤੈਨੂੰ ਪਤਾ ਨਹੀਂ ਕਿ ਉਥੇ ਬਘਿਆੜ ਰਹਿੰਦਾ ਹੈ? ਜਦੋਂ ਉਹ ਆਇਆ ਫਿਰ ਤੂੰ ਕੀ ਕਰੇਂਗੀ?"

ਚਾਂਦਨੀ ਨੇ ਜਵਾਬ ਦਿੱਤਾ, "ਮੈਨੂੰ ਰੱਬ ਨੇ ਦੋ ਸਿੰਗ ਦਿੱਤੇ ਹਨ ਇਨ੍ਹਾਂ ਨਾਲ ਉਸਨੂੰ ਮਾਰਾਂਗੀ।"

ਅਬੂ ਖਾਂ ਨੇ ਕਿਹਾ, 'ਹਾਂ, ਹਾਂ, ਜ਼ਰੂਰ ਬਘਿਆੜ ਤੇਰੇ ਸਿੰਗਾਂ ਨੂੰ ਵੇਖਕੇ ਜ਼ਰੂਰ ਭੱਜ ਜਾਏਗਾ। ਪਾਗਲੇ, ਉਨ੍ਹਾਂ ਨੇ ਤਾਂ ਤੇਰੇ ਜੇਹੀਆਂ ਕਈ ਖਾਧੀਆਂ ਪੀਤੀਆਂ ਹਨ। ਉਨ੍ਹਾਂ ਦੇ ਸਿੰਗ ਤੇਰੇ ਨਾਲੋਂ ਵੀ ਵੱਡੇ ਸਨ। ਤੈਨੂੰ ਕੱਲੂ ਦਾ ਨਹੀਂ ਪਤਾ ਜੋ ਆਪਣੇ ਕੋਲ ਪਿਛਲੇ ਸਾਲ ਸੀ। ਬੱਕਰੀ ਕਾਹਦੀ ਸੀ, ਹਿਰਨ ਸੀ ਹਿਰਨ, ਕਾਲਾ ਹਰਨ। ਉਹ ਰਾਤ ਭਰ ਸਿੰਗਾਂ ਨਾਲ ਹੀ ਬਘਿਆੜ ਦਾ ਮੁਕਾਬਲਾ ਕਰਦੀ ਰਹੀ, ਪਰੰਤੂ ਆਖਰ ਫਿਰ ਉਸ ਨੂੰ ਖ਼ੂਨੀ ਜਾਨਵਰ ਦਾ ਸ਼ਿਕਾਰ ਹੋਣਾ ਹੀ ਪਿਆ।

ਚਾਂਦਨੀ ਨੇ ਕਿਹਾ, "ਓ ਵਿਚਾਰੀ ਕੱਲੂ ! ਚਲੋ, ਖੈਰ ਮੈਨੂੰ ਤੁਸੀਂ ਪਹਾੜ ਜਾਣ ਹੀ ਦਿਓ।" ਅਬੂ ਖਾਂ ਕੁਛ ਘਬਰਾਇਆ ਤੇ ਕਹਿਣ ਲੱਗਾ, "ਯਾ ਮੇਰੇ ਰੱਬਾ ! ਇਹ ਵੀ ਚਲੀ ਹੈ। ਮੇਰੀ ਇਕੋ ਬੱਕਰੀ, ਓਹੋ ਖ਼ੂਨੀ ਬਘਿਆੜ ਦੇ ਢਿੱਡ ਪਵੇ, ਮੈਂ ਇਹ ਨਹੀਂ ਹੋਣ ਦਿਆਂਗਾ। ਅੱਛਾ ! ਬਦਨਸੀਬੇ ! ਕਰਮਾਂ ਮਾਰੀਏ ! ਮੈਂ ਤੈਨੂੰ ਫਿਰ ਬਚਾਵਾਂਗਾ। ਹੁਣ ਮੈਨੂੰ ਤੇਰੇ ਇਰਾਦੇ ਦਾ ਪਤਾ ਲਗ ਗਿਆ ਹੈ, ਚਲ ਤੈਨੂੰ ਕੋਠੜੀ ਵਿਚ ਬੰਨ੍ਹਾਂ, ਤਾਕਿ ਚੋਰੀ ਚੋਰੀ ਕਿਤੇ ਆਪੇ ਹੀ ਨਿਕਲ ਹੀ ਨ ਜਾਵੇਂ।"

ਅਬੂ ਖਾਂ ਨੇ ਚਾਂਦਨੀ ਨੂੰ ਇਕ ਕੋਠੜੀ ਵਿਚ ਬੰਦ ਕਰ ਦਿੱਤਾ, ਮਗਰ ਗੁੱਸੇ ਵਿੱਚ ਘਬਰਾਇਆ ਬੁੱਢਾ ਕੁੰਡਾ ਲਾਉਣਾ ਭੁਲ ਗਿਆ। ਚਾਂਦਨੀ ਪਲ ਦੇ ਪਲ ਵਿਚ ਛਾਲ ਮਾਰ ਕੇ ਪਹਾੜ ਵਲ ਜਾ ਨਿਕਲੀ। ਉਸ ਦੀ ਖੁਸ਼ੀ ਦੀ ਹਦ ਨਾ ਰਹੀ। ਪਹਾੜ ਤੇ ਉਗੇ ਹਰੇ ਭਰੇ ਦਰਖਤਾਂ ਨੂੰ ਵੇਖ ਕੇ ਉਹ ਹੋਰ ਵੀ ਪ੍ਰਸੰਨ ਹੋਈ। ਭਾਵੇਂ ਉਸ ਪਹਿਲਾਂ ਵੀ ਉਨ੍ਹਾਂ ਨੂੰ ਕਈ ਵੇਰ ਤੱਕਿਆ ਸੀ, ਮਗਰ ਅਜ ਉਨ੍ਹਾਂ ਦਾ ਰੰਗ ਉਸ ਨੂੰ ਹੋਰ ਹੀ ਨਿਖਰਵਾਂ ਜੇਹਾ ਜਾਪ ਰਿਹਾ ਸੀ। ਉਸ ਨੂੰ ਇਉਂ ਪ੍ਰਤੀਤ ਦੇਂਦਾ ਸੀ ਕਿ ਮਾਨੋਂ ਉਹ ਸਾਰੇ ਦਰਖਤ ਚਾਂਦਨੀ ਨੂੰ ਮੁੜ ਆਪਣੇ ਵਿਚ ਆਈ ਜਾਣਕੇ ਖਲੋ ਖਲੋ ਵਧਾਈ ਦੇ ਰਹੇ ਹਨ।

ਉਸ ਦੇ ਚਹੁੰਈਂ ਪਾਸੀਂ ਫੁਲ ਖ਼ੂਬ ਖਿੜੇ ਹੋਏ ਸਨ, ਕਿਤੇ ਕਿਤੇ ਉਚਾ ਉਚਾ ਲੰਮਾ ਘਾਹ ਵਧ ਵਧ ਉਸ ਦੇ ਗਲ ਮਿਲ ਰਿਹਾ ਸੀ।

ਮਾਲੂਮ ਹੁੰਦਾ ਸੀ, ਜਿਵੇਂ ਸਾਰਾ ਪਹਾੜ ਹੀ ਖੁਸ਼ੀ ਦੇ ਕਾਰਨ ਮੁਸਕਰਾ ਰਿਹਾ ਹੈ ਤੇ ਆਪਣੀ ਵਿਛੜੀ ਧੀ ਦੇ ਵਾਪਸ ਆਉਣ ਤੇ ਫੁਲਿਆ ਨਹੀਂ ਸੀ ਸਮਾਉਂਦਾ। ਚਾਂਦਨੀ ਦੀ ਖੁਸ਼ੀ ਦਾ ਹਾਲ ਕੌਣ ਦੱਸੇ? ਨ ਚਾਰ ਪਾਸੇ ਕੰਡਿਆਲੀ ਵਾੜ, ਨ ਕਿੱਲਾ ਤੇ ਨਾ ਹੀ ਗਲ ਦਾ ਰੱਸਾ। ਆਜ਼ਾਦੀ ਹੀ ਆਜ਼ਾਦੀ ਸੀ ਤੇ

ਖਾਣ ਲਈ ਅਜੇਹੀਆਂ ਹਰੀਆਂ ਜੜੀਆਂ ਬੂਟੀਆਂ ਮੌਜੂਦ ਸਨ ਜੋ ਕਿ ਅਬੂ ਖਾਂ ਬੜੇ ਪਰੇਮ ਦੇ ਬਾਵਜੂਦ ਵੀ ਨਹੀਂ ਸੀ ਲਿਆ ਸਕਦਾ।

ਚਾਂਦਨੀ ਕਦੀ ਇਧਰ ਛਾਲ ਮਾਰਦੀ, ਕਦੀ ਉਧਰ ਚਟਾਨ ਤੇ ਜਾ ਚੜ੍ਹਦੀ। ਚਾਂਦਨੀ ਲਈ ਸਾਰੇ ਰੌਣਕ ਹੀ ਰੌਣਕ ਸੀ, ਪਰਬਤ ਵੀ ਇਉਂ ਸਮਝ ਰਹੇ ਸੀ, ਜਿਵੇਂ ਅਬੂ ਖਾਂ ਦੀਆਂ ਕੋਈ ੧੦-੧੨ ਬੱਕਰੀਆਂ ਛੁਟ ਕੇ ਆ ਗਈਆਂ ਹੋਣ।

ਇਕ ਵੇਰ ਘਾਹ ਚਰਦਿਆਂ ਚਰਦਿਆਂ ਚਾਂਦਨੀ ਨੇ ਜਦੋਂ ਮੂੰਹ ਉਤਾਂਹ ਨੂੰ ਕੀਤਾ, ਤਾਂ ਉਸ ਦਾ ਨਿਗ੍ਹਾ ਅਬੂ ਖਾਂ ਦੇ ਕੋਝੇ ਤੇ ਕੰਡਿਆਂ ਵਾਲੇ ਵਾੜੇ ਵਲ ਗਈ। ਉਸ ਨੂੰ ਵੇਖਦੇ ਉਹ ਬਹੁਤ ਹੱਸੀ ਤੇ ਦਿਲ ਹੀ ਦਿਲ ਵਿਚ ਹੀ ਕਹਿਣ ਲੱਗੀ, 'ਯਾ ਰੱਬਾ ! ਕਿਤਨਾ ਤੰਗ ਜੇਹਾ ਇਹ ਕੋਠਾ ਹੈ। ਮੈਂ ਇਤਨੇ ਦਿਨ ਉਥੇ ਕਿਵੇਂ ਲੰਘਾਏ ! ਮੈਨੂੰ ਉਥੇ ਬੈਠਣ ਲਈ ਵੀ ਕਿਤੇ ਥਾਂ ਨਹੀ ਸੀ ਮਿਲਦੀ, ਬੜੀ ਤੰਗੀ ਸੀ। ਇਸ ਵੇਲੇ ਹਿਰਨੋਟੀ ਜੇਹੀ ਬੱਕਰੀ ਨੂੰ ਸਾਰੀ ਦੁਨੀਆਂ ਹੇਚ ਨਜ਼ਰ ਆ ਰਹੀ ਸੀ।'

ਚਾਂਦਨੀ ਲਈ ਇਹ ਦਿਨ ਵੀ ਅਜੀਬ ਸੀ, ਦੁਪਹਿਰ ਤਕ ਉਹ ਇਤਨਾ ਨਚਦੀ ਟਪਦੀ ਰਹੀ, ਸ਼ੈਦ ਉਮਰ ਭਰ ਵੀ ਇਤਨਾ ਨ ਉਛਲੀ ਕੁਦੀ ਹੋਵੇ। ਦੁਪਹਿਰਾਂ ਢਲਣ ਤੋਂ ਬਾਅਦ ਉਸ ਨੂੰ ਪਹਾੜੀ ਬੱਕਰੀਆਂ ਦਾ ਇੱਜੜ ਮਿਲਿਆ, ਉਹ ਹੋਰ ਬਕਰੀਆਂ ਨੂੰ ਮਿਲੀ ਤੇ ਹਸ ਹਸ ਕੇ ਉਨ੍ਹਾਂ ਨਾਲ ਖ਼ੂਬ ਗੱਲਾਂ ਕੀਤੀਆਂ। ਉਨ੍ਹਾਂ ਵਿਚ ਇਕ ਡਬਖੜੱਬਾ ਗ੍ਰੱਭਰੂ ਬੱਕਰਾ ਵੀ ਸੀ। ਉਹ ਚਾਂਦਨੀ ਦੇ ਦਿਲ ਨੂੰ ਜ਼ਿਆਦਾ ਚੰਗਾ ਲੱਗਿਆ। ਦੋਵੇਂ ਕਾਫੀ ਚਿਰ ਇਧਰ ਉਧਰ ਫਿਰਦੇ ਰਹੇ। ਉਨ੍ਹਾਂ ਦੇ ਦਰਮਿਆਨ ਪਤਾ ਨਹੀਂ ਕੀ ਕੀ ਗੱਲਾਂ ਹੋਈਆਂ? ਨੇੜੇ ਵਗ ਰਹੇ ਸੋਮੇ ਨੇ ਸ਼ੈਦ ਕੁਛ ਸੁਣੀਆਂ ਹੋਣ, ਕੋਈ ਉਥੇ ਜਾਵੇ ਤੇ ਉਸ ਸੋਮੇ ਨੂੰ ਪੁਛੇ ਫਿਰ ਪਤਾ ਲੱਗ ਸਕਦਾ ਹੈ। ਸੰਭਵ ਹੈ ਸੋਮਾ ਵੀ ਉਨ੍ਹਾਂ ਪ੍ਰੀਤਿ ਗੱਲਾਂ ਨੂੰ ਦੱਸਣਾ ਨ ਪਸੰਦ ਕਰੇ। ਇੱਜੜ ਪਤਾ ਨਹੀਂ ਕਿਧਰ ਚਲਿਆ ਗਿਆ, ਉਹ ਬੱਕਰਾ ਵੀ ਆਪਣੇ ਟੋਲੇ ਨਾਲ ਹੀ ਜਾ ਮਿਲਿਆ।

ਚਾਂਦਨੀ ਦੇ ਦਿਲ ਵਿਚ ਆਜ਼ਾਦੀ ਦੀ ਇਤਨੀ ਤੀਬਰਤਾ ਸੀ, ਉਸ ਇੱਜੜ ਦੀਆਂ ਪਾਬੰਦੀਆਂ ਸਹਾਰਨੀਆਂ ਵੀ ਨ ਪਸੰਦ ਕੀਤੀਆਂ, ਤੇ ਇਕ ਪਾਸੇ ਨੂੰ ਨਿਕਲ ਗਈ। ਸ਼ਾਮ ਦਾ ਸਮਾਂ ਹੋ ਗਿਆ, ਠੰਢੀ ਪੌਣ ਵਗਣ ਲੱਗੀ, ਸਾਰਾ ਪਹਾੜ ਲਾਲ ਰਗ ਦਾ ਜਾਪਣ ਲਗ ਪਿਆ। ਚਾਂਦਨੀ ਨੇ ਸੋਚਿਆ, "ਅੱਛਾ! ਅਜ ਹੁਣੇ ਸ਼ਾਮ ਹੋ ਗਈ ਹੈ?

ਹੇਠਾਂ ਅਬੂ ਖਾਂ ਦਾ ਕੋਠਾ ਤੇ ਵਾੜਾ ਧੁੰਦ ਵਿਚ ਛੁਪ ਗਏ ਸੀ, ਇਕ ਆਜੜੀ ਆਪਣੀਆਂ ਬੱਕਰੀਆਂ ਨੂੰ ਵਾੜੇ ਵਿਚ ਬੰਦ ਕਰਨ ਲਈ ਜਾ ਰਿਹਾ ਸੀ ਤੇ ਉਨ੍ਹਾਂ ਦੇ ਗੀਲੀਂ-ਟੱਲੀਆਂ ਖੜਕ ਰਹੀਆਂ ਸਨ। ਚਾਂਦਨੀ ਇਸ ਆਵਾਜ਼ ਨੂੰ ਚੰਗੀ ਤਰ੍ਹਾਂ ਪਛਾਣਦੀ ਸੀ। ਉਹ ਟਣਕਾਰ ਸੁਣ ਕੇ ਕੁਛ ਉਦਾਸ ਜੇਹੀ ਹੋ ਗਈ। ਇਤਨੇ ਨੂੰ ਅੰਧੇਰਾ ਹੋ ਗਿਆ ਤੇ ਕਾਲੀ ਬੋਲੀ ਰਾਤ ਨੇ ਪਹਾੜੀ ਨੂੰ ਢੱਕ ਲਿਆ। ਅਚਾਨਕ ਇਕ ਪਾਸਿਓਂ ਭਿਆਨਕ ਅਵਾਜ਼ ਆਉਣੀ ਸ਼ੁਰੂ ਹੋ ਗਈ। ਇਹ ਖੜਾਕ ਸੁਣਦਿਆਂ ਚਾਂਦਨੀ ਨੂੰ ਬਘਿਆੜ ਦਾ ਖਿਆਲ ਆ ਗਿਆ, ਜੋ ਕਿ ਦਿਨ ਭਰ ਉਸ ਨੂੰ ਚਿਤ ਚੇਤੇ ਨਹੀ ਸੀ ਰਿਹਾ। ਪਹਾੜ ਦੇ ਹੇਠੋਂ ਇਕ ਸੀਟੀ ਦੀ ਵੀ ਅਵਾਜ਼ ਆਈ। ਇਹ ਵਿਚਾਰਾ ਅਬੂ ਖਾਂ ਸੀ ਜੋ ਆਖਰੀ ਕੋਸ਼ਸ਼ ਕਰ ਰਿਹਾ ਸੀ ਕਿ ਕਿਵੇਂ ਚਾਂਦਨੀ ਬਘਿਆੜ ਤੋਂ ਬਚ ਕੇ ਘਰ ਆ ਜਾਵੇ। ਇਧਰੋਂ ਅਬੂ ਖਾਂ ਦਾ ਪ੍ਰੀਤ-ਨਾਦ ਤੇ ਉਧਰੋਂ ਬਘਿਆੜ ਦੀ ਖ਼ੂਨੀ ਅਵਾਜ਼ ਦੋਵੇਂ ਅਵਾਜ਼ਾਂ ਚਾਂਦਨੀ ਦੇ ਕੰਨ੍ਹਾਂ ਨਾਲ ਟਕਰਾ ਰਹੀਆਂ ਸਨ।

ਚਾਂਦਨੀ ਨੇ ਸੋਚਿਆ, ਚਲੋ ਘਰ ਹੀ ਚਲੇ ਚਲੀਏ। ਫਿਰ ਰੱਸੀ ਤੇ ਕਿੱਲੇ ਦਾ ਦਿਲ ਵਿਚ ਖਿਆਲ ਆਇਆ, ਕੰਡਿਆਂ ਵਾਲਾ ਵਾੜਾ ਯਾਦ ਆਇਆ। ਅੰਤ ਖਿਆਲ ਕੀਤਾ, ਉਸ ਜ਼ਿੰਦਗੀ ਨਾਲੋਂ ਤਾਂ ਇਥੋਂ ਦੀ ਮੌਤ ਹੀ ਚੰਗੀ ਹੈ। ਆਖਰ ਸੀਟੀ ਦੀ ਅਵਾਜ਼ ਵੀ ਬੰਦ ਹੋ ਗਈ ਤੇ ਨੇੜੇ ਹੀ ਪੱਤਿਆਂ ਦੀ ਖੜ ਖੜ ਹੋਈ। ਬਘਿਆੜ ਪਹੁੰਚ ਚੁੱਕਾ ਸੀ, ਉਸ ਦੀਆਂ ਚਮਕਦੀਆਂ ਅੱਖਾਂ ਅੰਧੇਰੇ ਵਿਚ ਮਿਸਾਲ ਵਾਂਗ ਜਗ ਰਹੀਆਂ ਸਨ। ਬਘਿਆੜ ਉਥੇ ਬੈਠ ਗਿਆ ਪਰ ਉਸ ਦੀ ਨਿਗ੍ਹਾ ਆਪਣੇ ਸ਼ਿਕਾਰ ਵਲ ਸੀ। ਉਸ ਨੂੰ ਪੱਕਾ ਯਕੀਨ ਸੀ ਕਿ ਇਹ ਹੁਣ ਮੇਰੇ ਹਥੋਂ ਨਿਕਲਦੀ ਨਹੀਂ, ਜ਼ਰਾ ਠਹਿਰ ਕੇ ਕਾਬੂ ਕਰ ਲਵਾਂਗਾ ਕੋਈ ਹਰਜੇ ਵਾਲੀ ਗੱਲ ਨਹੀਂ।

ਜਦੋਂ ਬੱਕਰੀ ਨੇ ਉਸ ਵਲ ਤੱਕਿਆ, ਤਾਂ ਕਹਿਣ ਲੱਗਾ - "ਓਹ ! ਓ! ਅਬੂ ਖ਼ਾਂ ਦੀ ਚਾਂਦਨੀ ਹੈ, ਖ਼ੂਬ ਪਾਲ ਪਾਲ ਕੇ ਮੋਟੀ ਕੀਤੀ ਹੈ।" ਇਹ ਕਹਿੰਦਿਆਂ ਉਸ ਆਪਣੀ ਲਾਲ ਲਾਲ ਜੀਭ ਨੀਲੇ ਬੁੱਲ੍ਹਾਂ ਤੇ ਫੇਰੀ। ਚਾਂਦਨੀ ਨੂੰ ਕੱਲੂ ਦੀ ਕਹਾਣੀ ਯਾਦ ਆਈ ਜੋ ਕਿ ਅਬੂ ਖਾਂ ਨੇ ਉਸ ਨੂੰ ਦੱਸੀ ਸੀ। ਉਸ ਸੋਚਿਆ, ਮੈਂ ਕਿਸ ਲਈ ਐਵੇਂ ਰਾਤ ਭਰ ਲੜ ਕੇ ਜਾਨ ਦੇਵ੍ਹਾਂ, ਕਿਉਂ ਨਾ ਪਹਿਲੇ ਹੀ ਆਪਣਾ ਆਪ ਉਸ ਦੇ ਸਪੁਰਦ ਕਰ ਦੇਵਾਂ। ਪਰ ਫਿਰ ਖਿਆਲ ਆਇਆ ਕਿ ਨਹੀਂ, ਇਉਂ ਠੀਕ ਨਹੀਂ। ਆਖਰ ਆਪਣੇ ਸਿੰਗਾਂ ਨੂੰ ਵਿਉਂਤ ਸਿਰ ਕਰਕੇ ਬਘਿਆੜ ਦੇ ਮੁਕਾਬਲੇ ਵਿਚ ਨਿਕਲ ਆਈ ਤੇ ਕਹਿਣ ਲੱਗੀ ਬਹਾਦਰਾਂ ਦਾ

ਕੰਮ ਇਸੇ ਤਰ੍ਹਾਂ ਦਾ ਹੁੰਦਾ ਹੈ। ਕੱਲ ਕੋਈ ਇਹ ਨਾ ਕਹੇ ਕਿ ਚਾਂਦਨੀ ਨੂੰ ਬਘਿਆੜ ਦੀ ਤਾਕਤ ਦਾ ਪਤਾ ਨਹੀਂ ਸੀ। ਉਹ ਚੰਗੀ ਤਰ੍ਹਾਂ ਜਾਣਦੀ ਸੀ, ਬੱਕਰੀਆਂ ਬਘਿਆੜਾਂ ਨੂੰ ਨਹੀਂ ਮਾਰ ਸਕਦੀਆਂ। ਉਹ ਤਾਂ ਸਿਰਫ ਇਤਨਾ ਚਾਹੁੰਦੀ ਸੀ ਕਿ ਆਪਣੇ ਵਿਤ ਮੁਤਾਬਕ ਮੁਕਾਬਲਾ ਖ਼ੂਬ ਕਰੇ। ਜਿੱਤ ਹਾਰ ਆਪਣੇ ਵਸ ਦੀ ਚੀਜ਼ ਨਹੀਂ, ਇਹ ਰੱਬ ਦੀ ਚੀਜ਼ ਹੈ, ਮਗ਼ਰ ਮੁਕਾਬਲਾ ਜ਼ਰੂਰੀ ਹੈ। ਚਾਂਦਨੀ ਨੇ ਸੋਚਿਆ, ਅਜ ਇਹੋ ਵੇਖ ਲਈਏ ਕਿ ਕੱਲ੍ਹ ਵਾਂਙ ਰਾਤ ਭਰ ਮੁਕਾਬਲਾ ਕਰ ਸਕਾਂਗੀ ਯਾ ਨਹੀਂ।

ਕੁਛ ਸਮਾਂ ਲੰਘਣ ਤੋਂ ਬਾਦ ਬਘਿਆੜ ਅਗੇ ਵਧਿਆ ਤੇ ਬੱਕਰੀ ਨੇ ਵੀ ਆਪਣੇ ਸਿੰਗ ਤਿਆਰ ਕਰ ਲਏ ਤੇ ਇਸ ਤਰ੍ਹਾਂ ਦੇ ਹੱਲੇ ਕੀਤੇ ਕਿ ਬਘਿਆੜ ਹੀ ਉਨ੍ਹਾਂ ਚੋਟਾਂ ਨੂੰ ਜਾਣਦਾ ਹੋਵੇਗਾ। ਕਈ ਵੇਰ ਚਾਂਦਨੀ ਨੇ ਬਘਿਆੜ ਨੂੰ ਪਿਛੇ ਧਕੇਲਿਆ। ਰਾਤ ਇਵੇਂ ਕਿਵੇਂ ਲੰਘ ਗਈ। ਕਦੀ ਕਦੀ ਬੱਕਰੀ ਉਤਾਂਹ ਸਤਾਰਿਆਂ ਵਲ ਤੱਕ ਲੈਂਦੀ ਤੇ ਕਹਿੰਦੀ ਰੱਬ ਕਰਕੇ ਇਵੇਂ ਕਿਵੇਂ ਹੀ ਸਵੇਰਾ ਹੋ ਜਾਵੇ।

ਸਤਾਰੇ ਇਕ ਇਕ ਕਰਕੇ ਛਿਪਦੇ ਗਏ। ਚਾਂਦਨੀ ਨੇ ਆਖਰੀ ਸਮੇ ਆਪਣਾ ਜ਼ੋਰ ਦੂਣਾ ਲਾਉਣਾ ਅਰੰਭ ਦਿੱਤਾ। ਬਘਿਆੜ ਵੀ ਆਖਰ ਤੰਗ ਆ ਗਿਆ ਸੀ। ਦੂਰੋਂ ਇਕ ਦੀਵੇ ਦੀ ਰੋਸ਼ਨੀ ਦਿਖਾਈ ਦਿੱਤੀ, ਮੁਰਗੇ ਦੀ ਬਾਂਗ ਵੀ ਉਸ ਦੇ ਕੰਨੀਂ ਪਈ। ਮਸੀਤ ਵਿਚੋਂ ਇਕ ਅਵਾਜ਼ ਆਈ। ਚਾਂਦਨੀ ਨੇ ਦਿਲ ਵਿਚ ਕਿਹਾ, "ਰੱਬਾ ! ਤੇਰਾ ਸ਼ੁਕਰ ਹੈ। ਮੈਂ ਆਪਣੇ ਬਲ ਅਨੁਸਾਰ ਮੁਕਾਬਲਾ ਕੀਤਾ ਹੈ, ਹੁਣ ਤੇਰੀ ਮਰਜ਼ੀ।"

ਬਾਂਗ ਦੇਣ ਵਾਲਾ ਆਖਰੀ ਵੇਰ 'ਅੱਲਾ ਹੂ-ਅਕਬਰ" ਦੀ ਆਵਾਜ਼ ਦੇ ਰਿਹਾ ਸੀ ਕਿ ਚਾਂਦਨੀ ਬੇਹੋਸ਼ ਹੋ ਕੇ ਭੁੰਇ ਤੇ ਡਿੱਗ ਪਈ। ਉਸ ਦੇ ਸਫੈਦ ਵਾਲ ਲਹੂ ਨਾਲ ਸੁਰਖ ਹੋ ਗਏ ਸਨ। ਬਘਿਆੜ ਨੇ ਉਸ ਨੂੰ ਮਾਰ ਲੀਤਾ ਤੇ ਖਾ ਗਿਆ। ਬ੍ਰਿਛਾਂ ਤੇ ਚਿੜੀਆਂ ਬੈਠੀਆਂ ਦੇਖ ਰਹੀਆਂ ਸਨ ਤੇ ਉਹਨਾਂ ਦੇ ਦਰਮਿਆਨ ਬਹਿਸ ਸ਼ੁਰੂ ਸੀ ਕਿ ਜਿੱਤਿਆ ਕੌਣ? ਬਹੁਤ ਸਾਰੀਆਂ ਕਹਿੰਦੀਆਂ ਸਨ ਕਿ ਬਘਿਆੜ ਜਿੱਤ ਗਿਆ ਹੈ। ਇਕ ਬੁੱਢੀ ਚਿੜੀ ਹੈ, ਜੋ ਕਿ ਕਹਿ ਰਹੀ ਹੈ ਕਿ, "ਨਹੀਂ, ਜਿੱਤ ਚਾਂਦਨੀ ਦੀ ਹੋਈ ਹੈ।"

-ਜ਼ਾਕਰ ਹੁਸੈਨ

(ਸ਼ਾਇਦ ਇਹ ਡਾ. ਜ਼ਾਕਰ ਹੁਸੈਨ ਦੀ ਲਿਖਤ ਹੈ, ਜੋ ਸਾਡੇ ਰਾਸ਼ਟਰਪਤੀ ਬਣੇ।)

❖ ❖ ❖

(੭) ਕੰਬਲੀ ਵਾਲਾ

੧.

ਜਨਵਰੀ ਦਾ ਮਹੀਨਾ ਸੀ, ਅਕਾਸ਼ ਬੱਦਲਾਂ ਨਾਲ ਢਕਿਆ ਹੋਇਆ ਸੀ, ਠੰਢੀ ਪੌਣ ਚਲ ਰਹੀ ਸੀ, ਕਿਤੇ ਕਿਤੇ ਗੜ੍ਹੇ ਪੈ ਜਾਣ ਦੇ ਕਾਰਨ ਥਰਮਾਮੀਟਰ ਦਾ ਪਾਰਾ ਬਹੁਤ ਹੇਠ ਚਲਾ ਗਿਆ ਸੀ। ਪਿੰਡ ਦੀ ਕੱਚੀ ਟੁੱਟੀ ਫੁੱਟੀ ਸੜਕ ਤੇ ਕਈ ਆਦਮੀ ਇਕ ਅਰਥੀ ਲਈ ਜਾ ਰਹੇ ਸਨ, ਜਿਸ ਤੇ ਇਕ ਚਿੱਟੀ ਚਾਦਰ ਪਾਈ ਹੋਈ ਸੀ। ਅਰਥੀ ਦੇ ਨਾਲ ਇਕ ੨੫ ਕੁ ਵਰ੍ਹੇ ਦਾ ਨੌਜਵਾਨ ਸੀ ਤੇ ਉਹ ਇਕ ਰਿਕਸ਼ਾ ਖਿਚ ਰਿਹਾ ਸੀ। ਰਿਕਸ਼ੇ ਵਿਚ ਤਿੰਨ ਨਿਕੇ ਬਾਲ ਬੈਠੇ ਸਨ। ਉਨ੍ਹਾਂ ਦਾ ਚਿਹਰਾ ਮੁਰਝਾਇਆ ਹੋਇਆ ਸੀ। ਠੰਢ ਦੇ ਬਚਾ ਲਈ ਉਨ੍ਹਾਂ ਨੂੰ ਇਕ ਮੋਟੇ ਕੰਬਲ ਵਿਚ ਲਪੇਟਿਆ ਹੋਇਆ ਸੀ।

ਇਹ ਅਰਥੀ ਉਨ੍ਹਾਂ ਬੱਚਿਆਂ ਦੀ ਮਾਂ ਦੀ ਸੀ। ਜੋ ਰਿਕਸ਼ਾ ਖਿੱਚ ਰਿਹਾ ਸੀ, ਇਹ ਟਾਕਚੀ ਉਨ੍ਹਾਂ ਦਾ ਪਿਤਾ ਸੀ। ਰਾਤ ਨੂੰ ਜਦੋਂ ਬੱਚਿਆਂ ਦੀਆਂ ਅੱਖੀਆਂ ਖੁੱਲੀਆਂ, ਉਨ੍ਹਾਂ ਤੱਕਿਆ ਕਿ ਉਨ੍ਹਾਂ ਦਾ ਨਿੱਕਾ ਜਿਹਾ ਘਰ ਲੋਕਾਂ ਨਾਲ ਭਰਿਆ ਹੋਇਆ ਹੈ, ਮਾਂ ਦੀ ਜ਼ਬਾਨ ਬੰਦ ਹੋ ਚੁੱਕੀ ਹੈ ਤੇ ਬਾਪ ਉਸ ਦਾ ਹੱਥ ਫੜੀਂ ਵਿਛਾਉਣੇ ਤੇ ਬੈਠਾ ਰੋ ਰਿਹਾ ਹੈ। ਇਸ ਤੋਂ ਪਿਛੋਂ ਪਿਤਾ ਨੇ ਬਗੈਰ ਕੁਛ ਆਖੇ ਉਨ੍ਹਾਂ ਬੱਚਿਆਂ ਦਾ ਮੂੰਹ ਚੁੰਮਿਆ ਤੇ ਰਿਕਸ਼ੇ ਵਿੱਚ ਬਿਠਾ ਲਿਆ। ਬੱਚਿਆਂ ਨੇ ਸੋਚਿਆ ਕਿ ਉਹ ਹਮੇਸ਼ਾਂ ਵਾਂਗ ਅਜ ਵੀ ਸਵੇਰ ਦੀ ਸੈਰ ਲਈ ਜਾ ਰਹੇ ਹਨ। ਮਗਰ ਪਿਤਾ ਦੇ ਚਿਹਰੇ ਤੇ ਕੋਈ ਖੇੜਾ ਨਹੀਂ। ਉਹ ਚੁਪਚਾਪ ਅੱਖਾਂ ਨੀਵੀਆਂ ਪਾਈ ਰਿਕਸ਼ਾ ਖਿੱਚੀ ਜਾ ਰਿਹਾ ਸੀ। ਚਲਦਿਆਂ ਚਲਦਿਆਂ ਪਿੰਡੋਂ ਬਾਹਰ ਆ ਗਏ। ਬੱਦਲਾਂ ਦੇ ਕਾਰਨ ਕੁਝ ਅੰਧੇਰਾ ਜਿਹਾ ਹੋ ਰਿਹਾ ਸੀ ਤੇ ਬੱਚਿਆਂ ਨੂੰ ਰਿਕਸ਼ਾ ਵਿਚ ਹੀ ਨੀਂਦ ਆ ਗਈ। ਜਦੋਂ ਬੱਚਿਆਂ ਦੀਆਂ ਅੱਖੀਆਂ ਖੁੱਲ੍ਹੀਆਂ ਤਾਂ ਉਹ ਇਕ ਮੰਦਰ ਵਿਚ ਚਟਾਈ ਤੇ ਲੇਟੇ ਹੋਏ ਸਨ। ਪਿਤਾ ਨੇ ਉਨ੍ਹਾਂ ਨੂੰ ਫਿਰ ਰਿਕਸ਼ੇ ਵਿਚ ਬਿਠਾ ਲਿਆ ਤੇ ਘਰ ਲੈ ਆਇਆ। ਛੋਟਾ ਬੱਚਾ ਘਰ ਆ ਕੇ 'ਮਾਂ, ਮਾਂ'

ਪੁਕਾਰ ਕੇ ਰੋਣ ਲਗਾ ਤੇ ਦੂਸਰੇ ਬੱਚੇ ਵੀ ਡੁਸਕਣ ਲੱਗੇ। ਸੂਰਜ ਦੀਆਂ ਕਿਰਨਾਂ ਕਮਰੇ ਵਿਚ ਗੁਆਚੀਆਂ ਜਿਹੀਆਂ ਮਾਲੂਮ ਦੇਂਦੀਆਂ ਸਨ। ਪਿਤਾ ਖਿੜਕੀ ਦੇ ਪਾਸ ਖੜ੍ਹੋਤਾ ਸੀ ਤੇ ਉਸਦੇ ਨੈਣਾਂ ਵਿਚ ਹੰਝੂ ਸਨ।

੨.

ਫਰਵਰੀ ਦੇ ਅਖੀਰੀ ਦਿਨ ਸਨ। ਆਕਾਸ਼ ਨਿਰਮਲ ਸੀ। ਪੌਣ ਹੌਲੀ ਹੌਲੀ ਰੁਕ ਰਹੀ ਸੀ। ਬਰਾਂਡੇ ਦੇ ਸਾਹਮਣੇ ਛੋਟੇ ਬਾਗ ਵਿਚ ਰੰਗ ਬਰੰਗੇ ਫੁਲ ਖਿੜੇ ਹੋਏ ਸਨ। ਉਨ੍ਹਾਂ ਦੀ ਭਿੰਨੀ ਸੁਗੰਧੀ ਚੌਹੀਂ ਪਾਸੀਂ ਫੈਲ ਰਹੀ ਸੀ।

'ਰਿਕਸ਼ਾ ਸਟੇਸ਼ਨ' ਤੇ ਸੂਰਜ ਦੀਆਂ ਕਿਰਨਾਂ ਨਾਲ ਚਮਕਦੀਆਂ ਹੋਈਆਂ ਗੱਡੀਆਂ ਇਕ ਕਤਾਰ ਵਿੱਚ ਖਲੋਤੀਆਂ ਸਨ। ਰਿਕਸ਼ਾ ਖਿੱਚਣ ਵਾਲੇ ਇਕ ਥਾਂ ਬੈਠੇ ਗੱਪਾਂ ਮਾਰ ਰਹੇ ਸਨ। ਛੇਤੀ ਦੇ ਕੇ ਇਕ ਘੰਟੀ ਦੀ ਆਵਾਜ਼ ਆਈ। ਇਕ ਆਦਮੀ 'ਅਖਬਾਰ ਅਖਬਾਰ' ਚਿਲਾਉਂਦਾ ਹੋਇਆ ਉਨ੍ਹਾਂ ਵੱਲ ਨੂੰ ਦੌੜਿਆ ਆ ਰਿਹਾ ਸੀ। ਲੋਕ ਪਾਗਲਾਂ ਵਾਂਗ ਅਖਬਾਰ ਖਰੀਦਣ ਲਈ ਟੁੱਟ ਕੇ ਪਏ। ਇਕ ਰਿਕਸ਼ੇ ਵਾਲਾ ਵੀ ਦੋ ਪੈਸੇ ਨੂੰ ਅਖਬਾਰ ਖਰੀਦ ਲਿਆਇਆ। ਸੜਕ ਤੇ ਕਾਫੀ ਭੀੜ ਸੀ।

ਥੋੜ੍ਹੇ ਚਿਰ ਪਿਛੋਂ ਸ਼ੋਰ ਮਚਿਆ ਕਿ ਸਭ ਨੂੰ ਫੌਜ ਵਿਚ ਭਰਤੀ ਹੋਣਾ ਪਵੇਗਾ। ਸਿਰਫ ਵਿਧਵਾ ਦਾ ਇਕੱਲਾ ਪੁੱਤਰ ਜਾਂ ਬੀਮਾਰ ਆਦਮੀ ਤੇ ਔਰਤਾਂ ਲੜਾਈ ਵਿਚ ਸ਼ਾਮਲ ਨਹੀਂ ਹੋਣਗੀਆਂ। ਬਾਕੀ ਸਭ ਲਈ ਜੰਗ ਵਿਚ ਜਾਣਾ ਜ਼ਰੂਰੀ ਹੋਵੇਗਾ। ਟਾਕਚੀ ਸੋਚ ਰਿਹਾ ਸੀ ਕਿ ਉਸ ਦੇ ਲੜਾਈ ਜਾਣ ਤੋਂ ਪਿਛੋਂ ਨਿਕੇ ਗਰੀਬ ਬੱਚਿਆਂ ਦੀ ਪਾਲਣਾ ਕੌਣ ਕਰੇਗਾ? ਅਗਰ ਉਹ ਆਪਣੇ ਬੱਚੇ ਕਿਸੇ ਦੇ ਸਪੁਰਦ ਕਰ ਦੇਵੇ ਤਾਂ ਬੇਫਿਕਰ ਹੋ ਕੇ ਜੰਗ ਵਿਚ ਜਾ ਸਕਦਾ ਹੈ। ਇਹ ਸੋਚ ਕੇ ਉਹ ਸਾਰਾ ਦਿਨ ਗਲੀ ਗਲੀ, ਘਰ ਘਰ ਠੋਕਰਾਂ ਖਾਂਦਾ ਫਿਰਿਆ। ਪਰ ਕੋਈ ਚੰਗਾ ਨਤੀਜਾ ਨਾ ਨਿਕਲਿਆ। ਕਿਸੇ ਨੇ ਵੀ ਉਨ੍ਹਾਂ ਗਰੀਬ ਬੱਚਿਆਂ ਦੀ ਪਾਲਣਾ ਦਾ ਜ਼ੁੰਮਾ ਨਾ ਲਿਆ। ਦੂਜੇ ਦਿਨ ਛੋਟੇ ਬੱਚੇ ਨੂੰ ਪਿੱਠ ਤੇ ਬਿਠਾਲ ਤੇ ਵੱਡਿਆਂ ਬੱਚਿਆਂ ਨੂੰ ਰਿਕਸ਼ੇ ਤੇ ਬਿਠਾਲ ਕੇ ਇਸ ਖਿਆਲ ਨਾਲ ਸੜਕ ਤੇ ਘੁੰਮਣ ਲਈ ਗਿਆ ਕਿ ਅਜ ਉਹ ਆਪਣੇ ਬੱਚੇ ਹਮੇਸ਼ਾਂ ਲਈ ਕਿਸੇ ਨੂੰ ਦੇ ਦੇਵੇਗਾ।। ਲੇਕਨ ਉਨ੍ਹਾਂ ਬੱਚਿਆਂ ਨੂੰ ਕੌਣ ਲੈਂਦਾ, ਸਭ ਨੂੰ ਆਪਣੀ ਆਪਣੀ ਪਈ ਹੋਈ ਸੀ।

੩.

ਟਾਕਚੀ ਸੋਚ ਰਿਹਾ ਸੀ ਕਿ ਉਸਨੂੰ ਆਪਣਾ ਨਾਮ ਫੌਜ ਵਿਚ ਜ਼ਰੂਰ ਲਿਖਾਉਣਾ ਪਵੇਗਾ। ਨਹੀਂ, ਉਸ ਨੂੰ ਜੇਲ੍ਹ ਦੀ ਸਖਤ ਸਜ਼ਾ ਭੁਗਤਣੀ ਪਵੇਗੀ ਜਾਂ ਫਿਰ ਆਮ ਲੋਕਾਂ ਦੇ ਸਾਹਮਣੇ ਕੁੱਤਿਆਂ ਬਿਲਿਆਂ ਵਾਂਗ ਉਸ ਨੂੰ ਬੰਦੂਕ ਦਾ ਨਿਸ਼ਾਨਾ ਬਣਾਇਆ ਜਾਵੇਗਾ। ਕਿੰਨੀ ਸ਼ਰਮ ਤੇ ਅਪਮਾਨ ਦੀ ਗੱਲ ਹੈ ਇਹ। ਇਹ ਸੋਚ ਕੇ ਉਹ ਕੰਬ ਰਿਹਾ ਸੀ। ਅਨ੍ਹੇਰੀ ਰਾਤ ਸੀ, ਪਿੰਡ ਉਤੇ ਇਕ ਭਿਆਨਕ ਸਨਾਟਾ ਜਿਹਾ ਛਾਇਆ ਹੋਇਆ ਸੀ। ਅਕਾਸ਼ ਵਿਚ ਆਲਸੀ ਸਤਾਰੇ ਊਂਘ ਰਹੇ ਸ਼ਨ। ਟਾਕਚੀ ਹੌਲੀ ਜਿਹੇ ਬਿਸਤਰੇ ਤੋਂ ਉਠਿਆ। ਤਿੰਨ ਬੱਚੇ ਉਸਦੇ ਪਾਸ ਹੀ ਸੌਂ ਰਹੇ ਸਨ। ਦੀਵੇ ਦੀ ਮੱਧਮ ਰੌਸ਼ਨੀ ਇਤਨੀ ਘੱਟ ਸੀ ਕਿ ਕਮਰੇ ਵਿਚ ਕੋਈ ਚੀਜ਼ ਸਾਫ ਦਿਖਾਈ ਨਹੀਂ ਦੇ ਰਹੀ ਸੀ। ਫਿਰ ਭੀ ਟਾਕਚੀ ਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਉਸਦਾ ਵੱਡਾ ਤਿੱਖਾ ਛੁਰਾ ਕਿਥੇ ਪਿਆ ਹੈ? ਹਾਂ, ਉਹ ਛੁਰਾ ਉਸ ਦੇ ਬਚਪਨ ਦਾ ਸਾਥੀ, ਜਿਸਨੇ ਕਿੰਨੇ ਹੀ ਜੰਗਲ ਸਾਫ ਕੀਤੇ ਹਨ, ਕਿੰਨੀਆਂ ਹੀ ਜ਼ਾਨਾਂ ਲਈਆਂ ਸਨ। ਟਾਕਚੀਂ ਨੇ ਉਸਦੀ ਧਾਰ ਵੇਖੀ। ਚਮਕਦੀ ਧਾਰ ਖਰਾਬ ਨਹੀਂ ਸੀ ਪਰ ਬਹੁਤ ਦਿਨ ਪਏ ਰਹਿਣ ਦੇ ਕਾਰਨ ਥੋੜ੍ਹਾ ਬਹੁਤ ਜ਼ੰਗ ਜ਼ਰੂਰ ਲੱਗ ਗਿਆ ਸੀ।" ਥੋੜ੍ਹਾ ਹੋਰ ਤੇਜ਼ ਕਰ ਲਵਾਂ, ਤਾਂ ਠੀਕ ਹੋਵੇਗਾ।" ਇਉਂ ਬੁਲ੍ਹਾਂ ਵਿਚ ਹੀ ਬੁੜਬੁੜਾਉਂਦਿਆਂ ਹੋਇਆਂ ਉਸਨੇ ਛੁਰਾ ਤੇਜ਼ ਕਰਨ ਲਈ ਪੱਥਰ ਚੁਕਿਆ ਤੇ ਪੱਥਰ ਤੇ ਛੁਰਾ ਘਸਾਉਣ ਲੱਗਾ। ਦੀਵੇ ਦੀ ਮੱਧਮ ਰੋਸ਼ਨੀ ਵਿਚ ਇਕ ਵਾਰ ਉਸ ਨੇ ਫਿਰ ਬੱਚਿਆਂ ਦੇ ਚਿਹਰਿਆਂ ਵਲ ਤੱਕਿਆ। ਇਹ ਇੰਨੀ ਡੂੰਘੀ ਨੀਂਦ ਵਿਚ ਸੁੱਤੇ ਪਏ ਸਨ ਕਿ ਕੇਵਲ ਸਾਹ ਲੈਣ ਦੀ ਹੀ ਆਵਾਜ਼ ਆ ਰਹੀ ਸੀ। ਦੂਰ ਮੰਦਰ ਦੇ ਘੰਟੇ ਨੇ ਬਾਰਾਂ ਵਜਾਏ। ਘੰਟੇ ਦੀਆਂ ਚੋਟਾਂ ਦੀ ਕਿੰਨੀ ਭਿਆਨਕ ਆਵਾਜ਼ ਸੀ। ਇਕ ਬੱਚੇ ਨੇ ਪਾਸਾ ਪਰਤਿਆ, ਜਿਸ ਨਾਲ ਉਸ ਦਾ ਇਕ ਹੱਥ ਕੰਬਲ ਤੋਂ ਬਾਹਰ ਹੋ ਗਿਆ। ਪਿਤਾ ਬੱਚਿਆਂ ਦੇ ਪਾਸ ਆ ਬੈਠਾ। ਦੀਵਾ ਬੁੱਝ ਚੁੱਕਾ ਸੀ। ਸ਼ੱਨਾਟਾ, ਭਿਆਨਕ ਸੱਨਾਟਾ ! ਇਤਨਾ ਅੰਨ੍ਹੇਰਾ, ਏਥੇ ਤਾਂ ਕੁਝ ਨਜ਼ਰ ਕੰਮ ਹੀ ਨਹੀਂ ਕਰਦੀ।

"ਪਹਿਲੇ ਛੋਟੇ ਨੂੰ। ਅਗਰ ਉਹ ਜਾਗ ਪਵੇ ਤੇ ਚਿੱਲਾ ਉੱਠੇ ਤਾਂ?"

'ਉਸ ਦੀ ਆਵਾਜ਼ ਨਾਲ ਦੋਨੋਂ ਬੱਚੇ ਜਾਗ ਪੈਣਗੇ। ਫਿਰ ਇਹ ਬੇਰਹਿਮੀ ਵਾਲਾ ਪਿਆਰ ਮੇਰੀ ਮਰਜ਼ੀ ਪੂਰੀ ਨਹੀਂ ਹੋਣ ਦੇਵੇਗਾ........।'

"ਆਹ ! ਕਿੰਨੀ ਨਿੱਕੀ ਗਰਦਨ ਹੈ! ਕਿੰਨੀ ਮੁਲਾਇਮ ! ਲੇਕਨ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਕਿੱਥੇ ਚੋਟ ਕਰਨ ਤੇ ਮੇਰੇ ਮਾਸੂਮ ਬੱਚੇ ਨੂੰ ਜ਼ਿਆਦਾ

ਦੁਖ ਨਹੀਂ ਹੋਵੇਗਾ।"

"ਫਿਰ ਵਿਚਕਾਰਲੇ ਨੂੰ। ਛੇਤੀ! ਅਜੇ ਹੱਥਾਂ ਵਿਚ ਸ਼ਕਤੀ ਹੈ!.....।"
"ਕੀ ਵੱਡਾ ਜਾਗ ਉਠਿਆ? ਨਹੀ ਉਹ ਤਾਂ ਆਰਾਮ ਨਾਲ ਸੁੱਤਾ ਪਿਆ ਹੈ।"

"ਬਾਕੀ ਇਹ ਵੱਡਾ ਰਿਹਾ, ਇਹੋ ਅੰਤਮ ਯਾਦ ਹੈ। ਉਸੇ ਦਿਨ ਦੀ ਤਾਂ ਗੱਲ ਹੈ। ਜਦੋਂ ਇਸਦੀ ਮਾਂ ਗੋਦ ਵਿਚ ਲੈਕੇ ਨਾਮ ਸੰਸਕਾਰ ਕਰਾਉਣ ਲਈ ਮੰਦਰ ਵਿਚ ਗਈ ਸੀ। ਉਥੇ ਇਸਦੀ ਬਾਂਹ ਤੇ ਪੁਜਾਰੀ ਨੇ ਤਵੀਤ ਬੰਨ੍ਹਿਆ ਸੀ। ਜਿਸਦੇ ਪਰਭਾਵ ਕਰਕੇ ਇਹ ਹੱਛਾ ਨਾਮ ਵਾਲਾ ਤੇ ਭਾਗਵਾਨ ਹੋਵੇ।' ਲੇਕਨ ਅੱਜ? ਆਹ !.......।"

ਟਾਕਚੀ ਦਾ ਹੱਥ ਕੰਬ ਗਿਆ। ਮੱਥੇ ਤੋਂ ਪਸੀਨੇ ਦੀਆਂ ਬੂੰਦਾਂ ਟਪਕਕੇ ਛੁਰੇ ਦੇ ਮੁੱਠੇ ਤੇ ਆ ਡਿੱਗੀਆਂ। ਛੁਰਾ ਡਿਗਦਾ ਡਿਗਦਾ ਹਥੋਂ ਬਚ ਗਿਆ।

"ਕੀ ਹੁਣ ਇਹ ਹੱਥ ਆਪਣਾ ਕੰਮ ਪੂਰਾ ਨਹੀਂ ਕਰ ਸਕੇਗਾ?" "ਇਤਨਾ ਕਮਜ਼ੋਰ ਹੈ" "ਇਹ ਨਹੀਂ ਹੋ ਸਕਦਾ।" "ਐਸੀ ਗੱਲ ਨਹੀਂ।"

"ਫਿਰ ਛੇਤੀ ਕਰੋ। ਨਹੀਂ ਤਾਂ................।"

'ਟੱਕ' ਦੀ ਧੀਮੀ ਜਿਹੀ ਆਵਾਜ਼ ਹੋਈ। ਬਲੀਦਾਨ ਦਾ ਕੰਮ ਸਮਾਪਤ ਹੋ ਗਿਆ। ਪਿਤਾ ਨੇ ਲਾਸ਼ਾਂ ਨੂੰ ਕੰਬਲ ਵਿਚ ਲਪੇਟਕੇ ਰਿਕਸ਼ੇ ਵਿਚ ਰਖ ਲਿਆ ਤੇ ਰਿਕਸ਼ਾ ਖਿਚ ਕੇ ਸੜਕ ਤੇ ਲੈ ਆਇਆ। ਕੁਝ ਦਿਨ ਪਹਿਲਾਂ ਉਹ ਇਸੇ ਰਸਤੇ ਆਪਣੀ ਪਤਨੀ ਦੀ ਅਰਥੀ ਨਾਲ ਗਿਆ ਸੀ, ਉਸ ਦੀਆਂ ਅੱਖਾਂ ਵਿਚ ਹੰਝੂ ਸਨ ਪਰ ਅਜ ਉਸਦੇ ਨੈਣਾਂ ਵਿਚ ਸੁੰਵਾ-ਪਣ ਸੀ। ਉਸ ਦਿਨ 'ਆਪਣਾ' ਕਹਿਣ ਲਈ ਬਹੁਤ ਕੁਝ ਸੀ ਲੇਕਿਨ ਅਜ ਕੁਝ ਨਹੀਂ ਸੀ। ਕੇਵਲ ਆਪਣਾ ਦੇਸ਼ ਸੀ ਅਤੇ ਉਸ ਸਬੰਧੀ ਆਪਣਾ ਫਰਜ਼।

ਰਾਤ ਦਾ ਆਖਰੀ ਪਹਿਰ ਸੀ। ਪਹਾੜ ਦੀ ਓਟ ਵਿਚ ਡੁੱਬਦੇ ਚੰਦ ਦੀ ਪੀਲੀ ਰੋਸ਼ਨੀ ਅੰਦਰ ਉਸਨੇ ਆਪਣੇ ਤਿੰਨਾਂ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਦੇ ਪਾਸ 'ਧਰਤੀ ਮਾਤਾ' ਦੀ ਗੋਦ ਵਿਚ ਸੁਆ ਦਿੱਤਾ ਤੇ ਫਿਰ ਉਨ੍ਹਾਂ ਕਬਰਾਂ ਉੱਤੇ ਤਾੜ ਦੇ ਛੋਟੇ ਛੋਟੇ ਬੂਟੇ ਲਾ ਦਿੱਤੇ।

ਬੱਚੇ ਕਿਤਨੇ ਆਰਾਮ ਨਾਲ ਸੌਂ ਰਹੇ ਹਨ। ਕਿਹਾ ਚੰਗਾ ਹੁੰਦਾ ਕਿ ਟਾਕਚੀ ਨੂੰ ਵੀ ਉਨ੍ਹਾਂ ਕੋਲ ਥਾਂ ਮਿਲ ਜਾਂਦੀ। ਲੇਕਨ ਉਸ ਲਈ ਤਾਂ ਜੰਗ ਆਪਣਾ ਭਿਆਨਕ ਮੂੰਹ ਅੱਡੀ ਖੜੋਤਾ ਸੀ। ਉਸਨੂੰ ਉਥੇ ਥਾਂ ਮਿਲੇਗਾ, ਏਥੇ ਨਹੀਂ। "ਟਾਕਚੀ ਚਲੋ ! ਏਥੇ ਨਹੀਂ !" ਉਸਦੇ ਕੰਨਾਂ ਵਿਚ ਬਾਰ ਬਾਰ ਇਹ ਅਵਾਜ਼ ਪੈ ਰਹੀ ਸੀ। ਉਸ ਨੇ ਇਕ ਵਾਰ ਝੁਕ ਕੇ ਈਸ਼ਵਰ ਅੱਗੇ ਪ੍ਰਾਰਥਨਾ ਕੀਤੀ।

ਜਦੋਂ ਉਹ ਮੰਦਰ ਦੇ ਅੰਦਰ ਲੰਘਿਆ, ਪਹੁ ਫੁਟਾਲਾ ਹੋ ਰਿਹਾ ਸੀ। ਪੌੜੀਆਂ

ਦੇ ਹੇਠ ਪੱਥਰ ਦੇ ਹੌਜ਼ ਵਿਚ ਪਾਣੀ ਭਰਿਆ ਹੋਇਆ ਸੀ। 'ਦੇਵਤੇ ਦਾ ਦਰਸ਼ਨ ਕਰਕੇ ਪਾਪੀ ਉਸ ਪਾਣੀ ਨਾਲ ਆਪਣੇ ਪਾਪ ਧੋ ਲੈਂਦੇ ਹਨ।' ਟਾਕਚੀ ਨੇ ਵੀ ਉਸ ਪਾਣੀ ਨਾਲ ਆਪਣੇ ਹੱਥ ਧੋ ਲਏ। ਹੱਥ ਧੋ ਕੇ ਉਹ ਪੁਜਾਰੀ ਪਾਸ ਆ ਖੜੋਤਾ ਤੇ ਕਹਿਣ ਲੱਗਾ, "ਇਸ ਸੰਸਾਰ ਵਿਚ ਹੁਣ ਮੇਰੇ ਸਿਰ ਤੇ ਕੋਈ ਬੋਝ ਨਹੀਂ ਹੈ। ਹੁਣ ਮੈਂ ਬੇਫਿਕਰ ਹੋਕੇ,ਆਪਣੇ ਦੇਸ਼ ਲਈ ਲੜ ਸਕਾਂਗਾ। ਮੰਦਰ ਦੇ ਦਰਵਾਜ਼ੇ ਤੇ ਮੇਰਾ ਰਿਕਸ਼ਾ ਖੜੋਤਾ ਹੈ, ਉਹ ਤੁਸੀਂ ਲੈ ਲਵੋ। ਹੁਣ ਮੈਂ ਇੱਕ ਸਾਧੂ ਫਕੀਰ ਹਾਂ।" ਕਹਿ ਕੇ ਤੇ ਮੰਦਰ ਵਿਚ ਸਿਰ ਝੁਕਾ ਕੇ ਉਹ ਬਾਹਰ ਆ ਗਿਆ।

੪.

ਮਾਰਚ ਦਾ ਮਹੀਨਾ ਸੀ। ਸਾਰਾ ਪਿੰਡ ਜੰਗ ਵਿਚ ਜਾਣ ਲਈ ਤਿਆਰ ਸੀ। ਦਸ ਹਜ਼ਾਰ ਚੀਨੀ ਝੰਡਿਆਂ ਤੇ ਸੂਰਜ ਦੀਆਂ ਕਿਰਨਾਂ ਲਿਸ਼ਕ ਰਹੀਆਂ ਸਨ। ਸੜਕਾਂ ਤੇ ਬਹੁਤ ਭੀੜ ਸੀ। ਲੇਕਿਨ ਕਿਲੇ ਦੇ ਫਾਟਕ ਸਾਹਮਣੇ ਸਭ ਤੋਂ ਵੱਧ ਭੀੜ ਸੀ। ਬਿਗਲ ਵੱਜਿਆ, ਸਿਪਾਹੀਆਂ ਦੀ ਹਾਜ਼ਰੀ ਲੱਗਣ ਲੱਗੀ। "ਟਾਕਚੀ ਹਾਜ਼ਰ ਹੈ?" "ਹਾਜ਼ਰ ਹੈ"। ਖੁਸ਼ੀ ਤੇ ਮਾਣ ਦੇ ਨਸ਼ੇ ਵਿਚ ਚੂਰ ਫੌਜ ਨਾਹਰੇ ਲਾਉਂਦੀ ਚਲੀ ਗਈ। ਸਭ ਤੋਂ ਵਧ ਖੁਸ਼ੀ ਟਾਕਚੀ ਨੂੰ ਸੀ, ਖੂੰਨੀ ਟਾਕਚੀ ਨੂੰ। ਹਾਂ ਦੂਸਰਿਆਂ ਦੀਆਂ ਨਜ਼ਰਾਂ ਵਿਚ ਉਹ ਬੇਰਹਿਮ ਹਤਿਆਰਾ ਹੋ ਸਕਦਾ ਹੈ ਪਰ ਸਵਦੇਸ਼ੀਆਂ ਦੀ ਨਜ਼ਰ ਵਿਚ ਉਹ ਆਪਣੇ ਦੇਸ਼ ਦੇ ਲਈ ਸਭ ਕੁਝ ਨਿਛਾਵਰ ਕਰ ਦੇਣ ਵਾਲਾ ਲਾਸਾਨੀ ਬਹਾਦਰ ਸਿਪਾਹੀ ਸੀ।

੫.

ਕਈ ਵਰ੍ਹੇ ਪਿਛੋਂ।

ਦੂਰ ਪਹਾੜ ਦੀ ਘਾਟੀ ਵਿਚ ਤਾੜ ਦੇ ਬਿਰਛਾਂ ਹੇਠ, ਜਿਥੇ ਕੁਝ ਮਿੱਟੀ ਦੀਆਂ ਪੁਰਾਣੀਆਂ ਹੋਈਆਂ ਸਮਾਧਾਂ ਦੇ ਚਿੰਨ੍ਹ ਬਾਕੀ ਹਨ, ਇਕ ਕੰਬਲੀ ਵਾਲਾ ਸਾਧੂ ਰਹਿੰਦਾ ਹੈ। ਉਹ ਦਰਸ਼ਨ ਲਈ ਆਏ ਲੋਕਾਂ ਨੂੰ ਤਵੀਤ ਵੀ ਕਰਦੇ ਦੇਂਦਾ ਹੈ। ਲੋਕ ਕਹਿੰਦੇ ਹਨ ਕਿ ਉਨ੍ਹਾਂ ਤਵੀਤਾਂ ਨੂੰ ਬਾਂਹਾਂ ਤੇ ਬੰਨ੍ਹਣ ਨਾਲ ਦਿਲ ਵਿਚ 'ਦੇਸ਼-ਪਿਆਰ' ਜਾਗ ਪੈਂਦਾ ਹੈ। ਉਸ ਸਾਧੂ ਪਾਸ ਹਮੇਸ਼ਾਂ ਨੌਜਵਾਨਾਂ ਦੀ ਭੀੜ ਲੱਗੀ ਰਹਿੰਦੀ ਹੈ। ਉਹ ਤਵੀਤ ਆਪਣੇ ਹੱਥੀਂ ਆਪ ਬਣਾਉਂਦਾ ਹੈ। ਉਨ੍ਹਾਂ ਤਵੀਤਾਂ ਵਿਚ ਸੁਨਹਿਰੀ ਧਾਗੇ ਵਿਚ ਲਪੇਟੇ ਹੋਏ ਕੁਛ 'ਲਹੂ ਲਿਬੜੇ' ਕੰਬਲ ਦੇ ਧਾਗੇ ਵੀ ਹੁੰਦੇ ਹਨ।

-ਚੀਨੀ ਕਹਾਣੀ

(੮) ਮਜ਼ਦੂਰ

ਸ਼ਾਮ ਦੇ ਭੋਜਨ ਲਈ ਉਬਲਦੇ ਚੌਲਾਂ ਵਲ ਤੱਕਦੇ ਹੋਏ ਮਜ਼ਦੂਰ ਆਪਣੇ ਚੌਧਰੀ ਦੀਆਂ ਗੱਲਾਂ ਸੁਣ ਰਹੇ ਸਨ। ਉਨ੍ਹਾਂ ਦੇ ਧੁਪਾਂ ਨਾਲ ਤਾਂਬਾ ਹੋਏ ਅਰੋਗ ਚੇਹਰੇ ਚੁਲ੍ਹੇ ਦੀ ਅੱਗ ਦੇ ਸਾਹਮਦੇ ਖੂਬ ਚਮਕ ਰਹੇ ਸਨ। ਰਸੋਈ ਦੀ ਹਵਾ ਥੱਕੇ ਹੋਏ ਮਜ਼ਦੂਰਾਂ ਦੇ ਪਸੀਨੇ ਦੀ ਗੰਧ ਨਾਲ ਭਰਪੂਰ ਸੀ। ਛੱਪਰ ਦੇ ਖੁਲ੍ਹੇ ਦਰਵਾਜ਼ੇ ਵਿਚੀਂ ਨੀਲੇ ਅਕਾਸ਼ ਵਿਚੋਂ ਇਕ ਦੋ ਤਾਰੇ ਚਮਕਦੇ ਪਰਤੀਤ ਹੋ ਰਹੇ ਸਨ। ਸ਼ਾਮ ਦੇ ਵਧਦੇ ਹੋਏ ਹਨੇਰੇ ਵਿਚ ਖਾਲੀ ਖੇਤਾਂ ਵਿਚ ਗਰਮੀ ਨਾਲ ਪਈਆਂ ਹੋਈਆਂ ਤਰੇੜਾਂ ਸਾਫ ਦਿਸ ਰਹੀਆਂ ਸਨ। ਖੜੀ ਫਸਲ ਦੇ ਭਰੇ ਖੇਤ ਸ਼ਾਮ ਦੀ ਹਵਾ ਦੇ ਪਹਿਲੇ ਝੋਂਕੇ ਨਾਲ ਕੰਬਦੇ ਹੋਏ ਆਪਣੇ ਸਿਰ ਹਿਲਾ ਰਹੇ ਸਨ।

ਥਕਾਵਟ ਨਾਲ ਦੁਖੀ ਹੋਈ ਮਜ਼ਦੂਰਾਂ ਦੇ ਸੰਕਟ ਭਰੇ ਜੀਵਨ ਤੋਂ ਤੰਗ ਆ ਕੇ ਚੌਧਰੀ ਅਖੀਰ ਵਿਚ ਕਹਿਣ ਲੱਗਾ, "ਇਹ ਸਭ ਉਸੇ ਹੱਵਾ ਮਾਈ ਦਾ ਕਸੂਰ ਹੈ। ਉਸੇ ਪਹਿਲੀ ਮਾਈ ਦਾ। ਬਹੁਤ ਦਿਨ ਹੋਏ, ਮੇਰੀ ਦਾਦੀ ਦਸਿਆ ਕਰਦੀ ਸੀ ਕਿ ਗਰੀਬ ਹਮੇਸ਼ਾਂ ਅਮੀਰਾਂ ਦਾ ਸ਼ਿਕਾਰ ਬਣੇ ਰਹਿਣਗੇ। ਕੋਈ ਚਾਰਾ ਨਹੀਂ ਚਲ ਸਕਦਾ।"

ਆਪਣੇ ਸਾਥੀ ਮਜ਼ਦੂਰਾਂ ਨੂੰ ਮਾਈ ਹੱਵਾ ਦੀ ਕਹਾਣੀ ਵਿਚ ਦਿਲਚਸਪੀ ਲੈਂਦਿਆਂ ਵੇਖ ਬੁੱਢੇ ਚੌਧਰੀ ਨੇ ਕਹਿਣਾ ਸ਼ੁਰੂ ਕੀਤਾ, 'ਕਿਸ ਤਰ੍ਹਾਂ ਪਹਿਲੀ ਇਸਤਰੀ ਨੇ ਮਜ਼ਦੂਰ ਜਮਾਤ ਨਾਲ ਭੈੜਾ ਸਲੂਕ ਕੀਤਾ ਸੀ?

ਇਹ ਉਸ ਸਮੇਂ ਦੀ ਗੱਲ ਹੈ, ਜਦੋਂ ਕਸੂਰਵਾਰ ਆਦਮ ਤੇ ਹੱਵਾ ਨੂੰ ਆਪਣੀ ਕਰਤੂਤ ਕਰਕੇ ਸਵਰਗ ਤੋਂ ਨਿਕਲਣ ਦੀ ਸਜ਼ਾ ਮਿਲੀ ਸੀ। ਬਹੁਤ ਦਿਨ ਨਹੀਂ ਹੋਏ ਸਨ। ਆਦਮ ਆਪਣਾ ਸਮਾਂ ਆਪਣੀ ਖੇਤੀ ਦੀ ਦੇਖ ਭਾਲ ਵਿਚ ਬਸਰ ਕਰਦਾ ਸੀ। ਮਾਈ ਹਵਾ ਸਜ ਫਬ ਕੇ ਆਪਣੇ ਕੁਟੀਆ ਤੇ ਬੈਠੀਂ ਹੀ ਵਕਤ ਗੁਜ਼ਾਰ ਦੇਂਦੀ ਸੀ। ਹਰ ਸਾਲ ਉਸਦੇ ਪਰਵਾਰ ਵਿਚ ਖਾਣ ਵਾਲਿਆਂ ਦੀ

ਗਿਣਤੀ ਵੱਧਦੀ ਜਾ ਰਹੀ ਸੀ। ਬਿਚਾਰੇ ਆਦਮ ਨੂੰ ਸਮਝ ਨਹੀਂ ਸੀ ਆ ਰਿਹਾ, ਉਹ ਕਰੇ ਤੇ ਕੀ ਕਰੇ?

ਕਦੀ ਨਾ ਕਦੀ ਉਦੋਂ ਤੱਕ ਕੋਈ ਫਰਿਸ਼ਤਾ ਖੰਭ ਫੜਫੜਾਂਦਾ ਹੋਇਆ ਦੁਨੀਆਂ ਦੀ ਹਾਲਤ ਦੇਖਣ ਲਈ ਆ ਪਹੁੰਚਦਾ। ਜਿਸ ਤੋਂ ਆਪਣੇ ਖ਼ੁਦਾ ਨੂੰ ਖਬਰ ਕਰ ਸਕੇ ਕਿ ਪਹਿਲੇ ਕਸੂਰ ਦੇ ਬਦਲੇ, ਪਤੀ ਪਤਨੀ ਦੀ ਕਿਵੇਂ ਗੁਜ਼ਰ ਰਹੀ ਹੈ।

"ਪੁੱਤਰ ! ਪਿਆਰੇ ਬੱਚੇ !" ਮਾਈ ਹੱਵਾ ਪ੍ਰੇਮ ਨਾਲ ਮੁਸਕਰਾਂਦੀ ਹੋਈ ਪੁਛਦੀ, "ਕੀ ਤੂੰ ਸਵਰਗ ਤੋਂ ਆ ਰਿਹਾ ਹੈਂ? ਸਾਡੇ ਮਾਲਕ ਦਾ ਕੀ ਹਾਲ ਚਾਲ ਹੈ? ਮੇਰਾ ਇਕ ਸੁਨੇਹਾ ਉਸ ਨੂੰ ਜ਼ਰੂਰ ਪਹੁੰਚਾ ਦੇਵੀਂ, ਮੈਂ ਆਪਣੇ ਕਸੂਰ ਤੇ ਪਸ਼ਚਾਤਾਪ ਕਰ ਰਹੀ ਹਾਂ। ਆਹ ! ਸਵਰਗ ਵਿਚ ਅਸੀਂ ਕਿਸ ਤਰ੍ਹਾਂ ਖੁਸ਼ੀ ਦੇ ਦਿਨ ਲੰਘਾਂਦੇ ਸੀ? ਉਹਨਾਂ ਨੂੰ ਮੇਰੇ ਵਲੋਂ ਇਹ ਵੀ ਕਹਿਣਾ ਕਿ ਅਸੀਂ ਆਪਣੇ ਕੀਤੇ ਦਾ ਫਲ ਪਾ ਲਿਆ ਹੈ, ਹੁਣ ਸਾਨੂੰ ਮਾਫ ਕਰੋ। ਆਪਣੇ ਚਰਨਾਂ ਵਿਚ ਥਾਂ ਦੇਵੋ।"

"ਬਹੁਤ ਅੱਛਾ" ਕਹਿੰਦਾ ਹੋਇਆ ਫਰਿਸ਼ਤਾ ਵੀ ਆਪਣੇ ਖੰਭ ਫੈਲਾਂਦਾ ਉਡਦਾ ਚਲਾ ਜਾਂਦਾ।

ਇਸ ਕਿਸਮ ਦੇ ਸੁਨੇਹੇ ਬਹੁਤ ਜਾਂਦੇ ਰਹੇ। ਪਰ ਕੋਈ ਚੰਗਾ ਸਿਟਾ ਨਾ ਨਿਕਲਿਆ। ਰੱਬ ਆਪ ਆਪਣੇ ਘਰੋਗੀ ਮਸਲਿਆਂ ਵਿਚ ਮਸਰੂਫ ਸੀ। ਉਸ ਦਰਸ਼ਨ ਨਾ ਦਿਤੇ। ਇਕ ਦਿਨ ਇਕ ਫਰਿਸ਼ਤਾ ਸਵਰਗ ਤੋਂ ਆ ਕੇ ਆਦਮ ਦੀ ਕੁਟੀਆ ਦੇ ਸਾਹਮਣੇ ਖਲੋ ਗਿਆ। ਉਸ ਸਮੇਂ ਵੀ ਅਜੇਹੇ ਆਦਮੀਆਂ ਦਾ ਕੋਈ ਘਾਟਾ ਨਹੀਂ ਸੀ। ਉਸ ਨੇ ਮਾਈ ਹੱਵਾ ਨੂੰ ਇਉਂ ਕਿਹਾ, "ਮਾਈ ਹੱਵਾ, ਤੂੰ ਕਿਥੇ ਹੈਂ? ਵੇਖ ਅਜ ਕੈਸਾ ਸੁਹਾਵਣਾ ਦਿਨ ਹੈ, ਸ਼ਾਇਦ ਮਾਲਕ ਅਜ ਇਧਰ ਚਰਨ ਪਾਉਣ ਦੀ ਕਿਰਪਾ ਕਰਨ। ਕੱਲ ਰਾਤ ਉਹ ਵੱਡੇ ਫਰਿਸ਼ਤੇ ਮਾਈਕਲ ਤੋਂ ਪਤਾ ਕਰ ਰਹੇ ਸਨ ਕਿ ਉਹਨਾਂ ਬੇਚਾਰੇ ਜਲਾਵਤਨਾਂ ਦਾ ਕੀ ਹਾਲ ਹੈ?"

ਇਹ ਗੱਲ ਸੁਣ ਕੇ ਮਾਈ ਹੱਵਾ ਬੇ-ਹੱਦ ਖੁਸ਼ ਹੋਈ ਕਿ ਪਰਮਾਤਮਾ ਉਸ ਦੇ ਘਰ ਖੁਦ ਦਰਸ਼ਨ ਦੇਣ ਆਉਣ ਵਾਲੇ ਹਨ। ਉਸ ਨੇ ਬਾਬਾ-ਆਦਮ ਨੂੰ ਵੀ ਉੱਚੀ ਅਵਾਜ਼ ਦਿੱਤੀ। ਉਹ ਰੋਜ਼ ਵਾਂਗ ਖੇਤਾਂ ਵਿਚ ਕੰਮੀਂ ਲੱਗਿਆ ਹੋਇਆ ਸੀ। ਇਧਰ ਮਾਈ ਹੱਵਾ ਨੇ ਕੁਟੀਆ ਦਾ ਕੋਨਾ ਕੋਨਾ ਸਾਫ ਕਰ ਦਿੱਤਾ। ਛਿੜਕਾ

ਵੀ ਕਰ ਦਿੱਤਾ ਗਿਆ। ਬਿਸਤਰੇ ਤੇ ਨਵੀਂ ਚਾਦਰ ਵਿਛਾਈ ਗਈ। ਮੇਜ਼ ਕੁਰਸੀਆਂ ਨੂੰ ਖੂਬ ਸਾਫ ਕੀਤਾ ਗਿਆ। ਇਸ ਤੋਂ ਬਾਅਦ ਮਾਈ ਹੱਵਾ ਨੇ ਆਪਣੇ ਆਪ ਨੂੰ ਚੰਗੇ ਚੰਗੇ ਸੂਟਾਂ ਤੇ ਸਾੜ੍ਹੀਆਂ ਨਾਲ ਸਜਾਇਆ। ਬਾਬੇ ਆਦਮ ਨੂੰ ਵੀ ਨਵਾਂ ਕੋਟ ਪਵਾਇਆ। ਉਹ ਸੋਚਣ ਲੱਗੀ ਕਿ ਹੁਣ ਕਿਸੇ ਗੱਲ ਦੀ ਖਾਮੀ ਨਹੀਂ ਰਹੀ। ਇਸੇ ਸਮੇਂ ਇਕ ਪਾਸੇ ਤੋਂ ਉਸਦੇ ਵੀਹ ਤੀਹ ਬੱਚਿਆਂ ਦੀ ਆਵਾਜ਼ ਕੰਨੀਂ ਪਈ ਤੇ ਉਸ ਨੇ ਸੋਚਿਆ ਕਿ, "ਉਹ ! ਇਹ ਗੰਦੇ ! ਮੈਲੇ ਕੁਚੇਲੇ ਬੱਚੇ ਪਰਮੇਸ਼ਰ ਦੇ ਸਾਹਮਣੇ ਕਿਸ ਤਰ੍ਹਾਂ ਪੇਸ਼ ਕੀਤੇ ਜਾ ਸਕਣਗੇ!" ਇਹ ਬਹੁਤ ਗੰਦੇ ਹਨ, ਇਹ ਠੀਕ ਨਹੀਂ। "ਹੱਵਾ ਨੇ ਫਿਰ ਖਿਆਲ ਕੀਤਾ ਕਿ ਮਾਲਕ ਕੀ ਆਖੇਗਾ ਕਿ ਕੈਸੀ ਬੇ-ਪ੍ਰਵਾਹ ਗੰਦੀ ਔਰਤ ਹੈ। ਆਦਮ ਨੂੰ ਕੀ ਪਤਾ ਹੈ ਕਿ ਇਤਨੀ ਟੱਬਰ ਵਾਲੀ ਦੀ ਕਿਵੇਂ ਗੁਜ਼ਰਦੀ ਹੈ। ਬਹੁਤ ਸਾਰੀ ਸੋਚ ਵਿਚਾਰ ਤੋਂ ਬਾਅਦ ਮਾਈ ਹੱਵਾ ਨੇ ਆਪਣੇ ਸਾਰੇ ਬੱਚਿਆਂ ਵਿਚੋਂ ਤਿੰਨ ਲੜਕਿਆਂ ਨੂੰ ਚੁਣਿਆ ਜੋ ਸਭ ਤੋਂ ਖੂਬਸੂਰਤ ਸਨ। ਬਾਕੀ ਮੈਲੀ ਕੁਚੈਲੀ ਫੌਜ ਨੂੰ ਹਿਕ ਕੇ ਉਸ ਨੇ ਇਕ ਵਾੜੇ ਵਿਚ ਬੰਦ ਕਰ ਦਿੱਤਾ। ਉਹ ਚੀਖ ਪੁਕਾਰ ਕਰਦੇ ਰਹੇ। ਮਾਂ ਨੇ ਇਹ ਸਭ ਕੁਝ ਆਪਣਾ ਦਿਲ ਥੰਮ ਕੇ ਕੀਤਾ।

ਹੁਣ ਸਭ ਕੁਛ ਦਰੁਸਤ ਹੋ ਚੁਕਿਆ ਸੀ। ਇਕ ਚਮਕਦਾ ਹੋਇਆ ਬੱਦਲ ਦਾ ਟੁਕੜਾ ਪਾਸੇ ਤੋਂ ਉਤਰਦਾ ਨਜ਼ਰ ਆਇਆ। ਪਰ ਉਸ ਦੇ ਖੰਭਾਂ ਦੀ ਫੜਫੜਾਹਟ ਨਾਲ ਧਰਤੀ ਗੂੰਜ ਉਠੀ। ਬਹੁਤ ਸਾਰੇ ਗੜਿਆਂ ਵਿਚੋਂ ਨਿਕਲੀ ਹੋਈ ਮਿੱਠੀ ਰਾਗਣੀ ਸਾਫ ਹੁੰਦੀ ਗਈ। ਹੁਸੈਨ ! ਹੁਸੈਨ !! ਦੀ ਰਾਜ਼ ਭਰੀ ਪੁਕਾਰ ਸਪਸ਼ਟ ਸੁਣਾਈ ਦੇਣ ਲੱਗੀ। ਦੇਖਦਿਆਂ ਦੇਖਦਿਆਂ ਸਵਰਗ ਦੇ ਗਵੱਈਏ ਧਰਤੀ ਤੇ ਉਤਰ ਆਏ ਤੇ ਇਸ ਤਰ੍ਹਾਂ ਸ਼ਾਨ ਸ਼ੌਕਤ ਨਾਲ ਅਗੇ ਵਧੇ ਕਿ ਮਾਨੋ ਸਾਰੇ ਤਾਰੇ ਹੀ ਆਦਮ ਦੇ ਖੇਤ ਵਿਚ ਆ ਉਤਰੇ ਹਨ। ਅਗੇ ਅਗੇ ਫਰਿਸ਼ਤਿਆਂ ਦਾ ਟੋਲਾ ਸੀ। ਉਹ ਆਪਣੀਆਂ ਤੇਜ਼ ਤਲਵਾਰਾਂ ਮਿਆਨ ਵਿਚ ਰਖਦੇ ਹੋਏ, ਮਾਈ ਹੱਵਾ ਦੀ ਕੁਟੀਆ ਦੇ ਸਾਹਮਣੇ ਬਿਰਛਾਂ ਹੇਠ ਆ ਖਲੋਤੇ। ਬਾਬਾ ਆਦਮ ਆਪਣੀ ਫਸਲ ਦੀ ਭੈੜੀ ਹਾਲਤ ਦੇਖਕੇ ਘਬਰਾ ਉਠਿਆ। ਉਸ ਤੋਂ ਬਾਅਦ ਜਗਤ ਦੇ ਸਵਾਮੀ ਆਪ ਆਏ, ਉਨ੍ਹਾਂ ਦੀ ਲਿਸ਼ਕਦੀ ਹੋਈ ਸਫੈਦ ਦਾੜ੍ਹੀ ਨੂਰ ਭਰਪੂਰ ਸੀ ਤੇ ਉਨ੍ਹਾਂ ਦੇ ਸਿਰ ਤੇ ਸੂਰਜ ਵਰਗਾ ਚਮਕਦਾ ਮੁਕਟ ਸੀ। ਉਨ੍ਹਾ ਦੇ ਪਿਛੇ ਹਜ਼ਰਤ ਮਾਈਕਲ ਤੇ ਰੱਬੀ ਦਰਗਾਹ ਤੇ ਹੋਰ ਮੁਖੀ ਫਰਿਸ਼ਤੇ ਵੀ ਸਨ।

ਮਾਲਕ ਨੇ ਬਾਬਾ ਆਦਮ ਵੱਲ ਮੁਸਕਰਾਂਦਿਆਂ ਹੋਇਆ ਤੱਕਿਆ ਤੇ ਸਿਰ ਹਿਲਾਇਆ। ਲੱਜਤ ਦੰਪਤੀ ਨੇ ਇਸ ਮੇਹਰਬਾਨੀ ਦੇ ਬੋਲ ਨਾਲ ਤੇ ਆਪਣੇ ਆਪ ਨੂੰ ਨਿੰਮਰਤਾ ਭਰਪੂਰ ਬਣਾ ਕੇ ਪਰਮਾਤਮਾ ਦੇ ਬੈਠਣ ਲਈ ਆਪਣੀ ਆਰਾਮ-ਕੁਰਸੀ ਅਗੇ ਕੀਤੀ। ਇਹ ਕੁਰਸੀ ਬੜੀ ਮਾਮੂਲੀ ਲੱਕੜ ਦੀ ਸੀ ਤੇ ਘਾਹ ਨਾਲ ਬੁਣੀ ਹੋਈ ਸੀ। ਜਗਤ ਪਿਤਾ ਉਸ ਕੁਰਸੀ ਤੇ ਬੈਠ ਕੇ ਆਦਮ ਦਾ ਹਾਲ-ਚਾਲ ਪੁੱਛਣ ਲੱਗੇ। ਉਸ ਦੇ ਪਰਵਾਰ, ਘਰ ਬਾਰ, ਖੇਤੀ ਬਾੜੀ ਤੇ ਕੰਮ ਧੰਦਿਆਂ ਬਾਰੇ ਗੱਲਾਂ ਹੋਈਆਂ।

ਪਰਮਾਤਮਾ ਨੇ ਕਿਹਾ, "ਠੀਕ ਹੈ। ਹੁਣ ਤੈਨੂੰ ਇਹ ਸਿਖਿਆ ਮਿਲੇਗੀ ਕਿ ਆਪਣੀ ਇਸਤਰੀ ਦੇ ਆਖੇ ਲਗ ਕੇ ਕੋਈ ਕੰਮ ਨਾ ਕਰੇ, ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਹਮੇਸ਼ਾਂ ਸਵਰਗ ਜੈਸੀ ਆਰਾਮ ਦੀ ਜ਼ਿੰਦਗੀ ਬਿਤਾਉਗੇ, ਲੱਕ ਬੰਨ੍ਹਕੇ ਮੇਹਨਤ ਕਰੋ ਤੇ ਆਪਣੇ ਪਸੀਨੇ ਦੀ ਕਮਾਈ ਤੇ ਸਬਰ ਕਰੋ, ਇਸ ਤਰ੍ਹਾਂ ਤੁਹਾਨੂੰ ਆਪਣੇ ਵੱਡਿਆਂ ਦੇ ਖਿਲਾਫ ਬਗ਼ਾਵਤ ਨਾ ਕਰਨ ਦੀ ਸਿਖਿਆ ਮਿਲੇਗੀ।"

ਫਿਰ ਪਰਮਾਤਮਾ ਨੇ ਜ਼ਰਾ ਨਰਮੀ ਨਾਲ ਕਿਹਾ, "ਜੋ ਹੋਇਆ, ਸੋ ਹੋਇਆ, ਹੁਣ ਮੇਰਾ ਸਰਾਪ ਮਿਟ ਨਹੀਂ ਸਕਦਾ। ਪਰ ਹੁਣ ਮੈਂ ਤੁਹਾਡੇ ਘਰ ਆਇਆ ਹਾਂ ਇਸ ਲਈ ਕੋਈ 'ਬਖਸ਼ਸ਼' ਦਿਤੇ ਬਗੈਰ ਨਹੀਂ ਜਾਵਾਂਗਾ। ਹੱਵਾ ! ਤੇਰੇ ਬੱਚੇ ਕਿੱਥੇ ਹਨ?

ਹਵਾ ਨੇ ਚੀਥੜਿਆਂ ਵਿਚ ਲਪੇਟੇ ਤਿੰਨ ਬੱਚੇ ਪਰਮੇਸ਼ਰ ਦੇ ਸਾਹਮਣੇ ਕਰ ਦਿੱਤੇ। ਜਗਤ ਦਾ ਮਾਲਕ ਛਿਣ ਭਰ ਲਈ ਉਨ੍ਹਾਂ ਵਲ ਤੱਕਦਾ ਰਿਹਾ। ਉਸ ਨੇ ਇਕ ਮਧਰੇ ਤੇ ਚੁਪ-ਗੜੁਪ ਗੱਲਾਂ ਸੁਣ ਰਹੇ ਬੱਚੇ ਨੂੰ ਕਿਹਾ, "ਕੀ ਤੂੰ ਆਪਣੇ ਭਾਈ ਮਨੁੱਖਾਂ ਦੀ ਫਰਿਆਦ ਸੁਣਿਆ ਕਰੇਂਗਾ। ਉਨ੍ਹਾਂ ਦੇ ਸੱਚ ਝੂਠ ਦਾ ਨਿਰਣਾ ਕਰੇਂਗਾ? ਰਾਜ-ਪਰਬੰਧ ਦਾ ਭਾਰ ਵੀ ਤੇਰੇ ਮੋਢਿਆਂ ਤੇ ਹੋਵੇਗਾ ਤੇ ਮਰਜ਼ੀ ਅਨੁਸਾਰ ਆਪਣੀ ਰਾਇ ਵੀ ਬਦਲਦਾ ਰਹੇਂਗਾ।"

ਦੂਸਰੇ ਚੰਚਲ ਤੇ ਸਾਂਵਲੇ ਰੰਗ ਦੇ ਬੱਚੇ ਵਲ ਜੋ ਹੱਥ ਵਿਚ ਗੁਰਜ ਲਈ ਭਾਈਆਂ ਨੂੰ ਮਾਰਨ ਲਈ ਤਿਆਰ ਖਲੋਤਾ ਸੀ, ਇਸ਼ਾਰਾ ਕਰਦਿਆਂ ਕਿਹਾ, "ਬੇਟਾ ! ਤੂੰ ਸੂਰਮਾਂ ਹੋਵੇਂਗਾ, ਸਰਦਾਰ ਹੋਵੇਂਗਾ, ਭੇਡਾਂ ਵਾਂਗ ਆਦਮੀਆਂ ਨੂੰ ਕੁਟਵਾਵੇਂਗਾ, ਫਿਰ ਵੀ ਲੋਕ ਤੇਰੀ ਤਾਰੀਫ ਦੇ ਪੁਲ ਬੰਨ੍ਹਦੇ ਰਹਿਣਗੇ। ਸਾਥੀਆਂ

ਤੇ ਆਪਣੇ ਭਾਈਆਂ ਦੇ ਖੂਨ ਵਿਚ ਰੰਗਿਆ ਦੇਖ ਕੇ ਉਹ ਤੇਰੀ ਦੇਵਤਿਆਂ ਵਾਂਗ ਪੂਜਾ ਕਰਨਗੇ, ਤੇਰੇ ਸਾਹਮਣੇ ਸਿਰ ਵੀ ਝੁਕਾਉਣਗੇ। ਅਗਰ ਦੂਜੇ ਕਿਸੇ ਦੀ ਜਾਨ ਲੈ ਲੈਣਗੇ ਤਾਂ ਉਹ ਹਤਿਆਰੇ ਕਹੇ ਜਾਣਗੇ। ਅਗਰ ਤੂੰ ਕਿਸੇ ਦੇ ਪ੍ਰਾਣ ਲਵੇਂਗਾ ਤਾਂ ਤੂੰ ਬਹਾਦਰ ਆਖਿਆ ਜਾਵੇਂਗਾ। ਚਾਹੇ ਤੂੰ ਖੇਤੀਆਂ ਨੂੰ ਪੈਰਾਂ ਹੇਠ ਮਧੋਲ ਦੇਵੇਂ ਤੇ ਜ਼ਮੀਨ ਨੂੰ ਖੂਨ ਨਾਲ ਰੰਗ ਦੇਵੇਂ ਤੇ ਸਾਰੇ ਹਾਹਾਕਾਰ ਮਚਾ ਦੇਵੇਂ ਪਰ ਕਵੀ ਤੇਰੀ ਕੀਰਤੀ ਗਾਉਣਗੇ, ਤੇਰੇ ਤੇ 'ਮਹਾਂ-ਕਾਵਿ' ਲਿਖੇ ਜਾਣਗੇ। ਇਤਿਹਾਸਕਾਰ ਤੇਰੀਆਂ ਬੀਰਤਾਵਾਂ ਦੀ ਵੀ ਕਥਾ ਖੋਲ੍ਹ ਖੋਲ੍ਹ ਕੇ ਲਿਖਣਗੇ। ਹਾਂ ਅਗਰ ਤੈਥੋਂ ਬਿਨਾਂ ਹੋਰ ਕੋਈ ਇਹ ਕੁਝ ਕਰੇਗਾ, ਉਹ ਜੁਰਮ ਦਾ ਭਾਗੀ ਹੋਵੇਗਾ ਤੇ ਅਪਰਾਧੀ ਸਮਝਿਆ ਜਾਵੇਗਾ।"

ਕੁਛ ਚਿਰ ਪਰਮੇਸ਼ਰ ਨੇ ਸੋਚਦਿਆਂ ਹੋਇਆਂ ਤੀਸਰੇ ਲੜਕੇ ਵਲ ਇਸ਼ਾਰਾ ਕਰਦਿਆਂ ਕਿਹਾ, "ਤੂੰ ਸੰਸਾਰ ਦੀ ਦੌਲਤ ਇਕੱਠੀ ਕਰੇਂਗਾ। ਰਾਜਿਆਂ ਮਹਾਰਾਜਿਆਂ ਨੂੰ ਵੀ ਉਧਾਰ ਦੇਵੇਂਗਾ। ਤੇਰੀ ਪਦਵੀ ਉਨ੍ਹਾਂ ਦੇ ਬਰਾਬਰ ਦੀ ਹੀ ਹੋਵੇਗੀ। ਚਾਹੇ ਤੂੰ ਸਭ ਨੂੰ ਤਬਾਹ ਕਰ ਦੇਵੇਂ, ਸੰਸਾਰ ਤੇਰੀ ਚਤੁਰਾਈ ਸਿਆਣਪ ਤੇ ਹੈਰਾਨ ਹੁੰਦਾ ਰਹੇਗਾ।"

ਵਿਚਾਰਾ ਆਦਮ ਖੁਸ਼ੀ ਤੇ ਕ੍ਰਿਤਗਤਾ ਨਾਲ ਫੁਲਿਆ ਨਾ ਸਮਾਂਦਾ ਸੀ। ਪਰ ਹੱਵਾ ਕੁਛ ਚਿੰਤਾਵਾਨ ਹੋਈ ਸੰਗਦੀ ਜੇਹੀ ਬੈਠੀ, ਕੁਝ ਕਹਿਣਾ ਚਾਹੁੰਦੀ ਸੀ, ਮਗਰ ਕਹਿ ਨਹੀਂ ਸੀ ਸਕਦੀ। ਮਾਂ ਦਾ ਦਿਲ ਪਛਤਾ ਰਿਹਾ ਸੀ ਕਿ ਜਿਨ੍ਹਾਂ ਬੱਚਿਆਂ ਨੂੰ ਮੈਂ ਵਾੜੇ ਅੰਦਰ ਬੰਦ ਕਰ ਦਿੱਤਾ ਹੈ, ਉਹ ਤਾਂ ਇਸੇ ਸਮੇਂ ਪਰਮੇਸ਼ਰ ਦੀਆਂ ਰਹਿਮਤਾਂ ਤੋਂ ਸੱਖਣੇ ਰਹਿ ਜਾਣਗੇ। ਮਾਈ ਹੱਵਾ ਨੇ ਬਾਬਾ ਆਦਮ ਨੂੰ ਹੌਲੀ ਜਿਹੀ ਆਖਿਆ, "ਮੈਂ ਉਨ੍ਹਾਂ ਵਿਚਾਰਿਆਂ ਨੂੰ ਵੀ ਲੈ ਆਵਾਂ"। ਆਦਮ ਨੇ ਡਰਦਿਆਂ ਹੋਇਆ ਕਿਹਾ, "ਲਾਲਚ ਕਰਨਾ ਠੀਕ ਨਹੀਂ, ਜਗਤ-ਪਿਤਾ ਨਾਰਾਜ਼ ਹੋ ਜਾਣਗੇ।"

ਇਸ ਸਮੇਂ ਪ੍ਰਧਾਨ ਫਰਿਸ਼ਤਾ ਮਾਈਕਲ, ਜੋ ਇਨ੍ਹਾਂ ਜਿਲਾ-ਵਤਨਾਂ ਲਈ ਬੜੀ ਖੇਚਲ ਕਰਕੇ ਆਇਆ ਸੀ ਨੇ ਜਗਤ ਪਿਤਾ ਨੂੰ ਯਾਦ ਕਰਾਇਆ ਕਿ ਕਾਫੀ ਦੇਰ ਹੋ ਰਹੀ ਹੈ। ਦੁਨੀਆਂ ਦੇ ਮਾਲਕ ਉਠ ਖਲੋਤੇ ਤੇ ਬਾਕੀ ਫਰਿਸ਼ਤੇ ਚਲ ਪਏ। ਹੱਵਾ ਪਛਤਾਉਂਦੀ ਹੋਈ ਵਾੜੇ ਵਲ ਨੂੰ ਦੌੜੀ। ਉਸਨੇ ਛੇਤੀ ਨਾਲ ਤਖਤੇ ਖੋਲ੍ਹੇ। ਮਾਈ ਹੱਵਾ ਨੇ ਵਾਸਤਾ ਪਾਉਂਦਿਆਂ ਹੋਇਆ ਆਖਿਆ -

"ਓ ਪਰਮ ਪਿਤਾ। ਇਨ੍ਹਾਂ ਤੇ ਵੀ ਮੇਹਰਬਾਨੀ ਕਰਦੇ ਜਾਓ। ਮੈਂ ਤੁਹਾਥੋਂ ਇਹ ਅੰਤਮ ਦਾਨ ਮੰਗ ਰਹੀ ਹਾਂ, ਜ਼ਰਾ ਥੋੜਾ ਬਖਸ਼ਸ਼ ਦਾ ਕਿਣਕਾ।" ਪਰਮਾਤਮਾ ਨੇ ਅਸਚਰਜ-ਭਰੀਆਂ ਨਜ਼ਰਾਂ ਨਾਲ ਉਸ ਗੰਦੇ ਝੁੰਡ ਨੂੰ ਤੱਕਿਆ ਜੋ ਪਸੂਵਾੜੇ ਵਿਚ ਮਿਟੀ ਨਾਲ ਲੇਥੂ ਪੇਥੂ ਹੋਇਆ ਹੋਇਆ ਸੀ। ਪਰਮਾਤਮਾ ਨੇ ਕਿਹਾ, "ਹੁਣ ਤਾਂ ਕੁਛ ਵੀ ਬਚਿਆ ਨਹੀਂ। ਇਨ੍ਹਾਂ ਦੇ ਭਾਈਆਂ ਨੂੰ ਸਭ ਕੁਛ ਮਿਲ ਗਿਆ। ਅੱਛਾ ਹੋ ਸਕਿਆ, ਤਾਂ ਇਨ੍ਹਾਂ ਲਈ ਵੀ...............।"

ਫਰਿਸ਼ਤਾ ਮਾਈਕਲ ਨੇ ਹੱਵਾ ਨੂੰ ਝਿੜਕਿਆ ਕਿ ਹੁਣ ਉਹ ਹੋਰ ਕੁਛ ਨਾ ਕਹੇ, ਪਰ ਫਿਰ ਵੀ ਉਹ ਤਰਲਾ ਮਿੰਨਤ ਕਰਦੀ ਰਹੀ, ਆਖਰ ਮਾਂ ਸੀ।

"ਓ ਜਗਤ ਦੇ ਸਵਾਮੀ ! ਇਹਨਾਂ ਬਿਚਾਰਿਆਂ ਤੇ ਵੀ ਕੁਛ ਕਿਰਪਾ ਕਰੋ। ਇਹ ਖਾਲੀ ਹੱਥ ਸੰਸਾਰ ਵਿਚ ਕੀ ਕਰਨਗੇ? ਮੇਰੀ ਇਹੋ ਬੇਨਤੀ ਹੈ" ਜਗਤ ਦੇ ਸਵਾਮੀ ਨੇ ਫੇਰ ਜਾਂਦਿਆਂ ਜਾਂਦਿਆਂ ਪਿਛੇ ਵਲ ਤੱਕਿਆ ਤੇ ਕਿਹਾ, "ਇਹ ਆਪਣੇ ਭਾਈਆਂ ਦੀ ਸੇਵਾ ਟਹਿਲ ਕਰਨਗੇ ਤੇ ਉਹ ਇਨ੍ਹਾਂ ਨੂੰ ਰੋਟੀ ਪਾਣੀ ਦੇਣਗੇ।"

ਉਸ ਬੁੱਢੇ ਮਜ਼ਦੂਰ ਚੌਧਰੀ ਨੇ ਕਹਾਣੀ ਸਮਾਪਤ ਕਰਦਿਆਂ ਕਿਹਾ, ਉਨ੍ਹਾਂ ਅਭਾਗਿਆਂ ਤੋਂ ਹੀ, ਜਿਨ੍ਹਾਂ ਨੂੰ ਮਾਈ ਹੱਵਾ ਨੇ ਵਾੜੇ ਵਿਚ ਬੰਦ ਕਰ ਛੱਡਿਆ ਸੀ, ਅਸਾਂ ਗਰੀਬ ਮਜ਼ਦੂਰ ਕਿਸਾਨਾਂ ਦੀ ਪੈਦਾਇਸ਼ ਹੋਈ ਹੈ ਜੋ ਕਿ ਰਾਤ ਦਿਨ ਹੱਡ ਭੰਨ ਕੇ ਅਨਾਜ ਕਮਾਉਂਦੇ ਹਾਂ। ਕਪੜਾ ਵੀ ਤਿਆਰ ਕਰਦੇ ਹਾਂ ਪਰ ਫਿਰ ਵੀ ਅਸੀਂ ਭੁੱਖੇ ਹਾਂ ਤੇ ਨੰਗੇ ਹਾਂ। ਅਸੀਂ ਮਜ਼ਦੂਰ!

-ਸਪੇਨੀ ਕਹਾਣੀ

❖ ❖ ❖

(੯) ਚਾਰ ਬੇਕਾਰ

ਕਾਫੀ ਸਮਾਂ ਹੋਇਆ ਜਦੋਂ ਕਿ ਉਤਰੀ ਹਿੰਦੁਸਤਾਨ ਦੀਆਂ ਦੋ ਪਹਾੜੀਆਂ ਵਿਚਾਲੇ ਇਕ ਬੜੀ ਚੰਗੀ ਸੁੰਦਰ ਬਸਤੀ ਸੀ। ਇਸ ਦਾ ਨਾਮ ਚੈਨ ਨਗਰ ਸੀ, ਇਥੋਂ ਦੀ ਆਬਾਦੀ ਦੀ ਕੁਲ ਗਿਣਤੀ ਛੇ ਹਜ਼ਾਰ ਦੇ ਲਗਪਗ ਸੀ। ਲੋਕ ਸਾਦਗੀ ਦੀ ਜ਼ਿੰਦਗੀ ਬਸਰ ਕਰਦੇ ਤੇ ਆਪਣੇ ਹੱਥੀਂ ਕਮਾ ਕੇ ਖਾ ਪੀ ਲੈਂਦੇ ਸਨ, ਕਿਸੇ ਨੂੰ ਕਿਸੇ ਸਬੰਧੀ ਕੋਈ ਸ਼ਿਕਾਇਤ ਨਹੀਂ ਸੀ।

ਇਹ ਲੋਕ ਸਾਰਾ ਦਿਨ ਪਿਆਰ ਵਿਚ ਪਰੋਤੇ ਰਹਿੰਦੇ ਸਨ, ਇਸ ਲਈ ਰੋਗ ਕੋਈ ਨਹੀਂ ਸੀ ਤੇ ਨਾ ਹੀ ਦਵਾਈਆਂ ਦੇ ਹਸਪਤਾਲ ਸਨ। ਇਹ ਲੋਕ ਆਪਸ ਵਿਚ ਮਿਲ ਜੁਲ ਕੇ ਰਹਿੰਦੇ ਸਨ, ਇਸ ਲਈ ਨ ਉਥੇ ਅਦਾਲਤਾਂ ਸਨ, ਨ ਵਕੀਲ ਸਨ ਤੇ ਨਾ ਹੀ ਜੇਲ੍ਹਖਾਨੇ। ਉਹ ਲੋਕ ਆਪਣੀ ਕਮਾਈ ਤੇ ਸ਼ਾਕਰ ਸਨ. ਇਸ ਲਈ ਨ ਉਥੇ ਪੁਲਸ ਤੇ ਨਾ ਹੀ ਭਿਆਨਕ ਤੇਗਾਂ, ਤੋਪਾਂ, ਬੰਦੂਕਾਂ ਸਨ। ਉਹ ਲੋਕ ਸਦਾਚਾਰ ਵਾਲੇ ਸਨ, ਨ ਉਥੇ ਵੇਸਵਾ ਸਨ ਤੇ ਨਾ ਹੀ ਸ਼ਰਾਬ, ਨ ਜੂਆਬਾਜ਼ੀ ਤੇ ਨਾ ਹੀ ਕਤਲ ਖੂਨ ਦੇ ਮੁਕੱਦਮੇ।

ਉਹ ਲੋਕ ਬੜੇ ਚੰਗੇ ਮਹਿਮਾਨ-ਨਿਵਾਜ਼ ਸਨ, ਇਸ ਲਈ ਨ ਉਥੇ ਸਰਾਵਾਂ ਸਨ, ਨ ਧਰਮਸ਼ਾਲਾ ਤੇ ਨਾ ਹੀ ਹੋਟਲ।

ਮਤਲਬ ਕੀ, ਉਹ ਲੋਕ ਸਿਧੇ ਸਾਦੇ ਸਨ ਤੇ ਪਿਆਰ ਹੀ ਉਨ੍ਹਾਂ ਲਈ ਸਭ ਤੋਂ ਵੱਡਾ ਕਾਨੂੰਨ ਸੀ। ਯਾ ਫਿਰ ਦੂਸਰਾ ਕਾਨੂੰਨ ਇਹ ਸੀ ਕਿ ਜੋ ਮਿਹਨਤ ਕਰੇ ਖਾਵੇ, ਜੋ ਬੇਕਾਰ ਰਹੇ, ਉਹ ਭੁਖਾ ਮਰੇ। ਇਸ ਲਈ ਸਾਰੇ ਹੀ ਕੰਮ ਕਰਦੇ ਸਨ। ਮਗਰ ਚਾਰ ਆਦਮੀ ਅਜਿਹੇ ਵੀ ਸਨ ਜੋ ਬੇਕਾਰ ਸਨ, ਕੰਮ ਤੋਂ ਉਨ੍ਹਾਂ ਨੂੰ ਨਫਰਤ ਸੀ, ਇਸੇ ਲਈ ਉਹ ਭੁਖੇ ਮਰਦੇ, ਦੂਸਰਿਆਂ ਦੀ ਖਰਾਇਤ ਤੇ ਆਪਣੇ ਦਿਨ ਗੁਜ਼ਾਰਦੇ ਸਨ। ਆਖਰ ਪਿੰਡ ਦੇ ਲੋਕਾਂ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ, ਹੁਣ ਪਿੰਡ ਵਿਚ ਕੋਈ ਬੇਕਾਰ ਨਹੀਂ ਸੀ।

੨.

ਇਕ ਦਿਨ ਸ਼ੈਤਾਨ ਦੀ ਪ੍ਰੇਰਨਾ ਨਾਲ ਇਕ ਚਾਲਾਕ ਸੁਦਾਗਰ ਉਸ ਚੈਨ ਨਗਰ ਵਿਚ ਆਇਆ। ਉਸ ਸਾਰੇ ਨਗਰ ਦਾ ਦੌਰਾ ਕੀਤਾ ਤੇ ਆਖਣ ਲਗਾ, 'ਅਫਸੋਸ ! ਤੁਸੀਂ ਤਾਂ ਬਿਲਕੁਲ ਬੇਤਹਿਜ਼ੀਬ ਤੇ ਗਵਾਰ ਲੋਕ ਹੋ, ਮੈਨੂੰ ਤੇ ਪਤਾ ਨਹੀਂ ਲਗਦਾ ਕਿ ਹੁਣ ਤਕ ਤੁਸੀਂ ਇਸ ਤਰ੍ਹਾਂ ਜੀਉਂਦੇ ਕਿਵੇਂ ਰਹਿ ਸਕੇ ਹੋਂ।"

ਲੋਕੀ ਇਹ ਸੁਣ ਕੇ ਹੈਰਾਨ ਹੋ ਗਏ ਤੇ ਉਸ ਵਲ ਤੱਕਣ ਲਗੇ। ਸੁਦਾਗਰ ਨੇ ਫਿਰ ਕਿਹਾ, "ਮੈਂ ਤਮਾਮ ਦੁਨੀਆਂ ਦੀ ਸੈਰ ਕੀਤੀ ਹੈ ਤੇ ਬੜੀਆਂ ਅਜੀਬ ਸ਼ੈਆਂ ਤੱਕੀਆਂ ਹਨ ਮਗਰ ਅਜੇਹਾ ਬਰਬਾਦ ਤੇ ਕੰਗਾਲ ਨਗਰ ਮੈਂ ਕਦੀ ਨਹੀਂ ਵੇਖਿਆ।" ਲੋਕਾਂ ਇਹ ਸੁਣਿਆਂ ਤੇ ਕਹਿਣ ਲਗੇ "ਅਸੀਂ ਬਿਲਕੁਲ ਬੇਖਬਰ ਹਾਂ, ਕੀ ਸਾਨੂੰ ਵੀ ਕਿਸੇ ਤਰ੍ਹਾਂ ਮੁਹੱਜ਼ਬ ਬਣਾਇਆ ਜਾ ਸਕਦਾ ਹੈ?"

ਸੁਦਾਗਰ ਨੇ ਕਿਹਾ "ਮੈਨੂੰ ਚਾਰ ਆਦਮੀ ਦੇ ਦਿਓ ਮੈਂ ਤੁਹਾਡੇ ਸ਼ਹਿਰ ਦੇ ਇਕ ਇਕ ਆਦਮੀ ਨੂੰ ਮੁਹੱਜ਼ਬ ਬਣਾ ਦਿਆਂਗਾ ਪਰ ਸ਼ਰਤ ਇਹ ਹੈ ਕਿ ਉਹ ਆਦਮੀ ਬਿਲਕੁਲ ਬੇਕਾਰ ਹੋਣ।"

ਚੈਨ ਨਗਰ ਵਿਚ ਇਕ ਵੀ ਬੰਦਾ ਬੇਕਾਰ ਨਹੀਂ ਸੀ। ਲੋਕ ਕੁਛ ਉਦਾਸ ਹੋ ਗਏ ਉਨ੍ਹਾਂ ਸੋਚਿਆ ਕਿ "ਸਾਨੂੰ ਕੀ ਪਤਾ ਸੀ ਕਦੀ ਬੇਕਾਰਾਂ ਦੀ ਵੀ ਲੋੜ ਪਵੇਗੀ, ਸਾਨੂੰ ਕੀ ਲੋੜ ਸੀ ਕਿ ਅਸੀਂ ਉਨ੍ਹਾਂ ਨੂੰ ਪਿੰਡੋਂ ਕੱਢਦੇ।" ਪਰੰਤੂ ਸੁਦਾਗਰ ਨੇ ਹੌਂਸਲਾ ਨਾ ਹਾਰਿਆ ਤੇ ਉਨ੍ਹਾਂ ਵਿਚੋਂ ਚਾਰ ਆਦਮੀਆਂ ਨੂੰ ਚੁਣ ਲਿਆ। ਉਨ੍ਹਾਂ ਨੂੰ ਇਸ ਬੜੀਆਂ ਸੁੰਦਰ ਪੁਸ਼ਾਕਾਂ ਦਿੱਤੀਆਂ ਤੇ ਖਾਣ ਲਈ ਬੜੇ ਚੰਗੇ ਚੰਗੇ ਪਦਾਰਥ ਦਿਤੇ ਤੇ ਆਖਿਆ, "ਜਾਓ, ਜਾ ਕੇ ਪਿੰਡ ਦੀ ਸੈਰ ਕਰੋ, ਤੁਹਾਡਾ ਇਹੋ ਕੰਮ ਹੈ।"

"ਉਨ੍ਹਾਂ ਬੇਕਾਰ ਰਹਿ ਕੇ ਇਸੇ ਤਰ੍ਹਾਂ ਅਵਾਰਾ ਫਿਰਨਾ ਸ਼ੁਰੂ ਕਰ ਦਿੱਤਾ, ਮਗਰ ਕੁਛ ਦਿਨ ਬਾਦ ਦਿਲ ਉਕਤਾ ਗਿਆ ਤੇ ਉਨ੍ਹਾਂ ਸੁਦਾਗਰ ਨੂੰ ਕਿਹਾ, "ਸਾਨੂੰ ਕੋਈ ਕੰਮ ਦੇਹ, ਅਸੀਂ ਹੁਣ ਵ੍ਹੇਲੇ ਨਹੀਂ ਬੈਠ ਸਕਦੇ।"

ਸੁਦਾਗਰ ਨੇ ਮੁਸਕ੍ਰਾ ਕੇ ਉਨ੍ਹਾਂ ਵਲ ਤਕਿਆ ਤੇ ਇਉਂ ਰਾਜ਼ਦਾਰੀ ਨਾਲ ਕਿਹਾ, "ਤੁਸੀਂ ਵੱਡੇ ਆਦਮੀ ਹੋ, ਆਦਮੀ ਕੰਮ ਨਹੀਂ ਕਰਿਆ ਕਰਦੇ, ਕੰਮ ਕਰਨਾ ਮਜ਼ਦੂਰਾਂ ਤੇ ਕੁਲੀਆਂ ਦਾ ਕੰਮ ਹੈ। ਵੱਡੇ ਆਦਮੀ ਛੋਟਿਆਂ ਤੋਂ ਕੰਮ ਕਰਾਇਆ ਹੀ ਕਰਦੇ ਹਨ।"

ਚਾਰੇ ਬੇਕਾਰ ਇਹ ਸੁਣ ਕੇ ਆਪਣੀ ਵਡਿਆਈ ਵਿਚ ਫੁਲ ਗਏ ਤੇ ਉਸ ਨੂੰ ਕਹਿਣ ਲੱਗੇ "ਤੁਸੀਂ ਕਿਤਨੇ ਚੰਗੇ ਹੋ, ਜਿਨ੍ਹਾਂ ਸਾਨੂੰ 'ਵੱਡੇ ਆਦਮੀ' ਬਣਾਇਆ ਹੈ, ਹੁਣ ਸਾਨੂੰ ਕੰਮ ਕਰਨ ਦੀ ਕੀ ਲੋੜ ਹੈ, ਅਸੀਂ ਆਪਣਾ ਕੰਮ ਦੂਜਿਆਂ ਤੋਂ ਕਰਵਾ ਲਿਆ ਕਰਾਂਗੇ। ਪਰ ਸਾਡੇ ਪਾਸ ਉਨ੍ਹਾਂ ਨੂੰ ਦੇਣ ਨੂੰ ਤਾਂ ਕੁਛ ਨਹੀਂ। ਨਾ ਅਸੀਂ ਖੇਤੀ ਹੀ ਕਰਦੇ ਹਾਂ ਤੇ ਨਾ ਹੀ ਸਾਡੇ ਪਾਸ ਅਨਾਜ ਹੈ।

ਸੁਦਾਗਰ ਇਕ ਵੇਰ ਫਿਰ ਆਪਣੀ ਛਲ-ਭਰੀ ਮੁਸਕ੍ਰਾਹਟ ਨਾਲ ਮੁਸਕ੍ਰਾਇਆ ਤੇ ਆਖਣ ਲਗਾ, 'ਤੁਸੀਂ ਵੱਡੇ ਆਦਮੀ ਹੋ, ਵੱਡੇ ਆਦਮੀਆਂ ਦਾ ਕੰਮ ਤਾਂ ਲੋਕ ਮੁਫਤ ਵੀ ਕਰ ਦਿੰਦੇ ਹਨ ਪਰ ਫਿਰ ਵੀ ਤੁਹਾਡੇ ਲਈ ਵੱਡੀ ਤੋਂ ਵੱਡੀ ਰਕਮ ਖਰਚਣ ਲਈ ਤਿਆਰ ਹਾਂ। ਇਸ ਪਿੰਡ ਦੇ ਲੋਕਾਂ ਨੂੰ ਸੱਦ ਕੇ ਕਹੋ ਕਿ ਉਹ ਸਾਡੇ ਲਈ ਪੰਜ ਆਲੀਸ਼ਾਨ ਇਮਾਰਤਾਂ ਤਿਆਰ ਕਰਵਾ ਦੇਣ, ਅਸੀਂ ਉਹਨਾਂ ਨੂੰ ਮਾਲਾ-ਮਾਲ ਕਰ ਦਿਆਂਗੇ।"

੩.

ਦੂਸਰੇ ਦਿਨ ਚੈਨ ਨਗਰ ਦੇ ਲੋਕਾਂ ਖੇਤੀ ਬਾੜੀ ਦਾ ਕੰਮ ਛੱਡ ਦਿੱਤਾ ਤੇ ਉਹ ਸਾਰੇ ਚਾਰ ਬੇਕਾਰਾਂ ਤੇ ਸੌਦਾਗਰ ਲਈ ਮਹੱਲ ਬਣਾਉਣ ਵਿਚ ਜੁਟ ਗਏ। ਇਤਨੇ ਵੱਡੇ ਮਹੱਲ ਉਥੇ ਅਗੇ ਕਿਸੇ ਵੀ ਨਹੀਂ ਤੱਕੇ ਸਨ, ਲੋਕ ਉਨ੍ਹਾਂ ਨੂੰ ਵੇਖਕੇ ਖੁਸ਼ੀ ਵਿਚ ਨੱਚ ਉਠੇ ਪਰ ਉਨ੍ਹਾਂ ਦੀ ਫਸਲ ਮਾਰੀ ਜਾ ਚੁੱਕੀ ਸੀ। ਸੁਦਾਗਰ ਨੇ ਲੋਕਾਂ ਨੂੰ ਰੁਪਏ ਦਿੱਤੇ ਪਰ ਰੁਪਇਆਂ ਨਾਲ ਪੇਟ ਕਿਵੇਂ ਭਰ ਸਕਦਾ ਸੀ। ਲੋਕ ਰੋਂਦੇ ਰੋਂਦੇ ਕਹਿ ਰਹੇ ਸਨ, 'ਹੁਣ ਕੀ ਕਰਾਂਗੇ'।

ਸੁਦਾਗਰ ਨੇ ਇਕ ਬੇਕਾਰ ਨੂੰ ਕਿਹਾ, 'ਕੁਝ ਆਦਮੀਆਂ ਨੂੰ ਨੌਕਰ ਰੱਖ ਲਓ, ਉਨ੍ਹਾਂ ਨੂੰ ਬਾਹਰ ਭੇਜ ਕੇ ਸਸਤੇ ਭਾ ਅਨਾਜ ਮੰਗਵਾਓ ਤੇ ਇਥੇ ਮਹਿੰਗੇ ਭਾ ਵੇਚੋ, ਜੋ ਬਚ ਜਾਏ ਉਹ ਆਪਣੇ ਲਈ ਰਖ ਲਵੋ ਤੇ ਬਸ। ਬੇਕਾਰ ਨੇ ਅਜੇਹਾ ਹੀ ਕੀਤਾ। ਇਹ ਪਹਿਲਾ ਮੌਕਾ ਸੀ ਜਦੋਂ ਚੈਨ ਨਗਰ ਦੇ ਵਾਸੀਆਂ ਨੇ ਬਾਹਰੋਂ ਅੰਨ ਮੰਗਾ ਕੇ ਆਪਣਾ ਪੇਟ ਭਰਿਆ ਤੇ ਕਿਹਾ, ਇਹ ਸੁਦਾਗਰ ਕਿਤਨਾ ਚੰਗਾ ਹੈ, ਅਗਰ ਇਹ ਨ ਹੁੰਦਾ, ਸਾਡੇ ਬੱਚੇ ਤੇ ਅਸੀਂ ਸਭ ਭੁੱਖੇ ਮਰ ਜਾਂਦੇ।

ਇਸ ਅਨਾਜ ਮੰਗਵਾਉਣ ਵਾਲੇ ਬੇਕਾਰ ਨੂੰ ਹੋਰ ਬਾਹਰਲੀਆਂ ਚੀਜ਼ਾਂ ਦਾ ਵੀ ਪਤਾ ਲੱਗਾ, ਉਸ ਉਹ ਵੀ ਮੰਗਵਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਕੁਝ ਮਹੀਨਿਆਂ ਵਿਚ ਹੀ ਅਮੀਰ ਬਣ ਗਿਆ ਤੇ ਉਸ ਨੇ ਕਈ ਦੁਕਾਨਾਂ ਖੋਲ੍ਹ ਕੇ ਆਪਣਾ ਮੁਨੀਮ ਬਿਠਾ ਦਿੱਤੇ। ਉਹ ਆਪ ਕੋਈ ਵੀ ਕੰਮ ਨਹੀਂ ਕਰਦਾ ਸੀ, ਸਾਰੇ ਕੰਮ ਉਸ ਦੇ ਹੋਰ ਲੋਕ ਹੀ ਕਰ ਜਾਂਦੇ ਸਨ। ਦੂਸਰੇ ਸਾਲ ਜਦੋਂ ਫਸਲ ਤਿਆਰ ਹੋਣ ਵਾਲੀ ਸੀ, ਥੋੜ੍ਹੀ ਜੇਹੀ ਨੂੰ ਹਰਨਾਂ ਆ ਕੇ ਬਰਬਾਦ ਕਰ ਦਿੱਤਾ। ਸੁਦਾਗਰ ਨੇ ਪਿੰਡ ਦੇ ਲੋਕਾਂ ਨੂੰ ਇਕ ਚੁਗਾਨ ਵਿਚ ਇਕੱਠਾ ਕਰਕੇ ਇਹ ਲੈਕਚਰ ਦੇਣਾ ਸ਼ੁਰੂ ਕੀਤਾ, 'ਇਸ ਤਰ੍ਹਾਂ ਤਾਂ ਤੁਹਾਡੀ ਸਾਰੀ ਦੀ ਸਾਰੀ ਫਸਲ ਹੀ ਮਿਰਗ ਬਰਬਾਦ ਕਰ ਦੇਣਗੇ, ਅਗਰ ਤੁਸੀਂ ਆਖੋ ਤਾਂ ਮੇਰਾ ਆਦਮੀ ਇਸ ਦਾ ਪ੍ਰਬੰਧ ਕਰ ਸਕਦਾ ਹੈ, ਅਗੇ ਨੂੰ ਕੋਈ ਜਾਨਵਰ ਵੀ ਇਧਰ ਮੂੰਹ ਨ ਪਾਵੇਗਾ।"

ਚੈਨ ਨਗਰ ਦੇ ਲੋਕਾਂ ਕਿਹਾ, "ਵੇਖੋ ! ਇਹ ਆਦਮੀ ਕਿਤਨਾ ਰਹਿਮ-ਦਿਲ ਹੈ, ਅਗਰ ਇਹ ਨ ਹੁੰਦਾ, ਸਾਡੇ ਖੇਤਾਂ ਨੂੰ ਹਰਨਾਂ ਯਾਂ ਹੋਰ ਜਾਨਵਰਾਂ ਨੀ ਚੱਟਮ ਕਰ ਜਾਣਾ ਸੀ।"

ਦੂਜੇ ਬੇਕਾਰ ਨੇ ਦੂਸਰੇ ਦਿਨ ਕੁਛ ਪਿੰਡ ਦੇ ਆਦਮੀਆਂ ਦੇ ਹੱਥ ਵਿਚ ਸੰਮ ਵਾਲੀਆਂ ਡਾਂਗਾਂ ਫੜਾ ਕੇ ਖੇਤ ਦੀ ਰਾਖੀ ਲਈ ਉਨ੍ਹਾਂ ਨੂੰ ਖੜ੍ਹਾ ਕਰ ਦਿੱਤਾ। ਜਦੋਂ ਫਸਲ ਕੱਟੀ ਗਈ ਤਾਂ ਉਸ ਨੇ ਆਪਣੇ ਆਦਮੀਆਂ ਨੂੰ ਹੁਕਮ ਕੀਤਾ, "ਅੱਧਾ ਅਨਾਜ ਮੇਰੇ ਪਾਸ ਲੈ ਆਓ, ਅੱਧਾ ਪਿੰਡ ਵਾਲਿਆਂ ਨੂੰ ਦੇ ਦਿਓ।"

ਨੌਕਰਾਂ ਨੇ ਇਸ ਹੁਕਮ ਦੀ ਪਾਲਣਾ ਕਰਦਿਆਂ ਹੋਇਆ ਅਨਾਜ ਰੱਖ ਲਿਆ। 'ਬੇਕਾਰ' ਨੇ ਤਿੰਨ ਹਿੱਸੇ ਆਪ ਲੈਕੇ ਇਕ ਹਿੱਸਾ ਰਾਖੇ ਮੁਲਾਜ਼ਮਾਂ ਵਿਚ ਵੰਡ ਦਿੱਤਾ।

ਇਹ ਪਹਿਲਾਂ ਸਮਾਂ ਸੀ ਜਦੋਂ ਚੈਨ ਨਗਰ ਦੇ ਲੋਕਾਂ ਨੇ ਦੂਜੇ ਦੀ ਰਾਖੀ ਹੇਠ ਆਰਾਮ ਅਨੁਭਵ ਕੀਤਾ ਤੇ ਇਹ ਸੋਚਣ ਦੀ ਤਾਂ ਉਕਾ ਹੀ ਲੋੜ ਨ ਸਮਝੀ ਕਿ ਹਰਨ ਕਿਤਨਾ ਖਾਂਦੇ ਸਨ ਤੇ ਹੁਣ ਅਸੀਂ ਕਿਤਨਾ ਦੇਂਦੇ ਹਾਂ।

੪.

ਜੋ ਅਨਾਜ ਲੋਕਾਂ ਨੂੰ ਦਿੱਤਾ ਗਿਆ ਸੀ, ਉਹ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ ਸੀ। ਚੈਨ ਨਗਰ ਵਿਚ ਚੋਰੀਆਂ ਹੋਣ ਲਗ ਪਈਆਂ। ਖੇਤਾਂ ਦੇ ਨਾਮਧਰੀਕ ਰਾਖੇ 'ਬੇਕਾਰ' ਨੇ ਕਿਹਾ, "ਅਗਰ ਤੁਸੀਂ ਪਸੰਦ ਕਰੋ ਤਾਂ ਮੈਂ ਆਪਦੇ ਆਦਮੀਆਂ ਨੂੰ ਪਹਿਰਾ ਦੇਣ ਲਈ ਭੇਜ ਦਿਆਂ, ਤਾਂਕਿ ਤੁਹਾਡਾ ਅਨਾਜ ਅਗੋਂ ਲਈ ਕਦੀ ਵੀ ਚੋਰੀ ਨ ਹੋ ਸਕੇ।"

ਪਿੰਡ ਵਾਲਿਆਂ ਕਿਹਾ, "ਬੜੀ ਖੁਸ਼ੀ ਨਾਲ।"

ਇਉਂ ਫਿਰ ਮਕਾਨਾਂ ਤੇ ਦੁਕਾਨਾਂ ਤੇ ਪਹਿਰੇਦਾਰ ਖੜੇ ਹੋ ਗਏ, ਚੋਰੀ ਬੰਦ ਹੋ ਗਈ, ਮਗਰ ਰਾਖੀ ਦੇ ਪ੍ਰਬੰਧ ਤੇ ਜੋ ਖਰਚ ਹੁੰਦੇ ਸਨ, ਉਹ ਚੋਰੀ ਨਾਲੋਂ ਕਈ ਗੁਣਾਂ ਜ਼ਿਆਦਾ ਸੀ। ਲੋਕ ਇਸ ਨੂੰ ਝੱਲਣ ਜੋਗੇ ਨਹੀਂ ਸਨ। ਇਸ ਤਰ੍ਹਾਂ ਦੂਜੇ ਬੇਕਾਰ ਦਾ ਕਾਰੋਬਾਰ ਵੀ ਦਿਨ ਰਾਤ ਤਰੱਕੀ ਕਰਨ ਲੱਗਾ। ਥੋੜ੍ਹੇ ਹੀ ਸਮੇਂ ਵਿਚ ਉਸ ਵੀ ਕਈ ਮਹੱਲ ਤਿਆਰ ਕਰ ਲਏ, ਮਗਰ ਉਹ ਆਪ ਆਪਣੇ ਹੱਥੀਂ ਕੁਛ ਵੀ ਕੰਮ ਨਹੀਂ ਕਰਦਾ ਸੀ, ਉਸ ਦਾ ਸਾਰਾ ਕੰਮ ਹੋਰ ਹੀ ਕਰ ਜਾਂਦੇ ਸਨ। ਕਦੀ ਉਹ ਦਿਨ ਵੀ ਸੀ ਜਦੋਂ ਚੈਨ ਨਗਰ ਦੇ ਸਾਰੇ ਲੋਕ ਭਾਵੇਂ ਗਰੀਬ ਸਨ ਪਰ ਖਾਣ ਪੀਣ ਵਲੋਂ ਕੋਈ ਤੰਗ ਨਹੀਂ ਸੀ। ਹੁਣ ਕਾਰੋਬਾਰ ਵੀ ਤਰੱਕੀ ਤੇ ਸੀ, ਪਰੰਤੂ ਲੋਕ ਭੁਖੇ ਮਰ ਰਹੇ ਸਨ। ਸਿੱਟਾ ਇਹ ਨਿਕਲਿਆ ਕਿ ਲੜਾਈ ਝਗੜੇ ਸ਼ੁਰੂ ਹੋ ਗਏ। ਪਿਆਰ, ਏਕਤਾ, ਇਤਬਾਰ ਕੁਛ ਵੀ ਨਾ ਰਿਹਾ। ਕਿਸੇ ਨੂੰ ਵੀ ਕਿਸੇ

ਨਾਲ ਕੋਈ ਹਮਦਰਦੀ ਨਹੀਂ ਸੀ। ਗੱਲਾਂ ਬਾਤਾਂ ਵਿਚ ਸਿਰ ਪਾਟ ਜਾਂਦੇ। ਅਜ ਇਹ ਜ਼ਖਮੀ ਹੋ ਗਿਆ, ਕੱਲ ਉਹ ਮਾਰਿਆ ਗਿਆ। ਚੈਨ ਨਗਰ ਵਿਚ ਇਉਂ ਇਕ ਤਰ੍ਹਾਂ ਬੇਚੈਨੀ ਫੈਲ ਗਈ। ਸੌਦਾਗਰ ਨੇ ਸਾਰੇ ਹਾਲ ਚਾਲ ਨੂੰ ਵੇਖਿਆ ਤੇ ਲੋਕਾਂ ਨੂੰ ਕਹਿਣ ਲੱਗਾ, "ਅਗਰ ਤੁਸੀਂ ਇਸ ਰੌਲੇ ਝਗੜੇ ਦਾ ਕੋਈ ਬੰਦੋਬਸਤ ਨਾ ਕੀਤਾ, ਮੈਨੂੰ ਸ਼ੱਕ ਹੈ ਕਿ ਤੁਹਾਡਾ ਸਾਰਾ ਸ਼ਹਿਰ ਹੀ ਇਉਂ ਬਰਬਾਦ ਨ ਹੋ ਜਾਵੇ। ਕੀ ਤੁਸੀਂ ਅਜਿਹਾ ਕੋਈ ਪਰਬੰਧ ਨਹੀਂ ਕਰ ਸਕਦੇ ਜਿਸ ਨਾਲ ਇਹ ਵਾਰਦਾਤਾਂ ਹੋਣੀਆਂ ਬੰਦ ਹੋ ਜਾਣ?"

ਲੋਕਾਂ ਸੁਦਾਗਰ ਨੂੰ ਤਕ ਕੇ ਸਿਰ ਝੁਕਾ ਦਿੱਤੇ ਤੇ ਹੌਲੀ ਜਿਹੀ ਆਖਿਆ "ਤੁਸੀਂ ਸਿਆਣੇ ਹੀ ਕੋਈ ਬੰਦੋਬਸਤ ਕਰ ਸਕਦੇ ਹੋ, ਨਹੀਂ, ਅਸੀਂ ਤਾਂ ਜ਼ਰੂਰ ਲੜ ਲੜ ਮਰ ਜਾਵਾਂਗੇ।" ਸੌਦਾਗਰ ਨੇ ਕਿਹਾ, "ਅੱਛਾ ! ਸੋਚਿਆ ਜਾਵੇਗਾ।"

ਦੂਜੇ ਦਿਨ ਇਕ ਮਹਾਂਜਨ ਤੇ ਕਿਸਾਨ ਦਰਮਿਆਨ ਝਗੜਾ ਹੋ ਗਿਆ। ਮਹਾਂਜਨ ਕਹਿੰਦਾ ਸੀ ਇਸ ਵਲ ਮੇਰਾ ੨੦ ਸੇਰ ਅਨਾਜ ਨਿਕਲਦਾ ਹੈ। ਕਿਸਾਨ ਨੇ ਕਿਹਾ ਇਹ ਝੂਠਾ ਹੈ ਮੈਂ ਇਸ ਤੋਂ ਸਿਰਫ ਦਸ ਸੇਰ ਅਨਾਜ ਜ਼ਰੂਰ ਲਿਆ ਸ਼ੀ। ਇਹ ਦੋਵੇਂ ਕਾਫੀ ਚਿਰ ਗਾਲੋ ਗਾਲੀ ਹੁੰਦੇ ਰਹੇ। ਇਕ ਦੁਕਾਨਦਾਰ ਨੇ ਸੁਦਾਗਰ ਨੂੰ ਜਾ ਦੱਸਿਆ। ਉਸ ਇਕ ਆਦਮੀ ਭੇਜ ਕੇ ਦੋਹਾਂ ਨੂੰ ਪਾਸ ਸੱਦ ਲਿਆ ਤੇ ਤੀਸਰੇ ਬੇਕਾਰ ਨੂੰ ਕਿਹਾ - "ਤੂੰ ਇਨ੍ਹਾਂ ਦਾ ਫੈਸਲਾ ਕਰ ਦੇਹ।"

ਬੇਕਾਰ ਨੇ ਦੋਹਾਂ ਦੇ ਬਿਆਨ ਸੁਣੇ ਤੇ ਫਿਰ ਕਿਸਾਨ ਨੂੰ ਕਿਹਾ ਤੂੰ ਇਸ ਤੋਂ ੨੦ ਸੇਰ ਅਨਾਜ ਵੀ ਲਿਆ ਹੈ ਤੇ ਗਾਲੀਆਂ ਵੀ ਦਿੱਤੀਆਂ ਹਨ, ਇਸ ਲਈ ਮੇਰਾ ਫੈਸਲਾ ਇਹ ਹੈ ਕਿ ਇਸਨੂੰ ਤੂੰ ੨੫ ਸੇਰ ਅਨਾਜ ਦੇਹ।

ਮਹਾਜਨ ਨੇ ਖੁਸ਼ ਹੋ ਕੇ ਕਿਹਾ, "ਕੈਸਾ ਚੰਗਾ ਫੈਸਲਾ ਹੈ ੨੦ ਸੇਰ ਤਾਂ ਦੇਂਦਾ ਨਹੀਂ ਸੀ, ਉਹ ੨੫ ਸੇਰ ਦੇਵੇਗਾ, ਇਸਦਾ ਇਹੋ ਸਹੀ ਇਲਾਜ ਹੈ।"

ਕਿਸਾਨ ਨੇ ਮਜਬੂਰਨ ੨੫ ਸੇਰ ਅਨਾਜ ਮੰਗਵਾਕੇ ਅੱਗੇ ਲਿਆ ਰੱਖਿਆ। ਬੇਕਾਰ ਨੇ ਮਹਾਜਨ ਨੂੰ ਸੰਬੋਧਨ ਕਰਦਿਆਂ ਕਿਹਾ "ਤੇਰੇ ਪਾਸ ਇਸ ਦਾ ਕੀ ਸਬੂਤ ਹੈ ਕਿ ਤੂੰ ਇਸ ਕਿਸਾਨ ਨੂੰ ੨੦ ਸੇਰ ਅਨਾਜ ਦਿੱਤਾ ਸੀ। ਉਹ ਕਹਿੰਦਾ ਸੀ, ਮੈਂ ਤਾਂ ਕੇਵਲ ਦਸ ਸੇਰ ਹੀ ਅਨਾਜ ਲਿਆ ਸੀ।"

ਮਹਾਜਨ ਨੀਵੀਂ ਪਾ ਕੇ ਹੇਠ ਤੱਕ ਰਿਹਾ ਸੀ, ਉਸ ਕੋਲ ਇਸ ਦਾ ਕੋਈ

ਸਬੂਤ ਨਹੀਂ ਸੀ। ਬੇਕਾਰ ਨੇ ਕਿਹਾ, "ਤੂੰ ਸਿਰਫ ਦਸ ਸੇਰ ਅਨਾਜ ਦਾ ਹੀ ਹੱਕਦਾਰ ਹੈਂ, ਇਸ ਤੋਂ ਵੱਧ ਤੈਨੂੰ ਇਕ ਵੀ ਦਾਣਾ ਨਹੀਂ ਮਿਲ ਸਕਦਾ। ਪਰ ਤੂੰ ਇਸਨੂੰ ਗਾਲ੍ਹਾਂ ਕੱਢੀਆਂ ਹਨ ਤੇ ਸ਼ਹਿਰ ਦੇ ਲੋਕ ਇਸ ਗੱਲ ਦੀ ਗਵਾਹੀ ਦੇਣ ਨੂੰ ਵੀ ਤਿਆਰ ਹਨ, ਤੈਨੂੰ ਕੀ ਹੱਕ ਸੀ, ਤੂੰ ਉਸ ਨੂੰ ਗਾਲ੍ਹਾਂ ਕੱਢਦਾ? ਕੀ ਤੇਰੇ ਪਾਸ ਇਸ ਦਾ ਕੋਈ ਜਵਾਬ ਹੈ?" ਮਹਾਜਨ ਧੌਣ ਸਿਟੀ ਚੁਪ ਚਾਪ ਖਲੋਤਾ ਰਿਹਾ, ਕਿਉਂਕਿ ਉਸ ਪਾਸ ਇਸ ਦਾ ਕੋਈ ਜਵਾਬ ਨਹੀ ਸੀ। ਬੇਕਾਰ ਨੇ ਕਿਹਾ "ਮੇਰਾ ਇਹ ਫੈਸਲਾ ਹੈ ਕਿ ਤੈਨੂੰ ਸਿਰਫ ਪੰਜ ਸੇਰ ਅਨਾਜ ਦਿੱਤਾ ਜਾਵੇ ਤੇ ਬਾਕੀ ਪੰਜ ਸੇਰ ਜੁਰਮਾਨੇ ਦੀ ਸੂਰਤ ਵਿਚ ਕੱਟ ਲਿਆ ਜਾਵੇ।"

ਮਹਾਜਨ ਇਨਕਾਰ ਨਾ ਕਰ ਸਕਿਆ। ਕਿਸਾਨ ਨੇ ਕਿਹਾ "ਕੈਸਾ ਚੰਗਾ ਫੈਸਲਾ ਹੈ, ਮੇਰਾ ਦਿੱਤਾ ਦਸ ਸੇਰ ਤਾਂ ਲੈਂਦਾ ਨਹੀਂ ਸੀ; ਹੁਣ ਪੰਜ ਸੇਰ ਲੈਣਾ ਪਵੇਗਾ, ਠੀਕ ਇਸ ਦੀ ਇਹੋ ਸਜ਼ਾ ਚਾਹੀਦੀ ਸੀ।"

ਲੋਕਾਂ ਇਸ ਦਿਲਚਸਪ ਫੈਸਲੇ ਦੀ ਸਾਰੀ ਕਹਾਣੀ ਸੁਣੀ ਤੇ ਕਹਿਣ ਲੱਗੇ, "ਅਸੀਂ ਕੈਸੇ ਖੁਸ਼ਕਿਸਮਤ ਹਾਂ, ਅਗਰ ਇਹ ਆਦਮੀ ਨ ਹੁੰਦਾ, ਅਸੀਂ ਲੜ ਲੜ ਕੇ ਮਰ ਜਾਂਦੇ।"

ਇਉਂ ਤੀਜੇ ਬੇਕਾਰ ਦਾ ਕੰਮ ਕਾਰ ਵੀ ਚੰਗਾ ਚਲ ਪਿਆ ਤੇ ਉਸ ਕਈ ਕੋਠੀਆਂ ਪਾ ਲਈਆਂ। ਮਗਰ ਉਹ ਵੀ ਕੋਈ ਕੰਮ ਆਪਣੇ ਹੱਥੀਂ ਨਹੀਂ ਕਰਦਾ ਸੀ, ਉਸ ਦੇ ਸਾਰੇ ਕੰਮ ਨਗਰ ਦੇ ਲੋਕ ਹੀ ਕਰ ਜਾਇਆ ਕਰਦੇ ਸਨ।

ਦਿਨ ਲੰਘਦੇ ਗਏ।

ਹੁਣ, ਚੌਥਾ ਬੇਕਾਰ ਅਜੇ ਗਰੀਬ ਸੀ। ਸੁਦਾਗਰ ਨੇ ਇਸ ਦੇ ਕਾਰੋਬਾਰ ਲਈ ਬੜੀ ਸੋਚ ਵਿਚਾਰ ਕੀਤੀ। ਕਹਿੰਦੇ ਹਨ ਕਿ ਸੋਚਦਿਆਂ ਸੋਚਦਿਆਂ ਉਸਨੂੰ ਸਿਰ-ਪੀੜ ਵੀ ਹੋਣ ਲਗ ਪਈ ਪਰ ਉਸਨੂੰ ਸੁਝਦਾ ਕੁਝ ਨਹੀਂ ਸੀ। ਆਖਰ ਉਹ ਆਪਣੇ ਪੁਰਾਣੇ ਸੁਆਮੀ ਸ਼ੈਤਾਨ ਪਾਸ ਗਿਆ ਤੇ ਆਪਣੀ ਸਾਰੀ ਤਿੰਨ ਸਾਲ ਦੀ ਕਾਰਗੁਜ਼ਾਰੀ ਸੁਣਾਕੇ ਆਖਣ ਲਗਾ, "ਨਗਰ ਦੀ ਤਿੰਨ ਚੌਥਾਈ ਆਬਾਦੀ ਤੇ ਸਾਡਾ ਕਬਜ਼ਾ ਹੋ ਚੁਕਿਆ, ਪਰ ਅਜੇ ਸਾਡਾ ਚੌਥਾ ਬੇਕਾਰ ਆਦਮੀ ਗਰੀਬ ਹੈ, ਅਗਰ ਉਸ ਦਾ ਸਾਰਾ ਪ੍ਰਬੰਧ ਹੋ ਜਾਵੇ ਤਾਂ ਚੈਨ ਨਗਰ ਸਾਰੇ ਦਾ ਸਾਰਾ ਹੀ ਸਾਡੀ ਮੁੱਠੀ ਵਿਚ ਆ ਜਾਵੇਗਾ।"

ਸ਼ੈਤਾਨ ਨੇ ਆਪਣੇ ਜੇਠੇ ਚੇਲੇ ਨੂੰ ਥਾਪੀ ਦਿੱਤੀ ਤੇ ਨਿੱਕੀਆਂ ਨਿੱਕੀਆਂ ਅੱਖਾਂ ਨਾਲ ਤੱਕ ਕੇ ਕਹਿਣ ਲੱਗਾ, 'ਜਾਓ, ਜਾ ਕੇ ਇਕ ਲੋਹੇ ਦੀ ਚੱਕੀ ਲਗਾ

ਦਿਓ, ਬਾਕੀ ਫਿਰ ਮੈਂ ਆਪੇ ਸਮਝ ਲਵਾਂਗਾ।'

ਥੋੜ੍ਹੇ ਦਿਨਾਂ ਵਿਚ ਬਾਹਰਵਾਰ ਇਕ ਚੱਕੀ ਲਗ ਗਈ ਤੇ ਰਾਤ ਨੂੰ ਆ ਕੇ ਸ਼ੈਤਾਨ ਨੇ ਆਪਣੀ ਸ਼ੈਤਾਨੀਅਤ ਇਸ ਵਿਚ ਪਾ ਦਿੱਤੀ। ਦੂਜੇ ਦਿਨ ਉਸੇ ਚੱਕੀ ਨੇ ਕਣਕ, ਮੱਕੀ, ਛੋਲੇ ਪੀਹਣੇ ਸ਼ੁਰੂ ਕਰ ਦਿੱਤੇ। ਇਹ ਆਟਾ ਇਤਨਾ ਬਰੀਕ ਸੀ ਕਿ ਨਗਰ ਦੇ ਅਣਜਾਣ ਲੋਕ ਵੇਖ ਕੇ ਹੈਰਾਨ ਰਹਿ ਗਏ। ਇਹਨਾਂ ਇਤਨਾ ਬਰੀਕ ਆਟਾ ਕਦੀ ਤੱਕਿਆ ਤਕ ਨਹੀਂ ਸੀ। ਇਉਂ ਇਕ ਦਿਨ ਵਿਚ ਨਗਰ ਦੀਆਂ ਸਾਰੀਆਂ ਹੱਥ-ਚੱਕੀਆਂ ਨਿਕੰਮੀਆਂ ਹੋ ਗਈਆਂ। ਇਕ ਦਿਨ ਵਿਚ ਸੈਂਕੜੇ ਔਰਤਾਂ ਤੇ ਬੱਚੇ ਭੁਖੇ ਮਰਨ ਲੱਗੇ।

ਪਰ ਲੋਕ ਖ਼ੁਸ਼ ਸਨ, ਉਹ ਆਪਣੀ ਖ਼ੁਸ਼ੀ ਨੂੰ ਰੋਕ ਨਹੀਂ ਸਕਦੇ ਸੀ। ਚੌਥਾ ਬੇਕਾਰ ਤਖਤ ਪੋਸ਼ ਤੇ ਬੈਠਾ ਗੱਪਾਂ ਮਾਰ ਰਿਹਾ ਸੀ, ਰਾਤ ਤਕ ਇਹ ਇਤਨਾ ਕਮਾ ਲੈਂਦਾ ਸੀਂ, ਜਿਤਨਾ ਕਿ ਨਗਰ ਦਾ ਕੋਈ ਵੀ ਨਹੀਂ ਕਮਾ ਸਕਦਾ ਸੀ। ਇਸ ਸੁਦਾਗਰ ਦੀ ਸਲਾਹ ਨਾਲ ਕਈਆਂ ਹੋਰ ਮਸ਼ੀਨਾਂ ਵੀ ਲਾਈਆਂ ਤੇ ਸਭ ਮਜ਼ਦੂਰ ਬੇਕਾਰ ਕਰ ਸੁਟੇ।

ਇਉਂ ਚੌਥਾ ਬੇਕਾਰ ਵੀ ਸ਼ੈਤਾਨ ਦੀ ਮੇਹਰਬਾਨੀ ਨਾਲ ਥੋੜ੍ਹੇ ਦਿਨਾਂ ਵਿਚ ਹੀ ਦੌਲਤਮੰਦ ਹੋ ਗਿਆ, ਪਰ ਹੱਥੀਂ ਇਹ ਵੀ ਕੋਈ ਕੰਮ ਨਹੀਂ ਕਰਦਾ ਸੀ, ਸਾਰਾ ਇਸ ਦਾ ਕੰਮ ਲੋਕ ਹੀ ਕਰ ਜਾਇਆ ਕਰਦੇ ਸਨ।

ਚੈਨ ਨਗਰ ਅਜ ਉਸੇ ਤਰ੍ਹਾਂ ਉਨ੍ਹਾਂ ਪਹਾੜੀਆਂ ਦੇ ਦਰਮਿਆਨ ਆਬਾਦ ਹੈ। ਹੁਣ ਉਥੇ ਕਈ ਖ਼ੂਬਸੂਰਤ ਇਮਾਰਤਾਂ ਵੀ ਬਣ ਗਈਆਂ ਹਨ। ਅਦਾਲਤਾਂ ਤੇ ਹਸਪਤਾਲ ਵੀ ਹਨ, ਸਰਾਵਾਂ, ਧਰਮਸ਼ਾਲਾਵਾਂ, ਕਾਰਖਾਨੇ ਤੇ ਵੱਡੀਆਂ ਵੱਡੀਆਂ ਅਟਾਰੀਆਂ ਬਹੁਤ ਕੁਝ ਹੈ।

ਜਦੋਂ ਵੀ ਕੋਈ ਰਾਹੀ ਇਧਰ ਆਉਂਦਾ ਹੈ ਤਾਂ ਉਸਦੀ ਤਬੀਅਤ ਵੇਖ ਕੇ ਖਿੜ ਜਾਂਦੀ ਹੈ। ਪਰ ਹੁਣ ਉਥੋਂ ਦਾ ਕਾਨੂੰਨ ਬਦਲ ਗਿਆ ਹੈ, ਪਹਿਲੇ ਸਭ ਲੋਕ ਕੰਮ ਕਰਨ ਵਾਲੇ ਰਹਿੰਦੇ ਸਨ, ਸਿਰਫ ਚਾਰ ਬੇਕਾਰ ਹੀ ਭੁੱਖੇ ਮਰਦੇ ਸਨ। ਹੁਣ ਉਹ ਚਾਰ ਬੇਕਾਰ ਐਸ਼ ਕਰਦੇ ਹਨ ਤੇ ਬਾਕੀ ਸਭ ਕੰਮ ਕਰਨ ਵਾਲੇ ਭੁੱਖੇ ਮਰ ਰਹੇ ਹਨ।

-ਸੁਦਰਸ਼ਨ

❖ ❖ ❖

(੧੦) ਗਰੀਬ

ਇਕ ਦਿਨ ਮੈਂ ਇਕੱਲਾ ਜੰਗਲ ਵਿਚ ਅਖਰੋਟ ਤੋੜ ਰਿਹਾ ਸਾਂ। ਅਚਾਨਕ ਉਸ ਥਾਂ ਤੋਂ ਇਕ ਅਫਸਰ ਨਿਕਲਿਆ। ਉਸ ਮੈਨੂੰ ਘੂਰਕੇ ਪੁਛਿਆ,"ਕੀ ਕਰ ਰਿਹਾ ਹੈਂ?" ਮੈਂ ਆਖਿਆ, "ਕੀ ਤੁਹਾਨੂੰ ਨਜ਼ਰ ਨਹੀਂ ਆ ਰਿਹਾ ਕਿ ਮੈਂ ਅਖਰੋਟ ਤੋੜ ਰਿਹਾ ਹਾਂ?"

"ਅਖਰੋਟ ਤੋੜ ਰਿਹਾ ਹੈਂ? ਇਹ ਕਹਿਣ ਦਾ ਤੈਨੂੰ ਹੌਸਲਾ ਹੀ ਕਿਵੇਂ ਪਿਆ।" ਅਫਸਰ ਨੇ ਡਾਂਟਦਿਆਂ ਆਖਿਆ।

ਮੈਂ ਕਿਹਾ, "ਮਹਾਰਾਜ ! ਇਹ ਦੱਸੋ ਅਗਰ ਕੋਈ ਗਲਹਿਰੀ, ਤੋਤਾ ਯਾ ਬਾਂਦਰ ਅਜੇਹਾ ਕਰਦਾ, ਕੀ ਤੁਸੀਂ ਉਸ ਤੇ ਵੀ ਅਜੇਹੇ ਸਵਾਲ ਕਰਦੇ? ਕੀ ਤੁਸੀਂ ਮੈਨੂੰ ਇਨ੍ਹਾਂ ਜਾਨਵਰਾਂ ਤੋਂ ਵੀ ਨੀਵਾਂ ਹੀ ਸਮਝਦੇ ਹੋ? ਕੀ ਮੇਰਾ ਕੋਈ ਵੀ ਹੱਕ ਨਹੀਂ, ਆਖਰ ਮੈਨੂੰ ਇਸ ਤਰ੍ਹਾਂ ਧਮਕੀ ਦੇ ਕੇ ਹਟਾਉਣ ਵਾਲੇ ਆਪ ਹੋ ਕੌਣ?"

"ਇਹ ਮੈਂ ਤੈਨੂੰ ਉਸ ਸਮੇਂ ਦੱਸਾਂਗਾ, ਜਦੋਂ ਤੈਨੂੰ ਕਾਨੂੰਨ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਗ੍ਰਿਫਤਾਰ ਕਰ ਲਿਜਾਵਾਂਗਾ।"

ਮੈਂ ਫਿਰ ਠਰੰਮੇ ਨਾਲ ਹੌਲੀ ਜੇਹੀ ਪੁਛਿਆ, "ਇਥੇ ਨਾ ਤਾਂ ਕਿਸੇ ਆਦਮੀ ਨੇ ਦਰਖਤ ਲਾਏ ਹਨ, ਨਾ ਹੀ ਜ਼ਿਮੀਨ ਬੀਜੀ ਵਾਹੀ ਹੈ। ਇਹ ਤਾਂ ਜੰਗਲ ਹੈ, ਮੇਰਾ ਆਉਣਾ ਗ਼ੈਰ-ਕਾਨੂੰਨੀ ਕਿਵੇਂ ਹੋ ਗਿਆ? ਤੇ ਇਹ ਅਖਰੋਟ ਦਾ ਦਰਖਤ ਤਾਂ ਕੁਦਰਤ ਦੀ ਬਖਸ਼ਸ਼ ਤੇ ਹਰ ਇਕ ਦੀ ਸਾਂਝੀ ਜਾਇਦਾਦ ਹੈ, ਇਸ ਦੇ ਖਾਣ ਦੇ ਹੱਕ ਮਨੁੱਖਾਂ ਤੇ ਪਸ਼ੂਆਂ ਲਈ ਬਰਾਬਰ ਹਨ।"

ਅਫਸਰ ਨੂੰ ਮੇਰੀਆਂ ਗੱਲਾਂ ਤੇ ਗੁੱਸਾ ਆ ਗਿਆ। ਉਹ ਕੜਕ ਕੇ ਬੋਲਿਆ, "ਮੈਂ ਤੈਨੂੰ ਆਖਦਾ ਹਾਂ ਕਿ ਇਹ ਜੰਗਲ ਲੋਕਾਂ ਦੀ ਜਾਇਦਾਦ ਨਹੀਂ ਹੈ, ਇਸ ਦੇ ਮਾਲਕ ਤਾਂ ਪੋਰਟਲੈਂਡ ਦੇ ਰਈਸ ਹਨ।"

ਮੈਂ ਕਿਹਾ, "ਬਹੁਤ ਅੱਛਾ ਹਜ਼ੂਰ ! ਨਵਾਬ ਸਾਹਿਬ ਜੁਗ ਜੁਗ ਜੀਉਣ! ਪਰ ਕੁਦਰਤ ਉਨ੍ਹਾਂ ਨੂੰ ਉਤਨਾ ਹੀ ਜਾਣਦੀ ਹੈ ਜਿਤਨਾ ਕਿ ਮੈਨੂੰ। ਕੁਦਰਤ

ਦੇ ਦਰਬਾਰ ਦਾ ਤਾਂ ਇਹ ਇਕ ਸਿੱਧਾ ਅਸੂਲ ਹੈ, "ਪਹਿਲੇ ਆਓ, ਪਹਿਲੇ ਖਾਓ।" ਇਸ ਲਈ ਅਗਰ ਹਜ਼ੂਰ ਵੀ ਕੁਛ ਅਖਰੋਟ ਖਾਣ ਦੀ ਇੱਛਾ ਰਖਦੇ ਹੋਣ, ਅੱਗੇ ਆ ਜਾਣ।"

ਇਹ ਸੁਣਦਿਆਂ ਸਾਰ ਅਫਸਰ ਅੱਗ-ਭਬੂਕਾ ਹੋ ਗਿਆ। ਉਹ ਕੁਝ ਕਹਿਣਾ ਹੀ ਚਾਹੁੰਦਾ ਸੀ, ਮਗਰ ਮੈਂ ਗਰਜਕੇ ਆਖਿਆ, ਜਿਸ ਦੇਸ ਵਿਚ ਮੈਨੂੰ ਇਕ ਅਖਰੋਟ ਤੋੜਨ ਦਾ ਵੀ ਹੱਕ ਨਹੀਂ, ਅਗਰ ਕੱਲ ਕੋਈ ਦੁਸ਼ਮਣ ਉਸ ਤੇ ਧਾਵਾ ਕਰ ਦੇਵੇ ਤੇ ਇਸ ਦੀ ਰਾਖੀ ਲਈ ਮੈਨੂੰ ਤਲਵਾਰ ਚੁੱਕਣ ਦਾ ਹੁਕਮ ਮਿਲੇ ਤਾਂ ਮੈਂ ਇਹ ਕਹਿੰਦਾ ਹੋਇਆ ਆਪਣੇ ਹਥਿਆਰ ਧਰਤੀ ਤੇ ਸੁੱਟ ਦਿਆਂਗਾ ਕਿ ਇਸ ਦੀ ਰਾਖੀ ਲਈ ਵੀ ਪੋਰਟਲੈਂਡ ਦਾ ਰਈਸ ਹੀ ਤਮਾਮ ਮੁਸ਼ਕਲਾਂ ਆਪਣੇ ਸਿਰ ਤੇ ਲੈ ਕੇ ਤਲਵਾਰ ਉਠਾਵੇ ਜੋ ਕਿ ਆਪਣੇ ਆਪ ਨੂੰ ਸਾਰੇ ਦੇਸ਼ ਦੀਆਂ ਖਾਣਾਂ, ਜੰਗਲਾਂ, ਜਾਗੀਰਾਂ ਤੇ ਜਾਇਦਾਦਾਂ ਨੂੰ ਆਪਣੀਆਂ ਸਮਝਦਾ ਹੈ।"

-ਟਾਲਸਟਾਇ

❖ ❖ ❖

(੧੧) ਨਾਰੀ

ਉਨ੍ਹਾਂ ਦੂਰ ਅਸਮਾਨ ਵਲੋਂ ਝਾਕ ਰਹੇ ਸਤਾਰਿਆਂ ਤੋਂ ਪਰੇ ਵੀ ਕੋਈ ਦੇਸ਼ ਹੈ ਪਰ ਉਥੋਂ ਦੀਆਂ ਗੱਲਾਂ ਸਾਡੇ ਵਰਗੀਆਂ ਨਹੀਂ ਹੁੰਦੀਆਂ। ਉਸ ਲੋਕ ਵਿਚ ਇਕ ਮਰਦ ਤੇ ਇਸਤ੍ਰੀ ਰਹਿੰਦੇ ਸਨ। ਉਨ੍ਹਾਂ ਨੂੰ ਕੇਵਲ ਇਕੋ ਕੰਮ ਸੀ, ਰੋਜ਼ ਇਕੱਠਿਆਂ ਘੁੰਮਣਾ ਫਿਰਨਾ। ਚੰਗੀ ਦੋਸਤੀ ਹੋ ਗਈ। ਅਜੇਹੀਆਂ ਗੱਲਾਂ ਇਥੇ ਵੀ ਸਾਡੇ ਵੇਖਣ ਵਿਚ ਕਿਤੇ ਕਿਤੇ ਆਉਂਦੀਆਂ ਹਨ ਪਰ ਇਥੇ ਇਤਨੀਆਂ ਨਹੀਂ ਹੁੰਦੀਆਂ।

ਉਥੇ ਇਕ ਬਹੁਤ ਸੰਘਣਾ ਜੰਗਲ ਸੀ, ਜਿਸ ਵਿਚ ਬ੍ਰਿਛ ਲਾਗੇ ਲਾਗੇ ਉਗ ਹੋਏ ਸਨ। ਉਨ੍ਹਾਂ ਦੇ ਟਾਹਣ ਆਪਸ ਵਿਚ ਅਜੇਹੇ ਲਿਪਟੇ ਹੋਏ ਸਨ ਕਿ ਗਰਮੀ ਰੁੱਤ ਦੇ ਸੂਰਜ ਦੀਆਂ ਕਿਰਨਾਂ ਵੀ ਉਹਦੇ ਵਿਚਦੀ ਨਹੀਂ ਸਨ ਜਾ ਸਕਦੀਆਂ। ਉਥੇ ਇਕ ਦੇਵ ਮੰਦਰ ਸੀ ਜਿਥੇ ਕਿ ਦਿਨ ਦੇ ਸਮੇਂ ਸਦਾ ਇਕਾਂਤ ਬਣੀ ਰਹਿੰਦੀ ਸੀ। ਰਾਤ ਸਮੇਂ ਸਤਾਰਿਆਂ ਦੀ ਜਗਮਗ ਵਿਚ ਜਦੋਂ ਚੰਦ੍ਰਮਾਂ ਬ੍ਰਿਛਾਂ ਦੀਆਂ ਚੋਟੀਆਂ ਵਿਚੀਂ ਨਜ਼ਰ ਮਾਰਦਾ ਫਿਰਦਾ ਹੁੰਦਾ ਸੀ, ਉਦੋਂ ਵੀ ਉਥੇ ਸ਼ਾਂਤੀ ਦਾ ਰਾਜ ਹੀ ਛਾਇਆ ਰਹਿੰਦਾ ਸੀ।

ਅਗਰ ਕੋਈ ਰਾਤ ਨੂੰ ਉਥੇ ਪੁਜਕੇ ਮੰਦਰ ਵਿਚ ਜਾ ਕੇ ਜਿਗਰ ਦਾ ਖੂਨ

ਭੇਟਾ ਕਰਦਾ ਸੀ ਤਾਂ ਉਸ ਦੀ ਮਨੋਕਾਮਨਾ ਪੂਰੀ ਹੋ ਜਾਂਦੀ ਸੀ। ਇਹ ਸਭ ਕੁਝ ਉਸ ਲੋਕ ਦੀਆਂ ਗੱਲਾਂ ਹਨ। ਇਥੇ ਅਜੇਹਾ ਨਹੀਂ ਹੋ ਸਕਦਾ।

ਉਹ ਦੋਵੇਂ ਇਸਤ੍ਰੀ ਪੁਰਸ਼ ਇਕੱਠੇ ਰਹਿੰਦੇ ਰਹੇ। ਇਸਤ੍ਰੀ ਹਰ ਤਰ੍ਹਾਂ ਮਨੁੱਖ ਦਾ ਭਲਾ ਚਾਹੁੰਦੀ ਰਹੀ। ਇਕ ਰਾਤ ਜਦੋਂ ਚੰਦ੍ਰਮਾਂ ਪੱਤਿਆਂ ਨੂੰ ਰੰਗ ਰੰਗ ਕੇ ਅਠਖੇਲੀਆਂ ਕਰ ਰਿਹਾ ਸੀ ਤੇ ਸਮੁੰਦ੍ਰੀ ਲਹਿਰਾਂ ਬਿਲਕੁਲ ਚਾਂਦੀ ਦੀਆਂ ਹੀ ਬਣਦੀਆਂ ਜਾ ਰਹੀਆਂ ਸਨ ਤਾਂ ਉਹ ਇਸਤ੍ਰੀ ਇਕੱਲੀ ਜੰਗਲ ਵਲ ਨੂੰ ਤੁਰ ਪਈ। ਅੰਧੇਰਾ ਛਾਇਆ ਹੋਇਆ ਸੀ। ਚੰਦ੍ਰਮਾਂ ਦੀਆਂ ਕਿਰਨਾਂ ਕਦੇ ਕਦੇ ਉਸ ਦੇ ਪੈਰਾਂ ਦੇ ਖੜਕ ਰਹੇ ਸੁੱਕੇ ਪੱਤਿਆਂ ਨੂੰ ਵੀ ਲਿਸ਼ਕਾਂਦੀਆਂ ਸਨ। ਉਹ ਅਗੇ ਵਧਦੀ ਗਈ ਤੇ ਬਿਰਛਾਂ ਦੇ ਝੁੰਡ ਸੰਘਣੇ ਹੁੰਦੇ ਗਏ। ਆਖਰਕਾਰ ਉਹ ਮੰਦਰ ਦੇ ਪਾਸ ਪੁਜ ਗਈ। ਦੇਵਤਾ ਦੇ ਲਾਗੇ ਖਲੋ ਕੇ ਉਸ ਬੇਨਤੀ ਕੀਤੀ, ਪਰ ਉਸਨੂੰ ਕੋਈ ਉਤਰ ਨਾ ਮਿਲਿਆ।

ਉਸ ਨਜ਼ਦੀਕ ਪਏ ਪੱਥਰ ਦੇ ਇਕ ਟੋਟੇ ਨੂੰ ਚੁਕਿਆ ਤੇ ਆਪਣੀ ਛਾਤੀ ਤੇ ਜ਼ੋਰ ਨਾਲ ਮਾਰਿਆ। ਦਿਲ ਜ਼ਖਮੀ ਹੋ ਗਿਆ, ਲਹੂ ਦੀਆਂ ਬੂੰਦਾਂ ਹੌਲੀ ਹੌਲੀ ਦੇਵਤਾ ਦੇ ਸਾਹਮਣੇ ਡਿਗਣ ਲਗੀਆਂ। ਉਸੇ ਸਮੇਂ ਇਕ ਦਮ ਆਵਾਜ਼ ਆਈ 'ਹੇ ਇਸਤ੍ਰੀ ! ਤੂੰ ਕੀ ਮੰਗਦੀ ਹੈਂ?'

ਉਸਨੇ ਕਿਹਾ, "ਇਕ ਆਦਮੀ ਹੈ ਜੋ ਕਿ ਮੈਨੂੰ ਪ੍ਰਾਣਾਂ ਤੋਂ ਵੀ ਪਿਆਰਾ ਹੈ। ਉਸ ਲਈ ਸੰਸਾਰ ਦੀ ਸਰਬ ਸ੍ਰੇਸ਼ਟ ਦੌਲਤ ਚਾਹੁੰਦੀ ਹਾਂ।"

ਫਿਰ ਅਵਾਜ਼ ਆਈ, "ਉਹ ਕਿਹੜੀ ਸ਼ੈ ਹੈ?"

ਉਸ ਇਸਤ੍ਰੀ ਨੇ ਕਿਹਾ, 'ਮੈਨੂੰ ਪਤਾ ਨਹੀਂ ਪਰ ਜੋ ਕੁਝ ਵੀ ਉਸ ਲਈ ਲਾਭਦਾਇਕ ਹੋਵੇ, ਉਹ ਚਾਹੁੰਦੀ ਹਾਂ।"

ਅਕਾਸ਼ ਬਾਣੀ ਹੋਈ, "ਅੱਛਾ ! ਐਸਾ ਹੀ ਹੋ ਜਾਵੇਗਾ।"

ਇਸਤ੍ਰੀ ਸੰਭਲੀ। ਉਸ ਜ਼ਖਮੀ ਜਿਗਰ ਦੁਆਲੇ ਵਗਦੀਆਂ ਹੋਈਆਂ ਲਹੂ ਦੀਆਂ ਧਾਰਾਂ ਨੂੰ ਰੋਕਣ ਲਈ ਆਪਣਾ ਦੁਪੱਟਾ ਜ਼ੋਰ ਨਾਲ ਬੰਨ੍ਹ ਲਿਆ ਤੇ ਹੱਥਾਂ ਨਾਲ ਉਸਦੇ ਪੱਲੇ ਪਕੜਕੇ ਜੰਗਲ ਵਲ ਨੂੰ ਭੱਜ ਦੌੜੀ। ਸੁੱਕੇ ਪੱਤੇ ਉਸ ਦੇ ਪੈਰਾਂ ਹੇਠ ਸ਼ੋਰ ਮਚਾ ਰਹੇ ਸਨ। ਚੰਦ ਚਾਂਦਨੀ ਦੀ ਰੌਸ਼ਨੀ ਵਿੱਚ ਪੌਣ ਬਿਰਛਾਂ ਨੂੰ ਥਪਕ ਰਹੀ ਸੀ। ਸਮੁੰਦਰੀ ਕਿਨਾਰਿਆਂ ਤੇ ਪਿਆ ਰੇਤਾ ਵੀ ਜਗ-ਮਗ ਜਗ-ਮਗ ਕਰ ਰਿਹਾ ਸੀ।

ਇਸਤਰੀ ਕਿਨਾਰੇ ਕਿਨਾਰੇ ਟੁਰਦੀ ਗਈ ਤੇ ਫਿਰ ਇਕ ਦਮ ਠਿਠਕ ਕੇ ਖਲੋ ਗਈ। ਦੂਰ ਸਮੁੰਦਰ ਦੀ ਵੱਖੀ ਉਤੇ ਉਸਨੂੰ ਕੋਈ ਚੀਜ਼ ਚਮਕਦੀ ਨਜ਼ਰੀਂ

ਪਈ। ਉਸ ਨੇ ਗਹੁ ਨਾਲ ਤੱਕਿਆ ਉਹ ਇਕ ਬੇੜੀ ਸੀ, ਜੋ ਪਰਲੇ ਪਾਸੇ ਨੂੰ ਦੌੜੀ ਜਾ ਰਹੀ ਸੀ। ਉਸ ਉਤੇ ਕੋਈ ਖਲੋਤਾ ਸੀ, ਜਿਸ ਦਾ ਚੇਹਰਾ ਉਹ ਸਾਫ ਸਾਫ ਤਾਂ ਨਾ ਪਛਾਣ ਸਕੀ ਪਰ ਉਸ ਨੂੰ ਪਤਾ ਲਗ ਗਿਆ।

ਬੇੜੀ ਤਰਦੀ ਚਲੀ ਜਾ ਰਹੀ ਸੀ ਤੇ ਇਉਂ ਮਾਲੂਮ ਦੇ ਰਿਹਾ ਸੀ ਜਿਵੇ ਉਸ ਨੂੰ ਕੋਈ ਠੇਲ੍ਹ ਹੀ ਨਾ ਰਿਹਾ ਹੋਵੇ, ਉਹ ਆਪਣੇ ਆਪ ਇਕ ਰਸ ਟੁਰਦੀ ਜਾ ਰਹੀ ਹੋਵੇ। ਚੰਦ ਚਾਨਣੀ ਵਿਚ ਕਿਸ਼ਤੀ ਦਾ ਹਰ ਅੰਗ ਸਪਸ਼ਟ ਦਿਸ ਰਿਹਾ ਸੀ ਪਰ ਉਸਨੂੰ ਅਜੇਹਾ ਮਾਲੂਮ ਹੋਇਆ ਕਿ ਉਸਦਾ ਚੱਪਾ ਫੜੀ ਕੋਈ ਦੂਸਰਾ ਬੈਠਾ ਹੋਇਆ ਹੈ। ਕਿਸ਼ਤੀ ਦੀ ਤੇਜ਼ੀ ਵਧਦੀ ਗਈ, ਅੰਤ ਉਹ ਅੱਖਾਂ ਤੋਂ ਉਹਲੇ ਹੁੰਦੀ ਗਈ।

ਇਸਤਰੀ ਨੇਂ ਕੰਢੇ ਕੰਢੇ ਦੌੜਦਿਆਂ ਉਸਦਾ ਪਿੱਛਾ ਕਰਨਾ ਸ਼ੁਰੂ ਕੀਤਾ ਪਰ ਬੇੜੀ ਪਲ ਪਲ ਉਸ ਤੋਂ ਦੂਰ ਹੁੰਦੀ ਗਈ। ਇਸਤ੍ਰੀ ਦੇ ਬਸਤਰ ਖਿਲਰ ਪੁਲਰ ਗਏ। ਚੁੰਨੀ ਉਸਦੇ ਪੈਰਾਂ ਵਿਚ ਡਿਗਦੀ ਜਾ ਰਹੀ ਸੀ।

ਹੁਣ ਉਸ ਬਾਂਹਾਂ ਫੈਲਾ ਕੇ ਦੌੜਨਾ ਸ਼ੁਰੂ ਕੀਤਾ। ਉਸ ਦੀਆਂ ਖੁਲ੍ਹੀਆਂ ਲਿਟਾਂ ਵਿਚ ਚੰਦ ਦੀਆਂ ਕਿਰਨਾਂ ਉਲਝ ਰਹੀਆਂ ਸਨ। ਇਸੇ ਵੇਲੇ ਕਿਸੇ ਨੇ ਆ ਕੇ ਉਸਦੇ ਕੰਨਾਂ ਵ੍ਵਿਚ ਹੌਲੀ ਜੇਹੇ ਕਿਹਾ, "ਇਹ ਕੀ?"

ਉਸ ਨੇ ਧਾਹ ਮਾਰਦਿਆਂ ਹੋਇਆ ਆਖਿਆ, "ਆਪਣੇ ਜਿਗਰ ਦਾ ਖ਼ੂਨ ਭੇਟਾ ਕਰਕੇ ਮੈਂ ਉਸਦੇ ਲਈ ਸੰਸਾਰ ਦੀ ਦੌਲਤ ਮੰਗੀ ਸੀ, ਅਜ ਉਹ ਮੈਨੂੰ ਹੀ ਛੱਡਕੇ ਦੌੜਿਆ ਜਾ ਰਿਹਾ ਹੈ।" ਅਕਾਸ਼ ਬਾਣੀ ਨੇ ਕਿਹਾ, "ਇਸਤਰੀ ! ਇਹ ਤੇਰੇ ਬਲੀਦਾਨ ਦਾ ਸਿਟਾ ਹੈ। ਉਸ ਨੂੰ ਸੰਸਾਰ ਦੀ ਦੌਲਤ ਮਿਲ ਗਈ ਜੋ ਤੂੰ ਆਪ ਉਹਦੇ ਲਈ ਮੰਗੀ ਸੀ।'

ਉਸ ਨੇ ਪੁੱਛਿਆ, "ਉਹ ਕੀ?"

ਅਵਾਜ਼ ਆਈ, "ਇਹੋ ਕਿ ਉਹ ਤੈਨੂੰ ਛੱਡਕੇ ਚਲਿਆ ਜਾਵੇ।"

ਇਸਤਰੀ ਚੁਪ-ਚਾਪ ਖੜੋਤੀ ਰਹੀ। ਚਾਂਦਨੀ ਨਾਲ ਝਲਕ ਰਹੀ ਸਮੁੰਦਰ ਦੀ ਸੁੰਦਰ ਛਾਤੀ ਤੋਂ ਕਿਸ਼ਤੀ ਦੂਰ ਚਲੀ ਗਈ ਸੀ। ਉਸਦੇ ਕੰਨਾਂ ਵਿਚ ਫਿਰ ਕਿਸੇ ਨੇ ਹੌਲੀ ਦੇ ਕੇ ਪੁਛਿਆ, "ਤੂੰ ਸੰਤੁਸ਼ਟ ਤਾਂ ਹੈਂ?" ਉਸਨੇ ਉੱਤਰ ਦਿੱਤਾ, "ਹਾਂ,ਮੈਂ ਸੰਤੁਸ਼ਟ ਹਾਂ।"

ਉਸ ਦੀ ਚਰਨ-ਧੂੜੀ ਨੂੰ ਛੂਹਣ ਲਈ ਸਾਗਰ ਦੀਆਂ ਚੰਚਲ ਲਹਿਰਾਂ ਨੇਕਿਨਾਰੇ ਵਲ ਨੂੰ ਦੌੜ ਲਾਈ ਤੇ ਆਪਣੇ ਆਪ ਨੂੰ 'ਧੰਨ' ਸਮਝਿਆ।

-ਆਲਵ ਸ਼ਰੀਨਰ

(੧੨) ਅਨਾਰਕਲੀ

ਬਾਦਸ਼ਾਹ ਅਕਬਰ ਦੇ ਮਹੱਲਾਂ ਦੀ ਗੋਲੀ ਨਾਦਰਾ 'ਅਨਾਰਕਲੀ' ਦੇ ਨਾਮ ਨਾਲ ਮਸ਼ਹੂਰ ਸੀ।ਇਕ ਵਾਰੀ ਹਾਸੇ ਨਾਲ ਅਕਬਰ ਨੇ ਉਸ ਨੂੰ ਇਉਂ ਕਹਿ ਕੇ ਬੁਲਾਇਆ, ਉਸੇ ਸਮੇਂ ਤੋਂ ਉਸਦਾ ਇਹੋ ਨਾਮ ਪੈ ਗਿਆ।

ਅਨਾਰਕਲੀ ਬਹੁਤ ਸੁੰਦਰ ਤੇ ਆਪਣੀ ਮਾਂ ਦੀ ਪਿਆਰੀ ਧੀ ਸੀ, ਜਿਵੇਂ ਸੁੰਦਰ ਤੇ ਨਵੀਂ ਨਵੀਂ ਅਨਾਰ ਦੀ ਕਲੀ ਹੀ ਹੁੰਦੀ ਹੈ। ਉਸ ਨਾਲ ਮਹਿਲਾਂ ਦੀਆਂ ਤਮਾਮ ਸੁੰਦਰੀਆਂ ਪਿਆਰ ਕਰਦੀਆਂ, ਉਹ ਵੀ ਰਾਜ-ਮਹੱਲ ਵਿਚ ਇਉਂ ਨੱਚਦੀ ਟਪਦੀ ਫਿਰਦੀ, ਜਿਵੇਂ ਫੁਲਵਾੜੀ ਵਿਚ ਤਿਤਲੀ।

ਪਰ ਇਕ ਕਲੀ ਕਦੋਂ ਤੱਕ ਅਨ-ਖਿੜੀ ਰਹਿ ਸਕਦੀ ਹੈ, ਸੂਰਜ ਦੀਆਂ ਸੁਨਹਿਰੀ ਕਿਰਨਾਂ ਜਦੋਂ ਹੌਲੀ ਹੌਲੀ ਉਸ ਦੀ ਸੁੰਦਰਤਾ ਤੇ ਸੁਗੰਧੀ ਦੇ ਬੰਦ ਦਰ ਖੋਲ੍ਹ ਕੇ ਚਹੁੰਈਂ ਪਾਸੀਂ ਲਪਟਾਂ ਫੈਲਾ ਦੇਂਦੀਆਂ ਹਨ, ਇਹੋ ਅਵਸਥਾ ਇਸ ਵੇਲੇ ਅਨਾਰਕਲੀ ਦੀ ਸੀ।

ਜੁਆਨੀ ਨੇ ਸੁੰਦਰਤਾ ਵਿਚ ਇਕ ਨਵਾਂ ਨਿਖਾਰ ਪੈਦਾ ਕਰ ਦਿੱਤਾ ਸੀ ਤੇ ਉਹ ਹੁਣ ਕੰਨਿਆ ਤੋਂ 'ਸੁੰਦਰੀ' ਬਣਦੀ ਜਾ ਰਹੀ ਸੀ। ਕੈਸਾ ਅਜੀਬ ਇਨਕਲਾਬ! ਉਸ ਦੇ ਬਚਪਨ ਦੇ ਦਿਨ ਲੰਘ ਗਏ, ਉਸਦੀ ਸਾਦੀ ਮੁਸਕਾਨ ਵਿਚ ਬੜਾ ਅਸਚਰਜ-ਮਈ ਜਾਦੂ ਸੀ। ਉਸ ਦੀਆਂ ਕਾਲੀਆਂ ਕਾਲੀਆਂ, ਸਾਂਵਲੀਆਂ ਅੱਖੀਆਂ ਵਿਚ ਕੁਛ ਕੁਛ ਅਜੀਬ ਸ਼ਾਨ ਸੀ, ਜੁਆਨੀ ਉਸਦੇ ਸਾਰੇ ਆਪੇ ਨੂੰ ਮਟਕਾ ਰਹੀ ਸੀ।

ਰਾਜ ਮਹਿਲ ਦੀਆਂ ਸਭ ਇਸਤ੍ਰੀਆਂ ਅਨਾਰਕਲੀ ਦਾ ਜੋਬਨ ਤੱਕ ਕੇ ਠੰਢੇ ਹਉਕੇ ਲੈਂਦੀਆਂ ਸਨ, ਕਿਉਂਕਿ ਉਨ੍ਹਾਂ ਨੂੰ ਆਪਣੇ ਜੁਆਨੀ ਦੇ ਬੀਤੇ ਦਿਨ ਯਾਦ ਆ ਰਹੇ ਸਨ। ਉਸਦੀਆਂ ਸਹੇਲੀਆਂ ਉਸ ਨੂੰ ਛੇੜਦੀਆਂ ਤੇ ਕਹਿੰਦੀਆਂ, "ਅਹਾ ! ਹੁਣ ਤਾਂ ਕਲੀ ਖਿੜਨ ਵਾਲੀ ਹੈ।"

ਅਨਾਰਕਲੀ ਮਟਕ ਨਾਲ ਜਵਾਬ ਦੇਂਦੀ, 'ਕਲੀ ਕਿਉਂ ਨਾ ਖਿੜੇ?'

ਗੱਲ ਕੀ, ਅਨਾਰਕਲੀ ਬਾਲੜੀ ਤੋਂ ਜੁਆਨ ਤੇ ਕੰਨਿਆਂ ਤੋਂ ਇਕ ਸੁੰਦਰ ਰਾਣੀ ਹੋ ਗਈ। ਰਾਜ-ਮਹੱਲਾਂ ਵਿਚ ਕਿਸੇ ਤਰ੍ਹਾਂ ਕੋਈ ਪੜਦਾ ਨਹੀਂ ਸੀ। ਅਨਾਰਕਲੀ ਦੀ ਇਸ ਸੁੰਦਰਤਾ ਤੇ ਜਿਸ ਦੀ ਪਹਿਲੀ ਨਿਗ੍ਹਾ ਪਈ, ਉਹ ਅਕਬਰ ਦਾ ਪੁੱਤਰ ਜਹਾਂਗੀਰ ਸੀ, ਜਿਸਦਾ ਪਹਿਲਾ ਨਾਮ ਸਲੀਮ ਸੀ।

ਅਨਾਰਕਲੀ ਦੀਆਂ ਮਟਕਾਂ ਐਸੀਆਂ ਮਨੋਹਰ ਸਨ ਕਿ ਉਸਦੀ ਇਕ ਨਿਗ੍ਹਾ ਉਸ ਦੇ ਪਿਆਰ ਨੂੰ ਆਪਣੇ ਦਿਲ ਵਿਚ ਟਿਕਾ ਲੈਣ ਦੇ ਬਰਾਬਰ ਸੀ। ਉਸ ਦੀ ਸੁੰਦਰਤਾ ਨੇ ਸਲੀਮ ਨੂੰ ਕਾਬੂ ਕਰ ਲਿਆ ਸੀ ਤੇ ਉਹ ਆਪਣੇ ਦਿਲੀ ਭਾਵਾਂ ਨੂੰ ਪ੍ਰਗਟ ਕਰਨ ਲਈ ਯੋਗ ਸਮੇਂ ਦੀ ਉਡੀਕ ਵਿਚ ਸੀ।

ਇਕ ਦਿਨ ਸ਼ਾਮ ਦਾ ਵੇਲਾ ਸੀ, ਮੀਂਹ ਦੀ ਝੜੀ ਲਗੀ ਹੋਈ ਸੀ, ਬਗੀਚੇ ਦੀਆਂ ਕਿਆਰੀਆਂ ਧੋਤੀਆਂ ਗਈਆਂ ਸਨ, ਮੋਤੀਏ ਦੀ ਭਿੰਨੀ ਸੁਗੰਧੀ ਹਵਾ ਦੇ ਨਾਲ ਮਿਲਦੀ ਜਾ ਰਹੀ ਸੀ ਤੇ ਪੱਤਿਆਂ ਤੋਂ ਬੂੰਦਾਂ ਦੇ ਝੜ ਝੜ ਡਿਗਣ ਦੀ ਮਿਠੀ ਅਵਾਜ਼ ਪੈਦਾ ਹੋ ਰਹੀ ਸੀ, ਅਸਮਾਨ ਸਾਫ ਹੁੰਦਾ ਜਾ ਰਿਹਾ ਸੀ ਤੇ ਚੰਦ ਚਾਨਣੀ ਬ੍ਰਿਛਾਂ ਦੇ ਪੱਤਿਆਂ ਵਿਚੀਂ ਛਣ ਛਣ ਕਰਕੇ ਹੇਠ ਧਰਤੀ ਤੇ ਆ ਰਹੀ ਸੀ। ਅਨਾਰਕਲੀ ਸੰਗਮਰਮਰ ਦੀ ਪਟੜੀ ਤੇ ਬੈਠੀ ਪਾਲਤ ਹਿਰਣੀ ਦੇ ਬੱਚੇ ਦੀ ਤਲਾਸ਼ ਵਿਚ ਇਧਰ ਉਧਰ ਹੌਲੀ ਹੌਲੀ ਟਹਿਲ ਰਹੀ ਸੀ।

'ਆਰਾ! ਆਰਾ!'

ਇਹ ਸ਼ਬਦ ਉਸ ਆਪਣੀ ਸੁਰੀਲੀ ਅਵਾਜ਼ ਨਾਲ ਉਸ ਹਿਰਨੋਟੇ ਨੂੰ ਸੱਦਣ ਲਈ ਆਖੇ ਤੇ ਇਸਦੇ ਜਵਾਬ ਵਿਚ ਸੋਨੇ ਦੇ ਘੁੰਗਰੂਆਂ ਦੀ ਇਕ ਮੱਧਮ ਜਿਹੀ ਅਵਾਜ਼ ਆਈ - 'ਆਰਾ! ਆਰਾ!'

ਫਿਰ ਉਹੋ ਝਨਕਾਰ ਸੁਣਾਈ ਦੇਣ ਲਗੀ, ਪਰ ਅਵਾਜ਼ ਬਹੁਤ ਦਬੀ ਹੋਈ ਸੀ, ਕਦੀ ਬਹੁਤ ਨੇੜੇ ਸੁਣਾਈ ਦੇਂਦੀ, ਕਦੇ ਬਹੁਤ ਦੂਰ। ਇਸ ਤੋਂ ਮਾਲੂਮ ਹੋ ਰਿਹਾ ਸੀ ਕਿ ਹਿਰਨ ਦੇ ਬੱਚੇ ਨੇ ਉਸ ਦੀ ਅਵਾਜ਼ ਜ਼ਰੂਰ ਸੁਣ ਲਈ ਹੈ, ਨਹੀਂ ਤਾਂ ਉਹ ਉਸਦੀ ਆਵਾਜ਼ ਦਾ ਜਵਾਬ ਕਿਉਂ ਦੇਂਦਾ।

ਪਰ ਕੀ ਉਹ ਇਥੇ ਸੀ? ਅਗਰ ਉਹ ਕਿਤੇ ਸੁਤੰਤਰ ਹੁੰਦਾ ਤਾਂ ਜ਼ਰੂਰ ਪਹਿਲੀ ਆਵਾਜ਼ ਨਾਲ ਹੀ ਚੁੰਗੀਆਂ ਭਰਦਾ, ਉਸ ਪਾਸ ਪਹੁੰਚ ਜਾਂਦਾ। ਅਨਾਰਕਲੀ ਨੇ ਫਿਰ ਆਵਾਜ਼ ਮਾਰੀ, ਫਿਰ ਉਹੋ ਝਨਕਾਰ ਕੰਨੀਂ ਪਈ। ਆਖਰ ਉਸ ਪਾਸੋਂ ਰਿਹਾ ਨਾ ਗਿਆ, ਉਹ ਸਿਧੀ ਉਸ ਪਾਸੇ ਨੂੰ ਟੁਰ ਗਈ, ਜਿਧਰੋਂ

ਆਵਾਜ਼ ਆ ਰਹੀ ਸੀ। ਉਹ ਟੁਰਦੀ ਟੁਰਦੀ ਬਗੀਚੇ ਦੇ ਇਕ ਸੁੰਨਸਾਨ ਕੋਨੇ 'ਚ ਜਾ ਪਹੁੰਚੀ ਤੇ ਉਚੀ ਅਵਾਜ਼ ਨਾਲ ਦੁਖੀ ਹੋ ਕੇ ਪੁਕਾਰਿਆ - 'ਆਰਾ! ਮਰ ਜਾਣਿਆਂ, ਤੂੰ ਹੈਂ ਕਿਥੇਂ?'

ਇਤਨੇ ਨੂੰ ਉਹ ਹਿਰਨ ਦਾ ਬੱਚਾ ਇਕ ਬ੍ਰਿਛ ਪਿੱਛਿਓਂ ਛਾਲਾ ਮਾਰਦਾ ਤੇ ਖੁਸ਼ੀ ਨਾਲ ਅੱਲ੍ਹੜ-ਪਣੇ ਵਿਚ ਚੁੰਗੀਆਂ ਭਰਦਾ ਅਨਾਰਕਲੀ ਪਾਸ ਪਹੁੰਚ ਗਿਆ। ਸ਼ਾਮ ਦੀ ਏਕਾਂਤ ਵਿਚ ਉਸਦੇ ਗਲ ਤੇ ਪੈਰੀਂ ਪਏ ਘੁੰਗਰੂਆਂ ਦੀ ਆਵਾਜ਼ ਸਮੇਂ ਨੂੰ ਹੋਰ ਵੀ ਸੁਹਾਵਣਾ ਬਣਾ ਰਹੀ ਸੀ। ਅਨਾਰਕਲੀ ਉਸ ਨੂੰ ਕੁੱਛੜ ਵਿਚ ਲੈ ਚੁੰਮ ਪਿਆਰ ਕੇ ਪੁਛਣ ਲਗੀ, 'ਤੂੰ ਹੁਣ ਤਕ ਕਿਥੇ ਰਿਹਾ ਹੈਂ? ਕੀ ਤੈਨੂੰ ਕਿਸੇ ਫੜ ਲਿਆ ਸੀ?'

ਘਬਰਾਈ ਹੋਈ ਅਨਾਰਕਲੀ ਨੇ ਇਧਰ ਉਧਰ ਤੱਕਿਆ, ਪਿਛਿਓਂ ਇਕ ਜੁਆਨ ਹੌਲੀ ਦੇ ਕੇ ਬੋਲਿਆ -

'ਮੈਂ ਹੀ ਤੁਹਾਡੇ ਹਿਰਨੋਟੇ ਨੂੰ ਫੜ ਲਿਆ ਸੀ।'

ਅਨਾਰਕਲੀ ਦਾ ਚਿਹਰਾ ਲੱਜਾ ਨਾਲ ਲਾਲ ਲਾਲ ਹੋ ਗਿਆ, ਉਸ ਆਪਣਾ ਚਿਹਰਾ ਕਪੜੇ ਨਾਲ ਲੁਕਾ ਲਿਆ ਤੇ ਝੁਕ ਕੇ ਪ੍ਰਣਾਮ ਕੀਤਾ।

'ਮੈਂ ਤੁਹਾਥੋਂ ਖਿਮਾਂ ਚਾਹੁੰਦੀ ਹਾਂ' ਅਨਾਰਕਲੀ ਨੇ ਲੜਖੜਾਂਦੀ ਆਵਾਜ਼ ਵਿਚ ਕਿਹਾ - 'ਮੈਨੂੰ ਪਤਾ ਨਹੀਂ ਸੀ ਕਿ.........'

ਗੱਲ ਅਜੇ ਪੂਰੀ ਵੀ ਨਹੀਂ ਸੀ ਹੋਈ, ਸਲੀਮ ਮੁਸਕ੍ਰਾਉਂਦਾ ਹੋਇਆ ਕਹਿਣ ਲੱਗਾ, 'ਨਹੀਂ, ਇਹ ਤਾਂ ਮੈਨੂੰ ਚਾਹੀਦਾ ਹੈ ਕਿ ਮੈਂ ਤੁਹਾਥੋਂ ਖਿਮਾਂ ਮੰਗਾਂ। ਮੈਂ ਤੁਹਾਡੇ ਹਿਰਨੋਟੇ ਨੂੰ ਇਤਨਾ ਚਿਰ ਰੋਕ ਕੇ ਖਾਹ-ਮਖਾਹ ਤੁਹਾਨੂੰ ਪਰੇਸ਼ਾਨ ਕੀਤਾ। ਕੀ ਤੁਹਾਨੂੰ ਪਤਾ ਹੈ ਕਿ ਮੈਂ ਤੁਹਾਡੇ ਹਿਰਨ ਨੂੰ ਕਿਉਂ ਰੋਕੀ ਰੱਖਿਆ ਸੀ?' ਫਿਰ ਆਪ ਹੀ ਮੁਸਕਰਾਂਦਿਆਂ ਹੋਇਆਂ ਅੱਗੇ ਵਧ ਕੇ ਉਤਰ ਦਿੱਤਾ, 'ਸਿਰਫ ਇਸ ਲਈ ਕਿ ਉਸਦੀਆਂ ਅੱਖਾਂ ਵੀ ਤੁਹਾਡੇ ਵਰਗੀਆਂ ਹੀ ਸਨ।'

ਅਨਾਰਕਲੀ ਚੁਪ ਚਾਪ ਖੜੋਤੀ ਸੁਣਦੀ ਰਹੀ। ਉਸ ਨੇ ਪਹਿਲੇ ਵੀ ਇਹ ਸੁਣਿਆਂ ਹੋਇਆ ਸੀ ਕਿ ਰਾਜਕੁਮਾਰ ਉਸ ਤੇ ਮੋਹਿਤ ਹੈ। ਹੁਣ ਸਲੀਮ ਦੇ ਸ਼ਬਦਾਂ ਨੇ ਉਸ ਵਿਚ ਕੋਈ ਸ਼ੰਕਾ ਨਾ ਰਹਿਣ ਦਿੱਤੀ।

ਅਨਾਰਕਲੀ ਇਕ ਅਣਜਾਤੀ ਖੁਸ਼ੀ ਦੇ ਕਾਰਨ ਚੁਪ-ਚਾਪ ਖਲੋਤੀ ਸੀ। ਸਲੀਮ ਉਸ ਦੇ ਪਾਸ ਖੜਾ ਸੀ। ਅਨਾਰਕਲੀ ਨੇ ਉਤਾਂਹ ਨੈਣ ਕਰਕੇ ਸਲੀਮ

ਨੂੰ ਤੱਕਿਆ। ਦੋਹਾਂ ਦੀਆਂ ਅੱਖੀਆਂ ਚਾਰ ਹੋਈਆਂ। ਸਲੀਮ ਵੀ ਮੁਸਕ੍ਰਾਂਦਾ ਹੋਇਆ ਉਸ ਵਲ ਵੇਖ ਰਿਹਾ ਸੀ।

ਸਲੀਮ ਦੀ ਮੁਸਕ੍ਰਾਹਟ ਨੇ ਅਨਾਰਕਲੀ ਦੇ ਹੋਠਾਂ ਤੇ ਭੀ ਸ਼ਰਮੀਲੀ ਮੁਸਕਾਨ ਦੀਆਂ ਲਹਿਰਾਂ ਪੈਦਾ ਕਰ ਦਿੱਤੀਆਂ।

ਸਲੀਮ ਨੇ ਹੌਲੀ ਹੌਲੀ ਆਪਣੇ ਹੱਥ ਅਨਾਰਕਲੀ ਦੇ ਗਲ ਵਿਚ ਪਾ ਕੇ ਉਸ ਨੂੰ ਆਪਣੇ ਵਲ ਖਿੱਚਿਆ। ਸਲੀਮ ਤਕੜੇ ਜੋਸ਼ ਨਾਲ ਬੋਲਿਆ-

'ਅਨਾਰਕਲੀ ! ਤੂੰ ਮੇਰੀ ਹੈਂ ਤੇ ਕੇਵਲ ਮੇਰੀ ਹੈਂ।'

ਅਨਾਰਕਲੀ ਕੁਝ ਲਜਾਈ, ਸਲੀਮ ਦੀਆਂ ਬਾਂਹਾਂ ਉਸ ਦੇ ਗਲ ਵਿਚ ਸਨ ਤੇ ਉਹ ਇਕ ਪਾਸੇ ਨੂੰ ਹੋ ਗਈ।

ਇਹ ਹਿਰਨੋਟਾ ਅਚਾਨਕ ਚੌਂਕ ਉਠਿਆ, ਜਿਵੇਂ ਕੋਈ ਬੁਰੇ ਸੁਪਨੇ ਤੋਂ ਚੌਂਕਿਆ ਹੋਵੇ। ਜਿਉਂ ਹੀ ਉਸ ਨੇ ਉਤਾਂਹ ਨੂੰ ਨਜ਼ਰ ਕੀਤੀ, ਉਸ ਦੇ ਮੋਟੇ ਮੋਟੇ ਨੈਣਾਂ ਵਿਚ ਦੋ ਵੱਡੀਆਂ ਬੂੰਦਾਂ, ਚੰਦ ਚਾਨਣੀ ਵਿਚ ਮੋਤੀਆਂ ਵਾਂਙੂ ਚਮਕ ਉਠੀਆਂ।

੩.

ਇਸ ਰਾਤ ਅਨਾਰਕਲੀ ਸੌਂ ਨਾ ਸਕੀ, ਉਸ ਦੀ ਕਿਸਮਤ ਦਾ ਸਤਾਰਾ ਚਮਕ ਉਠਿਆ ਸੀ, ਬੀਤੀ ਸ਼ਾਮ ਦੀ ਘਟਨਾ ਨੇ ਉਸ ਨੂੰ ਜਗਾਈ ਰਖਿਆ। ਸਲੀਮ ਦੀ ਪ੍ਰੇਮ-ਮਿਲਣੀ ਨੇ ਉਸਦੇ ਸਰੀਰ ਵਿਚ ਅਚਰਜ ਵਜਦ ਪੈਦਾ ਕਰ ਦਿੱਤਾ। ਉਹ ਇਕ ਨਵੀਂ ਵੀਚਾਰਧਾਰਾ ਵਿਚ ਮਗਨ ਤੇ ਖ਼ੁਸ਼ੀ ਦੀਆਂ ਲਹਿਰਾਂ ਦੀ ਲਪੇਟ ਵਿਚ ਸੀ।

ਸਲੀਮ ਨੇ ਉਸ ਨੂੰ ਕਿਵੇਂ ਬੁਲਾਇਆ ਸੀ? ਉਸ ਦੀ ਅਵਾਜ਼ ਵਿਚ ਕੈਸੀ ਮਿਠਾਸ ਸੀ? ਉਸ ਨੇ ਆਪਣੇ ਚਿਹਰੇ ਤੇ ਗੁਲਾਮੋਸ਼ ਲਾਲੀ ਛਾ ਜਾਣ ਨੂੰ ਕਿਵੇਂ ਮਹਿਸੂਸ ਕੀਤਾ? ਸਲੀਮ ਦੇ ਪਿਆਰ ਭਰੇ ਆਲਿੰਗਨ ਤੋਂ ਲੜਖੜਾ ਕੇ ਕਿਵੇਂ ਉਹ ਖਿਸਕ ਗਈ ਸੀ? ਦੋਹਾਂ ਦੀਆਂ ਕਿਵੇਂ ਅੱਖਾਂ ਚਾਰ ਹੋਈਆਂ? ਸਲੀਮ ਦੇ ਨੈਣ ਕਿਤਨੇ ਉਤਸ਼ਾਹ-ਪੂਰਣ ਸਨ? ਉਸ ਦੇ ਨੈਣਾਂ ਵਿਚੋਂ ਨਿੰਮਰਤਾ ਪੂਰਬਕ ਖਿਮਾਂ ਮੰਗਣ ਦੀ ਭਾਵਨਾ ਕਿਵੇਂ ਪ੍ਰਗਟ ਹੋ ਰਹੀ ਸੀ, ਜਿਸ ਨੇ ਉਸ ਨੂੰ ਬੇਬਸ ਕਰ ਦਿੱਤਾ?

ਹਾਇ ! ਫਿਰ ਕੀ ਹੋਇਆ? ਆਹ ! ਉਹ ਸੁਨਹਿਰੀ ਘੜੀ ! ਜਦੋਂ

ਦੋਵੇਂ ਅਚਾਨਕ ਮਿਲੇ ਸਾਂ। ਇਸ ਯਾਦ ਨਾਲ ਉਸ ਦੇ ਗੁਲਾਬੀ ਕਪੋਲ, ਗੁਲਾਬ ਦੇ ਫੁਲਾਂ ਵਾਂਙ ਮਲੂਮ ਦੇ ਰਹੇ ਸਨ। ਇਹੋ ਭਾਵ ਸੀ, ਜੋ ਉਸ ਦੇ ਸਰੀਰ ਵਿਚ ਗੁਪਤ ਤੌਰ ਤੇ ਕੰਮ ਕਰ ਰਿਹਾ ਸੀ। ਉਹ ਬਾਰ ਬਾਰ ਅਨੁਭਵ ਕਰਦੀ ਸੀ ਕਿ ਉਸ ਦਾ ਦਿਲ ਧੜਕ ਰਿਹਾ ਹੈ। ਇਨ੍ਹਾਂ ਵਿਚਾਰਾਂ ਨੇ ਉਸਦੇ ਦਿਮਾਗ ਤੇ ਪੂਰਾ ਕਾਬੂ ਪਾ ਰਖਿਆ ਸੀ, ਫਿਰ ਭਲਾ ਉਹ ਕਿਵੇਂ ਸੌਂ ਸਕਦੀ ਸੀ?

'ਪਿਆਰ ! ਹਾਂ ਇਹੋ, ਸਿਰਫ ਇਕੋ ਇਹੀ!'

ਰਾਜਕੁਮਾਰ ਨੇ ਉਸ ਨੂੰ ਪਿਆਰਿਆ, ਕੈਸੀਆਂ ਅਸਚਰਜ ਗੱਲ, ਉਹ ਚੰਗੀ ਤਰ੍ਹਾਂ ਸਮਝ ਨਾ ਸਕੀ, ਇਹ ਸਭ ਕੁਝ ਹੋਇਆ ਕਿਵੇਂ? ਕੀ ਉਹ ਸਚਮੁਚ ਬਹੁਤ ਸੁੰਦਰ ਸੀ? ਹਾਂ, ਉਸ ਨੂੰ ਯਕੀਨ ਹੋ ਗਿਆ ਕਿ ਉਹ ਜ਼ਰੂਰ ਸੁੰਦਰੀ ਹੈ। ਇਸ ਅਨੰਦਦਾਇਕ ਖਿਆਲ ਤੇ ਪਵਿੱਤਰ ਅਭਿਮਾਨ ਨੇ ਉਸ ਨੂੰ ਪਾਗਲ ਬਣਾ ਦਿੱਤਾ।

ਪ੍ਰੇਮ ਤੇ ਪ੍ਰਸੰਨਤਾ ਵਿਚ ਜ਼ਿੰਦਗੀ ਗੁਜ਼ਾਰਨਾ ਕਿਤਨਾ ਸੋਹਣਾ ਖਿਆਲ ਹੈ। ਇਕ ਛਿਨ ਵਿਚ ਉਸ ਦੇ ਸਾਹਮਣੇ ਭਵਿੱਖਤ ਦੇ ਖੁਸ਼ੀ-ਪੂਰਨ ਜੀਵਨ ਦਾ ਚਿਤ੍ਰ ਲੰਘ ਗਿਆ।

ਸਲੀਮ ਉਸ ਨੂੰ ਆਪਣੇ ਦਿੱਲ ਦੀ ਮਲਕਾ ਬਣਾਵੇਗਾ ਤੇ ਇਹ ਪ੍ਰੇਮ ਜਾਦੂ ਦੋਹਾਂ ਨੂੰ ਸਦਾ ਖੁਸ਼ੀ ਵਲ ਲੈ ਜਾਵੇਗਾ।

'ਆਹ ! ਉਹ ਸੁੰਦਰ ਘੜੀ ! ਰੱਬ ਕਰਕੇ ਛੇਤੀ ਆਵੇ।'

ਇਉਂ ਅਨਾਰਕਲੀ ਖਿਆਲਾਂ ਦੇ ਸਾਗਰ ਵਿਚ ਡੁਬਕੀਆਂ ਲੈ ਰਹੀ ਸੀ, ਖੁਸ਼ੀ ਦੇ ਤੂਫਾਨ ਨੇ ਉਸ ਨੂੰ ਘੇਰਿਆ ਹੋਇਆ ਸੀ।

ਉਹ ਬਾਰ ਬਾਰ ਇਨ੍ਹਾਂ ਗੱਲਾਂ ਤੇ ਹੀ ਸੋਚਦੀ ਤੇ ਹਰ ਵੇਰ ਨਵੇਂ ਅਨੰਦ ਦਾ ਅਨੁਭਵ ਕਰਦੀ ਤੇ ਖੁਸ਼ੀ ਨਾਲ ਆਪੇ ਤੋਂ ਬਾਹਰ ਹੋ ਜਾਂਦੀ।

ਸਲੀਮ ਨੇ ਵੀ ਇਸੇ ਵਿਆਕੁਲਤਾ ਨਾਲ ਰਾਤ ਗੁਜ਼ਾਰੀ। ਅਜੇ ਉਸ ਦੀ ਜੁਆਨੀ ਆਰੰਭ ਹੀ ਹੋਈ ਸੀ, ਪਰ ਉਸ ਨਾਲੋਂ ਵੱਧ ਹੋਰ ਕੌਣ ਪ੍ਰੇਮ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿਚ ਭੋਲੇ-ਪਣ ਦੇ ਨਾਲ ਨਾਲ ਜੁਆਨੀ ਦਾ ਜੋਸ਼ ਵੀ ਹੋਵੇ। ਇਸ ਉਮਰ ਦਾ ਪਿਆਰ ਅਸਚਰਜ ਤੇ ਪਵਿੱਤਰ ਹੁੰਦਾ ਹੈ। ਪ੍ਰੇਮ ਦੀ ਗਲੀ ਵਿਚ ਪੈਰ ਧਰਨ ਦਾ ਸਲੀਮ ਲਈ ਇਹ ਪਹਿਲਾ ਹੀ ਸਮਾਂ ਸੀ, ਅਨਾਰਕਲੀ ਤੋਂ ਪਹਿਲਾਂ ਉਸ ਦੀਆਂ ਅੱਖਾਂ ਹੋਰ ਕਿਤੇ ਦੋ ਚਾਰ ਨਹੀਂ ਸੀ ਹੋਈਆਂ। ਸਲੀਮ

ਅਨਾਰਕਲੀ ਦੇ ਸੁੰਦਰ ਨੈਣਾਂ, ਮਿਠੀ ਆਵਾਜ਼ ਤੇ ਗੁਲਾਬੀ ਕਪੋਲ ਤੇ ਉਸ ਦੇ ਪਿਆਰ ਦੀ ਯਾਦ ਵਿਚ ਗੜੂੰਦ ਸੀ। ਇਸੇ ਹੀ ਅਵਸਥਾ ਵਿਚ ਵਿਆਕੁਲ ਹੋਇਆ, ਉਹ ਸੌਂ ਗਿਆ।

੪.

ਕੁਝ ਦਿਨ ਸ਼ਾਹੀ-ਦਰਬਾਰ ਦਾ ਇਕ ਇਜਲਾਸ ਹੋਇਆ। ਅਕਬਰ, ਜੋ ਕਿ ਸੰਗੀਤ ਦਾ ਬੜਾ ਪ੍ਰੇਮੀ ਤੇ ਕਲਾ ਦੀ ਉਨਤੀ ਦਾ ਚਾਹਵਾਨ ਸੀ, ਆਮ ਤੌਰ ਤੇ ਸ਼ਾਮ ਸਮੇਂ ਹੀ ਗੀਤ ਗਾਣੇ ਸੁਣਿਆਂ ਕਰਦਾ ਸੀ। ਗਾਉਣ ਤੇ ਨੱਚਣ ਵਿਚ ਅਨਾਰਕਲੀ ਬੜੀ ਪ੍ਰਬੀਨ ਸੀ, ਇਸੇ ਲਈ ਅਕਬਰ ਭੀ ਉਸ ਦੀ ਦਿਲੋਂ ਕਦਰ ਕਰਦਾ ਸੀ। ਉਸ ਤੋਂ ਬਿਨਾਂ ਕੋਈ ਸੰਗੀਤ-ਸੰਮੇਲਨ ਪੂਰਨ ਨਹੀਂ ਸੀ ਸਮਝਿਆ ਜਾਂਦਾ। ਜਦੋਂ ਬਾਦਸ਼ਾਹ ਅਕਬਰ ਸ਼ਾਮ ਸਮੇਂ ਸ਼ਾਹੀ ਮਹੱਲਾਂ ਦੀਆਂ ਬੇਗਮਾਂ ਵਿਚ ਸਮਾਂ ਬਿਤਾਉਂਦਾ ਸੀ, ਤਾਂ ਅਨਾਰਕਲੀ ਨੂੰ ਉਸ ਦੇ ਸਾਹਮਣੇ ਜ਼ਰੂਰ ਗਾਉਣਾ ਨਚਣਾ ਪੈਂਦਾ ਸੀ।

ਅਜ ਸ਼ੀਸ਼ ਮਹਿਲ ਚਮਕਦੇ ਹੋਏ ਰੰਗ ਬਰੰਗੇ ਬਲੌਰ ਦੇ ਪ੍ਰਕਾਸ਼ ਨਾਲ ਜਗਮਗ ਕਰ ਉਠਿਆ ਸੀ। ਬੇ-ਗਿਣਤ ਸ਼ੀਸ਼ਿਆਂ ਤੇ ਉਨ੍ਹਾਂ ਦਾ ਅਕਸ ਪੈਣ ਨਾਲ ਜੜਾਊ ਗਹਿਣੇ ਵਾਂਙ ਚਮਕਦਾ ਪ੍ਰਤੀਤ ਹੋ ਰਿਹਾ ਸੀ। ਕੀਮਖਾਬ ਦੇ ਫਰਸ਼ ਤੇ ਅਕਬਰ ਬਿਰਾਜਮਾਨ ਸੀ ਤੇ ਸਾਰੀਆਂ ਬੇਗਮਾਂ, ਗਲੀਚਿਆਂ ਤੇ ਸਜੀਆਂ ਹੋਈਆਂ, ਆਪਣੀਆਂ ਆਪਣੀਆਂ ਗੱਦੀਆਂ ਤੇ ਬੈਠੀਆਂ ਸਨ। ਗਾਣਾ ਅਰੰਭ ਹੋ ਚੁਕਾ ਸੀ। ਕਈ ਗਾਉਣ ਵਾਲੀਆਂ ਸੁੰਦਰੀਆਂ ਨਚ ਗਾ ਚੁੱਕੀਆਂ ਸਨ ਤੇ ਹੁਣ ਅਨਾਰਕਲੀ ਦੇ ਗਾਉਣ ਦੀ ਵਾਰੀ ਆ ਗਈ। ਉਹ ਮਟਕ ਨਾਲ ਅੱਗੇ ਆਈ ਤੇ ਬਾਦਸ਼ਾਹ ਦੇ ਸਤਕਾਰ ਵਿਚ ਝੁਕੀ ਤੇ ਚੁਪ-ਚਾਪ ਖਲੋਤੀ ਰਹੀ।

ਅਨਾਰਕਲੀ ਨੇ ਅਨਾਰੀ ਰੰਗ ਦੇ ਸੁਨਹਿਰੀ ਤਿਲੇ ਨਾਲ ਕੱਢੇ ਬਸਤਰ ਪਹਿਨੇ ਹੋਏ ਸਨ। ਸੁਰਾਹੀ ਵਰਗੀ ਗਰਦਨ ਤੇ ਉਭਰੀ ਛਾਤੀ ਤੇ ਮੋਤੀ ਹੀ ਮੋਤੀ ਝਿਲਮਿਲ ਕਰ ਰਹੇ ਸਨ। ਅਜ ਤਕ ਕਿਸੇ ਉਸ ਨੂੰ ਅਜਿਹੇ ਚਟਕ ਮਟਕ ਵਾਲੇ ਕਪੜਿਆਂ ਤੇ ਐਸੀ ਅਦਾ ਵਿਚ ਨਹੀਂ ਸੀ ਤੱਕਿਆ। ਭਾਵੇਂ ਉਸ ਦੀ ਸੁੰਦਰਤਾ ਨੂੰ ਸ਼ਿੰਗਾਰ ਦੀ ਲੋੜ ਨਹੀਂ ਸੀ, ਪਰੰਤੂ ਉਸ ਸ਼ਾਮ ਤਮਾਮ ਜਵਾਹਰਾਂ ਤੇ ਸੁੰਦਰ ਬਸਤਰਾਂ ਨੇ ਉਸ ਦੀ ਜਗਮਗ ਕਰਦੀ ਸੁੰਦਰਤਾ ਦੀ ਅਗਨੀ ਨੂੰ ਹੋਰ ਪ੍ਰਜਵਲਤ ਕਰ ਦਿੱਤਾ ਸੀ।

ਅਕਬਰ ਨੇ ਅਨਾਰਕਲੀ ਵਲ ਮੁਸਕ੍ਰਾਹਟ-ਭਰੀ ਨਜ਼ਰ ਨਾਲ ਤੱਕਿਆ ਤੇ ਆਖਿਆ, 'ਪੂਰਨ ਚੰਨ ਨੂੰ ਛੋਟੇ ਛੋਟੇ ਚਮਕਦਾਰ ਸਿਤਾਰਿਆਂ ਤੇ ਫਤੇ ਪਾਉਣ ਲਈ ਹੋਰ ਮੱਦਦ ਦੀ ਜ਼ਰੂਰਤ ਨਹੀਂ ਪੈਂਦੀ, ਹੇ ਸੁੰਦਰ ਕੰਨਿਆ! ਫਿਰ ਤੂੰ ਇਹ ਚਟਕੀਲੇ ਬਸਤਰ ਕਿਸ ਲਈ ਪਹਿਨੇ ਹਨ?'

ਅਨਾਰਕਲੀ ਦੇ ਚਿਹਰੇ ਤੇ ਇਕ ਹਲਕੀ ਜਿਹੀ ਲੱਜਾ ਦੀ ਲਹਿਰ ਦੌੜ ਗਈ, ਉਹ ਉਨ੍ਹਾਂ ਸਾਰੀਆਂ ਗੱਲਾਂ ਨੂੰ ਜੋ ਉਸ ਦੇ ਦਿਲ ਵਿਚ ਸਨ, ਕਿਵੇਂ ਪ੍ਰਗਟ ਕਰ ਸਕਦੀ ਸੀ? ਸਲੀਮ ਉਥੇ ਹੀ ਬੈਠਾ ਸੀ, ਫਿਰ ਕਿਉਂ ਨਾ ਉਹ ਚੰਗੇ ਤੋਂ ਚੰਗੇ ਬਸਤਰ ਪਹਿਨ ਕੇ ਆਉਂਦੀ?

ਸਾਰੰਗੀ ਦੀਆਂ ਮੱਧਮ ਸੁਰਾਂ ਨੇ ਮਹੱਲ ਵਿਚ ਇਕ ਅਨੋਖਾ ਰੰਗ ਬੰਨ੍ਹ ਛੱਡਿਆ ਸੀ। ਅਨਾਰਕਲੀ ਖਲੋਤੀ ਸੁਣ ਰਹੀ ਸੀ। ਉਸ ਨੇ ਵਾਜੇ ਵਾਲੇ ਵਲ ਸਿਰ ਹਿਲਾ ਕੇ ਚੁਪ ਹੋ ਜਾਣ ਦਾ ਇਸ਼ਾਰਾ ਕੀਤਾ ਤੇ ਆਪ ਅਗੇ ਹੋ ਕੇ ਆਪਣੇ ਸੱਜੇ ਪੈਰ ਦੀ ਥਾਪ ਸ਼ੁਰੂ ਕੀਤੀ। ਸੋਨੇ ਦੀਆਂ ਪੰਜ਼ੇਬਾਂ ਦੇ ਘੁੰਗਰੂਆਂ ਦੀ ਝਨਕਾਰ ਨੇ ਉਸ ਖਾਮੋਸ਼ੀ ਵਿਚ ਇਕ ਲਹਿਰ ਪੈਦਾ ਕਰ ਦਿੱਤੀ। ਹੌਲੀ ਦੇ ਕੇ ਉਸ ਪੈਰ ਨੂੰ ਹੋਰ ਹਰਕਤ ਵਿਚ ਲਿਆਂਦਾ, ਫਿਰ ਉਹੋ ਛਨ ਛਨ ਦੀ ਧੁਨੀ ਪੈਦਾ ਹੋਈ ਤੇ ਸਾਰੰਗੀ ਦੀਆਂ ਸੁਰਾਂ ਵਿਚ ਹੀ ਲੈ ਹੋ ਗਈ। ਅਨਾਰਕਲੀ ਨੇ ਹੁਣ ਬਹੁਤ ਹੌਲੀ ਤੇ ਬਾਰੀਕ ਆਵਾਜ਼ ਨਾਲ ਗਾਉਣਾ ਸ਼ੁਰੂ ਕੀਤਾ, ਇਹ ਮੱਧਮ ਆਵਾਜ਼ ਵਾਜਿਆਂ ਦੀ ਆਵਾਜ਼ ਵਿਚ ਹੀ ਘੁਲ-ਮਿਲ ਗਈ। ਅਨਾਰਕਲੀ ਦੀ ਆਵਾਜ਼ ਕਦੀ ਤਾਂ ਇਤਨੀ ਧੀਮੀ ਹੁੰਦੀ ਸੀ ਕਿ ਕੇਵਲ ਉਸਦੇ ਹਿਲਦੇ ਬੁਲ੍ਹਾਂ ਤੋਂ ਹੀ ਪਤਾ ਲਗਦਾ ਸੀ ਕਿ ਉਹ ਗਾ ਰਹੀ ਹੈ। ਧੀਰੇ ਧੀਰੇ ਆਵਾਜ਼ ਸਾਫ ਹੁੰਦੀ ਜਾ ਰਹੀ ਸੀ, ਇਉਂ ਮਾਲੂਮ ਹੁੰਦਾ ਸੀ ਕਿ ਕੋਈ ਮਿਠ-ਬੋਲੜਾ ਪੰਛੀ, ਚਾਨਣੀ ਰਾਤ ਵਿਚ ਮਸਤ ਹੋ ਕੇ ਕੋਈ ਰਾਗ ਛੇੜ ਰਿਹਾ ਹੈ।

ਉਸ ਸ਼ਾਮ ਗਾਉਂਦਿਆਂ ਹੋਇਆਂ ਅਨਾਰਕਲੀ ਦੇ ਦਿਲ ਵਿਚ ਇਕ ਖਾਸ ਖੁਸ਼ੀ ਦੀ ਲਹਿਰ ਉਠ ਰਹੀ ਸੀ। ਉਸ ਨੂੰ ਪ੍ਰਤੀਤ ਹੋ ਰਿਹਾ ਸੀ ਕਿ ਉਹ ਸਚਮੁਚ ਕੋਈ ਸੁਪਨਾ ਤਕ ਰਹੀ ਹੈ। ਦਰਅਸਲ ਇਹ 'ਪ੍ਰੇਮ' ਹੀ ਸੀ, ਜੋ ਉਸਦੇ ਰੋਮ ਰੋਮ ਵਿਚ ਰਮ ਰਿਹਾ ਸੀ। ਉਸ ਨੇ ਰੀਝ ਤੇ ਨੀਝ ਨਾਲ ਆਪਣੇ ਚਹੁੰਈਂ ਪਾਸੀਂ ਤੱਕਿਆ।

ਸਲੀਮ ਨਾਲ ਅੱਖੀਆਂ ਚਾਰ ਹੋਈਆਂ। ਉਹ ਭੀ ਇਸ ਵਲ ਤਕ ਰਿਹਾ

ਸੀ। ਉਸ ਦੀਆਂ ਮੋਟੀਆਂ ਮੋਟੀਆਂ ਸੁੰਦਰ ਅੱਖਾਂ ਵਿਚ ਚਾਅ ਉਛਲ ਰਿਹਾ ਸੀ। ਚੋਰੀ ਮਿਲਣ ਦੀ ਯਾਦ ਅਨਾਰਕਲੀ ਨੂੰ ਯਾਦ ਆ ਗਈ ਤੇ ਉਸਦਾ ਚਿਹਰਾ ਖੁਸ਼ੀ ਨਾਲ ਮਚਲ ਉਠਿਆ। ਸਲੀਮ ਤਾਂ ਟਿਕਟਿਕੀ ਬੰਨ੍ਹੀ ਮੂਰਤੀ ਬਣਿਆ ਬੈਠਾ ਸੀ। ਉਹ ਸੋਚਣ ਲਗਾ ਅਨਾਰਕਲੀ ਦੀਆਂ ਅੱਖਾਂ ਵਿਚ ਕੈਸੀ ਸੁੰਦਰਤਾ ਤੇ ਪ੍ਰੀਤ ਭਰੀ ਹੋਈ ਹੈ। ਅਨਾਰਕਲੀ ਗਾਉਣ ਲੱਗੀ-

"ਮਨ ਤੋ ਸ਼ੁਦਮ ਤੋ ਮਨ ਸ਼ੁਦੀ, ਮਨ ਤਨ ਸ਼ੁਦਮ ਤੋ ਜਾਂ ਸ਼ੁਦੀ।
ਤਾ ਕਿਸ ਨ ਗੋਯਦ ਬਾਦ ਅਜ਼ੀਂ, ਮਨ ਦੀਗਰਮ ਤੋਂ ਦੀਗਰੀ।"

ਗੀਤ ਦੇ ਇਹ ਸ਼ਬਦ ਕਿਸੇ ਅਜੇਹੇ ਭਾਵ ਨੂੰ ਪ੍ਰਗਟ ਕਰ ਰਹੇ ਸਨ, ਜਿਸ ਨੂੰ ਉਸ ਕਦੀ ਪਹਿਲੇ ਅਨੁਭਵ ਹੀ ਨਹੀਂ ਸੀ ਕੀਤਾ। ਪ੍ਰੇਮ ਸਾਗਰ ਵਿਚ ਟੁਭੀ ਲਾ ਕੇ ਆਪਣੇ ਪ੍ਰੇਮੀ ਦੇ ਸਾਹਮਣੇ ਗਾਉਣਾ ਤੇ ਫਿਰ ਉਨ੍ਹਾਂ ਰਾਗਣੀਆਂ ਦਾ ਗਾਉਣਾ, ਜਿਨ੍ਹਾਂ ਦੇ ਭਾਵ ਉਸ ਦੇ ਦਿਲ ਵਿਚ ਸਮਾਏ ਹੋਏ ਸਨ, ਕੈਸਾ ਨਸ਼ਾ ਹੈ ਇਸ ਵਿਚ ਉਹ ਸਭੋ ਕੁਝ ਭੁਲ ਗਈ। ਉਸ ਨੂੰ ਇਹ ਵੀ ਪੱਤਾ ਨਾ ਰਿਹਾ ਕਿ ਉਹ ਬਾਦਸ਼ਾਹ ਅਕਬਰ ਦੇ ਸਾਹਮਣੇ ਗਾ ਰਹੀ ਹੈ। ਉਸ ਨੂੰ ਸਿਰਫ ਇਕੋ ਗੱਲ ਦਾ ਗਿਆਨ ਸੀ- ਉਸ ਨੂੰ ਇਉਂ ਮਾਲੂਮ ਦੇ ਰਿਹਾ ਸੀ ਕਿ ਸਿਰਫ ਦੋ ਹੀ ਪ੍ਰਾਣੀ ਇਥੇ ਹਨ- ਇਕ ਉਹ ਆਪ ਤੇ ਇਕ ਉਸ ਦਾ ਪ੍ਰੇਮੀ। ਉਹ ਨੱਚ ਗਾ ਰਹੀ ਸੀ, ਪਰ ਉਸ ਦੀਆਂ ਅੱਖਾਂ ਸਲੀਮ ਵਲ ਲਗੀਆਂ ਹੋਈਆਂ ਸਨ। ਉਸ ਦੇ ਨੈਣਾਂ ਦੀ ਪ੍ਰੀਤ-ਤੱਕਣੀ ਉਸ ਦੀ ਸੁਹੱਪਣ ਨੂੰ ਹੋਰ ਜਗਮਗਾ ਰਹੀ ਸੀ। ਇਸੇ ਸਮੇਂ ਇਕ ਜ਼ੋਰ ਦੀ ਆਵਾਜ਼ ਆਈ। ਇਹ ਅਕਬਰ ਦੀ ਆਵਾਜ਼ ਸੀ, ਜਿਸ ਨੇ ਸਭ ਗੀਤ ਗਾਣਾ ਬੰਦ ਕਰਾ ਦਿੱਤਾ। ਚਾਰੇ ਪਾਸੇ ਡਰ ਤੇ ਸੁੰਨਸਾਨ ਛਾ ਗਿਆ।

ਅਕਬਰ ਇਕ ਦਮ ਗੁੱਸੇ ਵਿਚ ਆ ਗਿਆ। ਭੌਹਾਂ ਤਣ ਗਈਆਂ ਤੇ ਅੱਖਾਂ ਲਾਲ ਹੋ ਗਈਆਂ। ਉਹ ਕਾਫੀ ਚਿਰ ਦਾ ਸ਼ੀਸ਼ਿਆਂ ਦੇ ਅਕਸ ਵਿਚ ਦੋਹਾਂ ਪ੍ਰੇਮੀਆਂ ਦੇ ਖਾਮੋਸ਼ ਇਸ਼ਾਰਿਆਂ ਨੂੰ ਦੇਖ ਰਿਹਾ ਸੀ ਤੇ ਸ਼ੀਸ਼ੇ ਰਾਹੀਂ ਹੀ ਦੋਹਾਂ ਦੇ ਵਿਚਾਰਾਂ ਨੂੰ ਪੜ੍ਹਨ ਦੇ ਧਿਆਨ ਵਿਚ ਲਗਾ ਹੋਇਆ ਸੀ। ਦੋਹਾਂ ਦੀਆਂ ਅੱਖਾਂ ਮਿਲਣੀਆਂ ਇਤਨੀਆਂ ਭਾਵ-ਪੂਰਤ ਸਨ ਕਿ ਅਕਬਰ ਨੂੰ ਦੋਹਾਂ ਦੇ ਦਿਲੀ ਭਾਵ ਸਪਸ਼ਟ ਨਜ਼ਰ ਆ ਰਹੇ ਸਨ।

ਬਿਨਾਂ ਕਿਸੇ ਸੰਸੇ ਦੇ ਉਹਨਾਂ ਦੋਹਾਂ ਦੇ ਦਰਮਿਆਨ ਇਸ ਕਿਸਮ ਦਾ ਗੂੜ੍ਹਾ

ਸਬੰਧ ਸੀ, ਜਿਸ ਤੋਂ ਅਕਬਰ ਅਗੇ ਅਨਜਾਣ ਸੀ। ਉਹ ਬਰਾਬਰ ਦੋਹਾਂ ਨੂੰ ਤਾੜ ਰਿਹਾ ਸੀ। ਹਰ ਤੱਕਣੀ ਉਸ ਦੇ ਸੰਸੇ ਨੂੰ ਵਧਾ ਰਹੀ ਸੀ। ਜਦੋਂ ਉਸ ਅਨਾਰਕਲੀ ਨੂੰ ਮੁਸਕ੍ਰਾਉਂਦਿਆਂ ਤੱਕਿਆ ਤੇ ਮੁਸਕਾਨ ਦਾ ਉਤਰ ਸਲੀਮ ਵਲੋਂ ਵੀ ਦਿੱਤਾ ਗਿਆ ਤਾਂ ਬਾਦਸ਼ਾਹ ਨੂੰ ਪੂਰਾ ਯਕੀਨ ਹੋ ਗਿਆ ਕਿ ਅਨਾਰਕਲੀ ਸਲੀਮ ਨੂੰ ਆਪਣੀ ਜੁਆਨੀ ਦੀ ਫਾਹੀ ਵਿਚ ਫਸਾਉਣ ਦਾ ਯਤਨ ਕਰ ਰਹੀ ਹੈ।

ਭਾਵੇਂ ਅਕਬਰ ਬੜਾ ਅਡੋਲ ਸੁਭਾ ਦਾ ਤੇ ਧੀਰਜਵਾਨ ਸੀ, ਪਰ ਇਸ ਸਮੇਂ ਉਹ ਆਪਣਾ ਧੀਰਜ ਕਾਇਮ ਨਾ ਰੱਖ ਸਕਿਆ। ਕੀ ਸਲੀਮ ਉਸ ਦਾ ਪੁੱਤਰ ਹੁੰਦਾ ਹੋਇਆ ਤੇ ਜਾਨਸ਼ੀਨ ਹੁੰਦਾ ਹੋਇਆ ਇਕ ਗੋਲੀ ਦੀ ਲੜਕੀ ਨਾਲ ਪਿਆਰ ਕਰੇਗਾ? ਉਸ ਉੱਚੀ ਆਵਾਜ਼ ਨਾਲ ਸ਼ਹਿਰੋਂ ਦੇ ਚਲੋਗੇ ਨੂੰ ਸੱਦ ਕੇ ਉਂਗਲੀ ਨਾਲ ਅਨਾਰਕਲੀ ਵਲ ਇਸ਼ਾਰਾ ਕਰਕੇ ਕਿਹਾ, 'ਇਸ ਮੁਟਿਆਰ ਨੂੰ ਇਥੋਂ ਲੈ ਜਾਓ ਤੇ ਸ਼ਾਹੀ ਮਹੱਲਾਂ ਦੇ ਕੈਦਖਾਨੇ ਵਿਚ ਬੰਦ ਕਰ ਦਿਓ ਜਿਸ ਕਰਕੇ ਉਨ੍ਹਾਂ ਸਾਰੀਆਂ ਨੀਚ ਜਾਤ ਦੀਆਂ ਇਸਤ੍ਰੀਆਂ ਨੂੰ ਨਸੀਹਤ ਮਿਲੇ ਕਿ ਉਹ ਅਕਾਰਣ ਬਿਨਾਂ ਲੋੜ ਤੋਂ ਇਸ ਤਰ੍ਹਾਂ ਦਾ ਬਣਾਉ ਤੇ ਸ਼ਿੰਗਾਰ ਨਾ ਕਰਨ।'

ਅਕਬਰ ਦੇ ਸ਼ਬਦ ਰਾਜ ਮਹਿਲ ਦੇ ਵਾਯੂ ਮੰਡਲ ਵਿਚ ਗੂੰਜ ਰਹੇ ਸਨ ਤੇ ਸਾਰੇ ਜਲਸੇ ਵਿਚ ਸੱਨਾਟਾ ਛਾਇਆ ਹੋਇਆ ਸੀ।

ਅਨਾਰਕਲੀ ਅਕਬਰ ਦੇ ਚਿਹਰੇ ਵਲ ਹੈਰਾਨੀ ਨਾਲ ਤੱਕ ਰਹੀ ਸੀ, ਜਦੋਂ ਉਸ ਅਕਬਰ ਦੀ ਉਂਗਲੀ ਆਪਣੇ ਵਲ ਉੱਠੀ ਤੱਕੀ ਤਾਂ ਉਸ ਦੇ ਸਰੀਰ ਵਿਚ ਇਕ ਡਰ ਦੀ ਲਹਿਰ ਦੌੜ ਗਈ। ਸ਼ਹਿਨਸ਼ਾਹ ਦੇ ਇਸ ਹੁਕਮ ਦਾ ਕੀ ਮਤਲਬ? ਉਸ ਨੇ ਆਪਣੇ ਦਿਲ ਤੋਂ ਪੁਛਿਆ, ਕੀ ਇਹ ਮੇਰੇ ਲਈ ਹੀ ਹੁਕਮ ਹੋਇਆ ਹੈ? ਪਰ ਉਹ ਕਿਸ ਨੂੰ ਪੁੱਛੇ? ਉਸ ਇਕ ਭਿਆਨਕ ਆਵਾਜ਼ ਸੁਣੀ। ਉਸ ਦਾ ਸਿਰ ਝੁਕ ਗਿਆ, ਨੈਣਾਂ ਦੀ ਜੋਤ ਜਾਂਦੀ ਰਹੀ। ਜੋ ਕੁਛ ਵੀ ਉਸ ਸੁਣਿਆਂ ਸੀ, ਉਸ ਨੂੰ ਪੂਰੀ ਤਰ੍ਹਾਂ ਸਮਝ ਨਾ ਆ ਸਕੀ। ਅਚਾਨਕ ਉਸ ਨੂੰ ਪਤਾ ਲਗਾ, ਉਸ ਦੇ ਹੱਥ ਨੂੰ ਕਿਸੇ ਨੇ ਛੋਹਿਆ। ਇਹ ਇਕ ਖੋਜਾ ਸੀ, ਜੋ ਉਸ ਨੂੰ ਕੈਦਖਾਨੇ ਵਲ ਲਿਜਾਣ ਲਈ ਅਇਆ ਸੀ। ਉਸ ਦੇ ਚਿਹਰੇ ਤੇ ਅੱਖਾਂ ਤੋਂ ਸ਼ੱਕ ਤੇ ਵਿਆਕੁਲਤਾ ਪ੍ਰਗਟ ਹੋ ਰਹੀ ਸੀ। ਪਾਗਲਾਂ ਵਾਂਙ ਉਸ ਫੜਨ ਵਾਲੇ ਤੋਂ ਆਪਣੇ ਆਪ ਨੂੰ ਛੁਡਾ ਲਿਆ ਤੇ ਅਕਬਰ ਦੇ ਪੈਰਾਂ ਤੇ ਡਿਗ ਪਈ। ਪਤਝੜ ਦੇ ਟੁਟੇ ਤੇ ਦਲੇ ਮਲੇ ਹੋਏ ਫੁਲ ਵਾਂਙ ਉਹ ਉਥੇ ਪਈ ਰਹੀ। ਅਨ੍ਹੇਰਾ! ਐਸਾ ਅਨ੍ਹੇਰਾ

ਜੋ ਕਿਸੇ ਜਗਦੇ ਦੀਵੇ ਦੇ ਬੁਝ ਜਾਣ ਨਾਲ ਬਹੁਤ ਜ਼ਿਆਦਾ ਫੈਲ ਜਾਂਦਾ ਹੈ। ਐਸਾ ਸੱਨਾਟਾ, ਜਿਸ ਵਿਚ ਮੱਖੀਆਂ ਦੇ ਖੰਭਾਂ ਦੀ ਆਵਾਜ਼ ਵੀ ਸੁਣਾਈ ਨਹੀਂ ਦੇਂਦੀ। ਬੜਾ ਡਰਾਉਣਾ ਨਜ਼ਾਰਾ ਸੀ। ਦੀਵਾ ਬੁੱਝ ਚੁੱਕਾ ਸੀ, ਇਸ ਅੰਧੇਰ ਭਰੀ ਸੁੰਨਸਾਨ ਵਿਚ ਅਨਾਰਕਲੀ ਨੂੰ ਹੋਸ਼ ਆਈ।

ਅੱਖਾਂ ਪਾੜ ਕੇ ਉਸ ਨੇ ਤੱਕਣਾ ਸ਼ੁਰੂ ਕੀਤਾ ਤੇ ਵੀਚਾਰ ਸਾਗਰ ਵਿਚ ਡੁਬ ਗਈ। ਉਸ ਨੂੰ ਹਰ ਚੀਜ਼ ਅਨ੍ਹੇਰਾ ਮਾਲੂਮ ਦੇ ਰਹੀ ਸੀ। ਅਚਾਨਕ ਫਿਰ ਉਹੋ ਲਹੂ ਯਖ ਕਰਨ ਵਾਲੀ ਯਾਦ ਉਸ ਦੇ ਦਿਮਾਗ ਵਿਚ ਆਈ। ਆਹ ! ਕੈਸੇ ਡਰ ਦਾ ਸਾਹਮਣਾ ਸੀ। ਉਹ ਕੈਦੀ ਦੀ ਅਵਸਥਾ ਵਿਚ ਮੌਤ ਦੇ ਮਿਹਮਾਨ ਦੇ ਤੌਰ ਤੇ ਪੱਥਰ ਦੇ ਫਰਸ਼ ਤੇ ਡਿਗੀ ਪਈ ਸੀ। ਉਸ ਦਾ ਦਿਲ ਖੜੋ ਗਿਆ, ਜਦ ਉਸ ਨੂੰ ਪਤਾ ਲੱਗਾ ਕਿ ਉਹ ਸਵੇਰੇ ਮੌਤ ਨਾਲ ਗਲਵੱਕੜੀ ਪਾਉਣ ਵਾਲੀ ਹੈ। ਕੁਛ ਘੰਟਿਆਂ ਬਾਅਦ ਉਸ ਦਾ ਖੁਸ਼ੀ-ਭਰਿਆ ਜੀਵਨ ਖਤਮ ਹੋ ਜਾਵੇਗਾ।

ਹਰ ਚੀਜ਼ ਦਾ ਅੰਤ ਕਰਨ ਵਾਲੀ ਮੌਤ ਹਰ ਛਿਨ ਉਸ ਦੇ ਵਧੀਕ ਨੇੜੇ ਹੁੰਦੀ ਜਾਂਦੀ ਸੀ। ਉਹ ਕੰਬ ਰਹੀ ਸੀ ਤੇ ਬੇਅੰਤ ਮਾਯੂਸੀ ਦੀ ਹਾਲਤ ਵਿਚ ਹੱਥ ਮਲ ਰਹੀ ਸੀ। ਆਹ ! ਹਾਇ ! ਭਿਆਨਕ ਮੌਤ ! ਮੌਤ ਦੀ ਉਡੀਕ ਵਿਚ ਰਹਿਣਾ ਤੇ ਮੌਤ ਆਉਣ ਦੀਆਂ ਘੜੀਆਂ ਨੂੰ ਗਿਣਨਾ ਖੁਦ-ਬ-ਖੁਦ ਮੌਤ ਨਾਲੋਂ ਹਜ਼ਾਰ ਗੁਣਾਂ ਦੁਖਦਾਈ ਹੈ।

ਅਨਾਰਕਲੀ ਬੈਠੀ ਹੋਈ ਸੀ ਤੇ ਉਸ ਦੇ ਸਿਰ ਨੂੰ ਚੱਕਰ ਆ ਰਹੇ ਸਨ। ਉਹ ਨੀਵੇਂ ਉਚੇ ਫਰਸ਼ ਤੇ ਜ਼ਖਮੀ ਵਾਂਙ ਸਿਰ ਪਰਨੇ ਡਿਗ ਪਈ ਤੇ ਦਿਲ ਦੇ ਜ਼ਖਮ ਦੀ ਪੀੜ ਨਾਲ ਰੋਣ ਲਗੀ। ਉਥੇ ਉਸ ਨੂੰ ਕੋਈ ਬਰਾਉਣ ਵਾਲਾ ਨਹੀਂ ਸੀ। ਸਲੀਮ, ਜਿਸ ਲਈ ਉਸ ਨੂੰ ਭਿਆਨਕ ਮੌਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸਲੀਮ ਕਿਥੇ ਸੀ? ਸਲੀਮ ਦਾ ਵਿਚਾਰ ਆਉਂਦਿਆਂ ਹੀ ਉਹ ਲੰਮੇ ਲੰਮੇ ਹਉਕੇ ਭਰ ਕੇ ਰੋਣ ਲਗ ਪਈ ਤੇ ਇਤਨਾ ਰੋਈ ਕਿ ਇਸ ਤੋਂ ਵੱਧ ਉਸ ਲਈ ਹੋਰ ਰੋਣਾ ਸੰਭਵ ਨਹੀਂ ਸੀ। ਜਦੋਂ ਉਸ ਦੀਆਂ ਸਿਸਕੀਆਂ ਬੰਦ ਹੋ ਗਈਆਂ, ਹੋਸ਼ ਆਈ, ਉਸ ਸ਼ਾਂਤੀ ਨਾਲ ਸੋਚਣਾ ਆਰੰਭ ਕੀਤਾ। ਉਸ ਦਾ ਦਿਲ ਫਿਰ ਉਸ ਨੂੰ ਉਹਨਾਂ ਘਟਨਾਵਾਂ ਵਲ ਹੀ ਲੈ ਟੁਰਿਆ, ਜੋ ਉਸ ਦੀ ਮੌਤ ਦਾ ਕਾਰਨ ਬਣਨ ਵਾਲੀਆਂ ਸਨ। ਉਹ ਸੋਚਣ ਲਗੀ ਕਿ ਉਸ ਅਜਿਹਾ ਕੇਹੜਾ ਕਸੂਰ ਕੀਤਾ, ਜਿਸ ਕਰਕੇ ਉਹ ਇਸ ਸਜ਼ਾ ਦੇ ਯੋਗ ਠਹਿਰਾਈ ਗਈ। ਉਸ ਕੇਵਲ

ਸ਼ਹਿਜ਼ਾਦੇ ਨਾਲ ਪਿਆਰ ਕੀਤਾ, ਪਰ ਕੀ ਇਹ ਕੋਈ ਬੁਰਾ ਕੰਮ ਸੀ? ਪਾਪ ਹੈ ਸੀ? ਉਸ ਨੂੰ ਇਸ ਗੱਲ ਦਾ ਯਕੀਨ ਨਾ ਹੋ ਸਕਿਆ ਕਿ ਉਸ ਜ਼ਰੂਰ ਕੋਈ ਮਾੜਾ ਕੰਮ ਹੀ ਕੀਤਾ ਹੈ।

"ਯਾ ਰੱਬਾ ! ਤੂੰ ਐਸੀ ਆਸ਼ਾ ਨੂੰ ਹੀ ਕਿਉਂ ਪੈਦਾ ਕੀਤਾ, ਜੋ ਪੂਰੀ ਨਹੀਂ ਹੋਣੀ ਸੀ, ਆਹ ! ਕਿਸ ਲਈ ਇਹ ਸਭ ਕੁਝ, ਕਿਸ ਲਈ?"

ਕੋਈ ਚੀਜ਼ ਐਸੀ ਨਹੀਂ ਸੀ, ਜੋ ਉਸ ਨੂੰ ਸ਼ਾਂਤੀ ਦੇ ਸਕਦੀ। ਕੋਈ ਪਦਾਰਥ ਐਸਾ ਨਹੀਂ ਸੀ, ਜੋ ਉਸ ਦਾ ਡਰ ਦੂਰ ਕਰ ਸਕਦਾ। ਉਸ ਦਾ ਪਿਆਰ ਸਲੀਮ ਵਲ ਗਿਆ। ਕੀ ਉਹ ਮੇਰੇ ਲਈ ਕੁਛ ਵੀ ਨਹੀਂ ਕਰ ਸਕਦਾ? ਫਿਰ ਹੋਰ ਖਿਆਲ ਆਇਆ ਕਿ ਅਸਲ ਵਿਚ ਸ਼ਹਿਜ਼ਾਦੇ ਦਾ ਮੇਰੇ ਨਾਲ ਪਿਆਰ ਹੈ? ਯਾ ਸ਼ਹਿਜ਼ਾਦੇ ਦਾ ਪਿਆਰ ਆਮ ਖਿਆਲਾਂ ਵਾਂਙ ਸੀ, ਜਿਸ ਨੂੰ ਮਨੁੱਖ ਹਰ ਛਿਨ ਭੁਲਾਉਂਦਾ ਰਹਿੰਦਾ ਹੈ। ਇਹ ਵਿਚਾਰ ਮੌਤ ਨਾਲੋਂ ਵੀ ਵੱਧ ਦੁੱਖਦਾਈ ਸੀ। ਇਸ ਬੇ-ਭਰੋਸਗੀ ਵਿਚ ਮੌਤ ਵਰਗੀ ਕੁੜੱਤਣ ਸੀ। ਉਸੇ ਵੇਲੇ ਉਸ ਕਿਸੇ ਦੇ ਪੈਰਾਂ ਦੀ ਆਵਾਜ਼ ਸੁਣੀ। ਦਰ ਖੁਲ੍ਹਿਆ, ਇਕ ਸੰਤਰੀ ਹੱਥ ਵਿਚ ਮਿਸਾਲ ਲਈ ਅਨਾਰਕਲੀ ਦੀ ਕੋਠੜੀ ਵਿਚ ਆਇਆ। ਉਸ ਦੇ ਪਿਛੇ ਇਕ ਹੋਰ ਮਨੁੱਖ ਵੀ ਆਇਆ, ਇਹ ਸਲੀਮ ਸੀ।

ਅਨਾਰਕਲੀ ਨੇ ਅੱਖ ਉਠਾ ਕੇ ਤੱਕਿਆ, ਸਲੀਮ ਉਸ ਪਾਸ ਖੜਾ ਸੀ। ਫੌਰਨ ਉਸ ਦੇ ਮੂੰਹੋਂ ਚੀਕ ਨਿਕਲ ਗਈ। ਕੋਈ ਇਕ ਛਿਨ ਬਾਅਦ ਦੋਵੇਂ ਇਕ ਦੂਜੇ ਨਾਲ ਲਿਪਟ ਗਏ। ਸੰਤਰੀ ਮਸਾਲ ਨੂੰ ਇਕ ਕੋਨੇ ਵਿਚ ਰਖ ਕੇ ਚਲਾ ਗਿਆ।

ਅਨਾਰਕਲੀ ਤੇ ਸਲੀਮ ਦੋਵੇਂ ਇਕਾਂਤ ਵਿਚ ਰੋਂਦੇ ਰਹੇ। ਕਾਫੀ ਸਮੇਂ ਬਾਅਦ ਫਿਰ ਗੱਲ ਬਾਤ ਕਰਨ ਲਗੇ।

ਸਲੀਮ ਨੇ ਹੌਲੀ ਜਿਹੀ ਆਖਿਆ, 'ਅਨਾਰਕਲੀ ! ਮੇਰੀ ਮਰਜ਼ੀ ਹੈ, ਮੈਂ ਤੈਨੂੰ ਬਚਾ ਸਕਦਾ ਹਾਂ, ਤੂੰ ਮੇਰੇ ਪਿਛੇ ਪਿਛੇ ਚਲੀ ਆ।'

ਅਨਾਰਕਲੀ ਨੇ ਸਲੀਮ ਵਲ ਤੱਕਿਆ।

ਸਲੀਮ ਨੇ ਕਿਹਾ- 'ਮੈਂ ਸਵਾਰੀ ਲਈ ਦੋ ਘੋੜਿਆਂ ਦਾ ਪ੍ਰਬੰਧ ਕਰ ਲਿਆ ਹੈ। ਤੜਕਾ ਹੁੰਦੇ ਨੂੰ ਅਸੀਂ ਕਈ ਕੋਹ ਦੂਰ ਨਿਕਲ ਜਾਵਾਂਗੇ। ਅਸੀਂ ਅਜੇਹਾ ਭੇਸ ਬਦਲ ਲਵਾਂਗੇ ਕਿ ਕੋਈ ਵੀ ਸਾਨੂੰ ਪਛਾਣ ਨਾ ਸਕੇਗਾ।'

ਅਨਾਰਕਲੀ ਨੇ ਦੁਖ-ਭਰੇ ਲਹਿਜ਼ੇ ਵਿਚ ਕਿਹਾ, 'ਸਾਡਾ ਪਿਛਾ ਜ਼ਰੂਰ ਕੀਤਾ ਜਾਵੇਗਾ ਤੇ ਪਕੜੇ ਵੀ ਜਾਵਾਂਗੇ। ਮੇਰੇ ਲਈ ਤੁਸੀਂ ਆਪਣੀ ਜਾਨ ਕਿਉਂ ਖਤਰੇ ਵਿਚ ਪਾਂਦੇ ਹੋ?"

'ਮੇਰੀ ਪਿਆਰੀ! ਮੇਰੇ ਸਾਥੀ ਅਜੇਹੇ ਹਨ ਜੋ ਸਾਡਾ ਪਿੱਛਾ ਕਰਨ ਵਾਲੇ ਨੂੰ ਉਲਟਾ ਪਤਾ ਦਸਣਗੇ। ਸਾਡੇ ਘੋੜਿਆਂ ਦੇ ਸੁੰਮਾਂ ਨੂੰ ਐਸੀਆਂ ਚੀਜ਼ਾਂ ਲਪੇਟੀਆਂ ਹੋਈਆਂ ਹਨ ਕਿ ਅਸੀਂ ਚੰਗੀ ਦੌੜ ਵੀ ਲਾਈਏ, ਫਿਰ ਵੀ ਆਵਾਜ਼ ਨਹੀਂ ਆਵੇਗੀ। ਅੱਛਾ ਅਨਾਰਕਲੀ ! ਇਕ ਇਕ ਛਿਨ ਇਸ ਵੇਲੇ ਕੀਮਤੀ ਹੈ। ਚਲੋ! ਛੇਤੀ ਨਿਕਲ ਚਲੀਏ!'

ਅਨਾਰਕਲੀ ਅਜੀਬ ਸੋਚਾਂ ਵਿਚ ਪੈ ਗਈ, ਉਸ ਨੇ ਖਿਆਲ ਕੀਤਾ ਕਿ ਸਲੀਮ ਦੀ ਜਾਨ ਜੋਖੋਂ ਵਿਚ ਪਾਉਣ ਦਾ ਮੈਨੂੰ ਕੀ ਹੱਕ ਹੈ? ਉਸ ਨੇ ਠੰਢਾ ਹਉਕਾ ਲੈਂਦਿਆਂ ਕਿਹਾ, 'ਪਿਆਰੇ ਸਲੀਮ! ਬੇਸ਼ਕ ਮੇਰੀ ਮੌਤ ਆ ਗਈ ਹੈ। ਰੱਬ ਤੇ ਬਾਦਸ਼ਾਹ ਦੋਹਾਂ ਦੀ ਇਹੋ ਮਰਜ਼ੀ ਹੈ, ਫਿਰ ਮੈਂ ਕਿਵੇਂ ਜੀਊਂਦੀ ਰਹਿ ਸਕਦੀ ਹਾਂ, ਸੋ ਮੈਂ ਇਸ ਤੰਗ ਕੋਠੜੀ ਨੂੰ ਕਦੀ ਵੀ ਨਹੀਂ ਛਡਾਂਗੀ, ਜਦੋਂ ਤਕ ਮੈਂ ਮੌਤ ਨਾਲ ਜੱਫੀ ਪਾਉਣ ਲਈ ਇਥੋਂ ਕੱਢੀ ਨਾ ਜਾਵਾਂ।'

ਸਲੀਮ ਨੇ ਹੈਰਾਨ ਹੋ ਕੇ ਕਿਹਾ, 'ਇਹ ਕੈਸਾ ਪਾਗਲਪਣ ! ਮੈਂ ਤੈਨੂੰ ਕਦੇ ਵੀ ਇਕ ਬੇ-ਰਹਿਮ ਆਦਮੀ ਦੇ ਹੱਥੋਂ ਭਿਆਨਕ ਮੌਤੇ ਮਰਨ ਲਈ ਇਥੇ ਨਹੀਂ ਛੱਡ ਸਕਦਾ।' ਸਲੀਮ ਨੇ ਅਨਾਰਕਲੀ ਨੂੰ ਜ਼ਬਰਦਸਤੀ ਲਿਜਾਣ ਲਈ ਖਿਚਿਆ, ਪਰ ਉਸ ਨੇ ਜ਼ੋਰ ਨਾਲ ਆਪਣੇ ਆਪ ਨੂੰ ਛੁਡਾ ਲਿਆ। ਉਹ ਦਰਦਨਾਕ ਸ਼ਬਦਾਂ ਵਿਚ ਆਖਣ ਲਗੀ, 'ਮੇਰੇ ਪਿਆਰੇ ! ਮੇਰੇ ਦਿਨ ਹੁਣ ਪੂਰੇ ਹੋ ਚੁਕੇ ਹਨ, ਮੌਤ ਦੇ ਸਾਹਮਣੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਹੁਣ ਜੀਊਂਦਿਆਂ ਬਚਣ ਦੀ ਕੋਸ਼ਿਸ਼ ਕਰ੍ਹਨਾ ਫਜ਼ੂਲ ਹੈ। ਬਾਦਸ਼ਾਹ ਜੋ ਕੁਝ ਵੀ ਹਨ, ਸਾਡੇ ਸੁਆਮੀ ਹਨ, ਉਨ੍ਹਾਂ ਦਾ ਹਰ ਸ਼ਬਦ ਧਰਮ ਸ਼ਾਸਤ੍ਰ ਹੈ, ਤੁਸੀਂ ਮੇਰੇ ਨਾਲ ਕਿਉਂ ਟੁਰਦੇ ਹੋ, ਜਦੋਂ ਕਿ ਸਾਨੂੰ ਪਤਾ ਹੈ ਕਿ ਸਾਡਾ ਪਿੱਛਾ ਜ਼ਰੂਰ ਕੀਤਾ ਜਾਵੇਗਾ। ਕੀ ਤੁਸੀਂ ਉਨ੍ਹਾਂ ਸਾਰੀਆਂ ਗੱਲਾਂ ਬਾਰੇ, ਜੋ ਸਾਡੇ ਫੜੇ ਜਾਣ ਨਾਲ ਹੋ ਸਕਦੀਆਂ ਹਨ, ਸੋਚ ਲੀਤਾ ਹੈ?'

ਘਬਰਾਏ ਹੋਏ ਸਲੀਮ ਨੇ ਛੇਤੀ ਨਾਲ ਉਤਰ ਦਿਤਾ, 'ਇਸ ਵੇਲੇ ਮੈਂ ਇਨ੍ਹਾਂ ਗੱਲਾਂ ਨੂੰ ਖੋਲ੍ਹ ਕੇ ਨਹੀਂ ਦਸ ਸਕਦਾ, ਇਤਨੀਆਂ ਗੱਲਾਂ ਦਾ ਸਮਾਂ ਨਹੀਂ ਹੈ।

ਮੇਰਾ ਪਿਤਾ ਬੜਾ ਬੇ-ਰਹਿਮ ਹੈ, ਮੈਂ ਉਸ ਦੇ ਭਿਆਨਕ ਹੁਕਮਾਂ ਦੀ ਪਾਲਣਾ ਨਹੀਂ ਕਰਨਾ ਚਾਹੁੰਦਾ। ਉਹ ਮੈਨੂੰ, ਮੇਰੀ ਮਰਜ਼ੀ ਦੇ ਮੁਤਾਬਕ ਰਹਿਣ ਦੇਣਾ ਨਹੀਂ ਚਾਹੁੰਦਾ। ਹਮੇਸ਼ਾਂ ਲਈ ਕੋਈ ਵੀ ਦਿੱਲੀ ਦੇ ਤਖਤ ਦਾ ਮਾਲਕ ਨਹੀਂ ਬਣਿਆ ਰਹਿ ਸਕਦਾ। ਮੈਂ ਵੀ ਛੇਤੀ ਹੀ ਕੁਝ ਸਮੇਂ ਬਾਅਦ ਉਸ ਤਖਤ ਦਾ ਮਾਲਕ ਹੋਵਾਂਗਾ।'

ਅਨਾਰਕਲੀ ਚੁਪ-ਚਾਪ ਸਲੀਮ ਦੀਆਂ ਗੱਲਾਂ ਸੁਣਦੀ ਰਹੀ। ਸਲੀਮ ਨਾ ਸਮਝ ਸਕਿਆ ਕਿ ਅਨਾਰਕਲੀ ਦੇ ਨਾ ਮੰਨਣ ਦਾ ਕੀ ਕਾਰਨ ਹੈ, ਉਹ ਕਿਸ ਲਈ ਕੈਦਖਾਨੇ ਵਿਚੋਂ ਆਜ਼ਾਦ ਹੋਣ ਵਲੋਂ ਰੁਕ ਰਹੀ ਹੈ ਤੇ ਇਸ ਤਰ੍ਹਾਂ ਮੌਤ ਦਾ ਰਾਹ ਤੱਕ ਰਹੀ ਹੈ।

ਇਹ ਵੇਖ ਕੇ ਕਿ ਇਕ ਕੀਮਤੀ ਸਮਾਂ ਐਵੇਂ ਜ਼ਾਇਆ ਹੋ ਰਿਹਾ ਹੈ, ਸਲੀਮ ਨੇ ਜਾਣ ਲਈ ਬਾਰ ਬਾਰ ਆਖਿਆ, ਪਰ ਅਨਾਰਕਲੀ ਨੇ ਇਹ ਸਮਝ ਕੇ ਕਿ ਬਾਦਸ਼ਾਹ ਦਾ ਗੁੱਸਾ ਸਲੀਮ ਨੂੰ ਖਤਰਿਆਂ ਵਿਚ ਪਾਵੇਗਾ, ਹਰ ਵੇਰ ਉਹ ਇਨਕਾਰ ਕਰਦੀ ਰਹੀ। ਆਖਰ ਉਸ ਪਾਸੋਂ ਰਿਹਾ ਨਾ ਗਿਆ, ਬੜੇ ਭਾਵਾਂ ਵਿਚ ਆ ਕੇ ਕਹਿਣ ਲਗਾ -

'ਅਨਾਰਕਲੀ ! ਐਸਾ ਇਨਕਾਰ ਕਿਉਂ? ਤੇਰੇ ਬਿਨਾਂ ਮੈਂ ਕਿਵੇਂ ਜੀਉਂਦਾ ਰਹਾਂਗਾ? ਅਗਰ ਤੂੰ ਮਰਨਾ ਚਾਹੁੰਦੀ ਹੈਂ ਤਾਂ ਮੈਂ ਵੀ ਮਰਨ ਲਈ ਤਿਆਰ ਹਾਂ, ਤੂੰ ਜਦ ਤਕ ਮੇਰੇ ਨਾਲ ਨਹੀਂ ਜਾਵੇਂਗੀ, ਮੈਂ ਇਥੋਂ ਨਹੀਂ ਜਾਵਾਂਗਾ।'

ਅਨਾਰਕਲੀ ਦੇ ਖਿਆਲ ਇਕ ਦਮ ਬਦਲ ਗਏ। ਉਹ ਘਬਰਾ ਕੇ ਆਖਣ ਲਗੀ, 'ਕੀ ਕਾਫੀ ਸਮਾਂ ਨਹੀਂ ਹੋ ਗਿਆ, ਕੀ ਹੁਣ ਵੀ ਅਸੀਂ ਇਥੋਂ ਨਿਕਲ ਸਕਦੇ ਹਾਂ?'

ਸਲੀਮ ਨੇ ਉਸ ਨੂੰ ਭਰੋਸਾ ਦਿਵਾਇਆ, 'ਕੋਈ ਡਰ ਨਹੀਂ, ਹੁਣ ਵੀ ਵੇਲਾ ਹੈ।' ਇਹ ਕਹਿ ਕੇ ਉਹ ਅਨਾਰਕਲੀ ਨੂੰ ਬਾਂਹੋਂ ਫੜ ਕੇ ਕੈਦ ਤੋਂ ਬਾਹਰ ਲਿਜਾਣ ਲਈ ਤਿਆਰ ਹੋ ਗਿਆ।

ਉਸੇ ਸਮੇਂ ਦਰਵਾਜ਼ਾ ਖੜਕਣ ਦੀ ਆਵਾਜ਼ ਆਈ ਤੇ ਛੇਤੀ ਦਰ ਖੁਲ੍ਹ ਗਿਆ। ਇਕ ਆਦਮੀ ਛੇਤੀ ਨਾਲ ਉਸ ਕੋਠੜੀ ਵਿਚ ਆਇਆ ਤੇ ਸਾਹ ਚੜ੍ਹੇ ਹੋਏ ਛੇਤੀ ਨਾਲ ਉਸ ਕਿਹਾ, 'ਰਾਜਕੁਮਾਰ ! ਬਾਦਸ਼ਾਹ ਸਲਾਮਤ ਇਧਰ ਆ ਰਹੇ ਹਨ।'

ਸਲੀਮ ਬੋਲਿਆ, 'ਹੁਣ ਕੀ ਕਰੀਏ?'

ਉਸ ਆਖਿਆ, 'ਹੁਣ ਦੇਰ ਨਾ ਕਰੋ, ਇਸ ਵੇਲੇ ਇਹ ਕੋਠੜੀ ਛੱਡ ਦਿਓ,

ਜਦੋਂ ਮਹਾਰਾਜ ਚਲੇ ਜਾਣ, ਆ ਜਾਣਾ।'

ਸਲੀਮ ਨੇ ਉਸ ਆਦਮੀ ਨੂੰ ਕਿਹਾ, 'ਰਹੀਮ ਖਾਂ ! ਬਾਹਰ ਠਹਿਰੋ, ਮੈਂ ਹੁਣੇ ਆਉਂਦਾ ਹਾਂ।'

ਇਹ ਕਹਿ ਕੇ ਉਸ ਨੇ ਇਕ ਪਹਿਰੇਦਾਰ ਦਾ ਪਹਿਰਾਵਾ ਜਿਸ ਨੂੰ ਉਹ ਆਉਂਦਾ ਹੋਇਆ ਨਾਲ ਲਈ ਆਇਆ ਸੀ, ਪਹਿਨ ਲਿਆ। ਇਕ ਛਿਨ ਚੁਪ-ਚਾਪ ਖੜੇ ਰਹਿਣ ਪਿਛੋਂ ਉਸ ਅਨਾਰਕਲੀ ਨੂੰ ਆਖਿਆ, 'ਅੱਛਾ ਪਿਆਰੀ ! ਮੈਂ ਹੁਣੇ ਛੇਤੀ ਹੀ ਵਾਪਸ ਆਉਂਦਾ ਹਾਂ, ਤਿਆਰ ਰਹਿਣਾ।' ਅਨਾਰਕਲੀ ਨੇ ਉਦਾਸੀ ਭਰੀ ਨਜ਼ਰ ਨਾਲ ਸਲੀਮ ਵਲ ਤੱਕਿਆ, ਪਰ ਉਹ ਇਕ ਸ਼ਬਦ ਵੀ ਨਾ ਕਹਿ ਸਕੀ। ਸਲੀਮ ਨੇ ਉਸ ਦਾ ਸਿਰ ਚੁਕਿਆ ਤੇ ਦੀਵਾ ਬੁਝਾ ਕੇ ਟੁਰਦਾ ਹੋਇਆ।

ਅਨਾਰਕਲੀ ਆਪਣੀ ਥਾਂ ਤੋਂ ਹਿਲ ਨਾ ਸਕੀ ਤੇ ਨਾ ਹੀਂ ਕੋਈ ਉਤਰ ਦੇ ਸਕੀ। ਸਲੀਮ ਦੇ ਚਲੇ ਜਾਣ ਬਾਅਦ ਉਸ ਆਪਣੇ ਜੀਉਣ ਦੀ ਆਸ਼ਾ ਨੂੰ ਵੀ ਵਿਦਾਅ ਕਰ ਦਿੱਤਾ। ਹਨੇਰੇ ਨੇ ਫਿਰ ਉਹੋ ਸੁੰਨਸਾਨ ਤੇ ਭਿਆਨਕਤਾ ਦਾ ਦ੍ਰਿਸ਼ ਬਣਾ ਦਿੱਤਾ।

ਕੋਈ ਵੀ ਨਹੀਂ ਆਇਆ, ਰਹੀਮ ਯਾਰ ਖਾਂ ਨੇ ਝੂਠ ਹੀ ਆਖਿਆ ਸੀ। ਨਾ ਬਾਦਸ਼ਾਹ ਸਲਾਮਤ ਤੇ ਨਾ ਹੀ ਕੋਈ ਹੋਰ ਆਦਮੀ ਇਧਰ ਆ ਰਿਹਾ ਸੀ।

ਰਾਜਕੁਮਾਰ ਸਲੀਮ ਨੇ ਆਪਣਾ ਇਕ ਜਥਾ ਵੱਖ ਬਣਾ ਛੱਡਿਆ ਸੀ। ਉਸ ਦੀ ਆਜ਼ਾਦ ਬ੍ਰਿਤੀ ਨੇ ਆਪਣੇ ਪਿਤਾ ਦੇ ਜੀਊਂਦਿਆਂ-ਜੀ ਹੀ ਆਜ਼ਾਦੀ ਮਾਨਣ ਦਾ ਖਿਆਲ ਪੈਦਾ ਕਰ ਲਿੱਤਾ ਸੀ।

ਇਸਤ੍ਰੀਆਂ ਦੇ ਮਹੱਲ ਦੇ ਛੋਟੇ ਜਿਹੇ ਕੈਦਖਾਨੇ ਦਾ ਦਰੋਗਾ ਰਹੀਮ ਖਾਂ ਵੀ ਸਲੀਮ ਦੇ ਟੋਲੇ ਵਿਚੋਂ ਹੀ ਸੀ। ਉਸ ਦੀ ਮੱਦਦ ਨਾਲ ਸਲੀਮ ਉਸ ਰਾਤ ਕੈਦ ਖਾਨੇ ਵਿਚ ਅਨਾਰਕਲੀ ਨੂੰ ਮਿਲ ਸਕਿਆ ਸੀ, ਰਹੀਮ ਯਾਰ ਖਾਂ ਨੇ ਇਹੋ ਸਮਝਿਆ ਸੀ ਕਿ ਰਾਜਕੁਮਾਰ ਅਨਾਰਕਲੀ ਦੇ ਅੰਤਮ ਮਿਲਾਪ ਲਈ ਆਇਆ ਹੈ। ਉਸਨੂੰ ਇਸ ਗੱਲ ਦੀ ਖਬਰ ਨਹੀਂ ਸੀ ਕਿ ਇਹ ਪ੍ਰੇਮ-ਜੋੜੀ ਭੱਜਣ ਦੀ ਤਿਆਰੀ ਵਿਚ ਹੈ।

ਜਿਸ ਵੇਲੇ ਸਲੀਮ ਅਨਾਰਕਲੀ ਪਾਸ ਆਇਆ ਸੀ, ਉਸ ਸਮੇਂ ਰਹੀਮ ਯਾਰ ਖਾਂ ਦਰੋਂ ਬਾਹਰ ਸਭ ਗੱਲਾਂ ਸੁਣ ਰਿਹਾ ਸੀ। ਜਦੋਂ ਉਸ ਨੂੰ ਇਹ ਪਤਾ ਲਗਾ ਕਿ ਰਾਜਕੁਮਾਰ ਉਸ ਦੇ ਹਵਾਲੇ ਰਖੇ ਹੋਏ ਕੈਦੀ ਨੂੰ ਦੌੜਾ ਲਿਜਾਣਾ ਚਾਹੁੰਦਾ ਹੈ, ਉਸ ਸੋਚਿਆ, ਇਉਂ ਹੋਣ ਨਾਲ ਬਾਦਸ਼ਾਹ ਤਾਂ ਮੇਰਾ ਘਾਣ ਬੱਚਾ ਪੀੜ

ਦੇਵੇਗਾ। ਨਾਲ ਹੀ ਉਹ ਸਲੀਮ ਨੂੰ ਰੋਕਣਾ ਵੀ ਮੁਨਾਸਬ ਨਹੀਂ ਸੀ ਸਮਝਦਾ, ਕਿਉਂਕਿ ਇਹ ਗੱਲ ਯਕੀਨੀ ਸੀ ਕਿ ਬਾਦਸ਼ਾਹ ਸਲਾਮਤ ਬੁੱਢੇ ਹੋ ਚੁੱਕੇ ਹਨ ਤੇ ਇਕ ਨਾ ਇਕ ਦਿਨ ਸਲੀਮ ਜ਼ਰੂਰ ਤਖਤ ਤੇ ਬੈਠੇਗਾ। ਸੱਪ ਮਰੇ ਤੇ ਲਾਠੀ ਵੀ ਨਾ ਟੁਟੇ। ਇਹ ਸੋਚ ਕੇ ਉਸ ਖਿਆਲ ਕੀਤਾ, ਜਿਵੇਂ ਉਹ ਸਲੀਮ ਨੂੰ ਨਾਰਾਜ਼ ਕੀਤੇ ਬਿਨਾਂ ਹੀ ਉਥੋਂ ਕੱਢਣ ਵਿਚ ਸਫਲ ਹੋ ਗਿਆ।

ਸੋ ਜਦੋਂ ਸਲੀਮ ਅੰਦਰੋਂ ਨਿਕਲਿਆ, ਰਹੀਮ ਖਾਂ ਨੇ ਕੁਛ ਫਾਸਲੇ ਤੇ ਦੋ ਲਾਲਟੈਨਾਂ ਦਿਖਾਈਆਂ, ਜੋ ਖੁਦ ਉਸ ਦੇ ਆਦਮੀਆਂ ਨੇ ਹੀ ਜਗਾਈਆਂ ਸਨ, ਪਰੰਤੂ ਰਾਜਕੁਮਾਰ ਨੇ ਉਸ ਪਾਸੇ ਵਲ ਫਿਰ ਤੱਕਿਆ ਹੀ ਨਾ, ਕਿਉਂਕਿ ਪਿਤਾ ਦੇ ਡਰ ਨਾਲ ਉਸ ਦੀਆਂ ਅੱਖਾਂ ਚੁੰਧਿਆ ਗਈਆਂ ਸਨ। ਉਸ਼ ਦੇ ਹੌਂਸਲੇ ਨੇ ਉਸ਼ ਦਾ ਸਾਥ ਨਾ ਦਿੱਤਾ ਕਿ ਉਹ ਆਪਣੇ ਪਿਤਾ ਦੇ ਸਾਹਮਣੇ ਉਸ ਦੀ ਖੁੱਲ੍ਹੀ ਵਿਰੋਧਤਾ ਕਰੇ। ਇਸੇ ਹਾਲ ਵਿਚ ਰਹੀਮ ਯਾਰ ਖਾਂ ਨੇ ਮਹਿਲਾਂ ਦੀਆਂ ਗਲੀਆਂ ਥਾਣੀਂ ਕੱਢ ਕੇ ਉਸ ਨੂੰ ਆਪਣੇ ਨਿਵਾਸ ਵਿਚ ਪੁਚਾ ਦਿੱਤਾ। ਕੁਛ ਚਿਰ ਪਿਛੋਂ ਸਲੀਮ ਨੇ ਪੁਛਿਆ, 'ਕੀ ਤੂੰ ਬਿਨਾਂ ਸ਼ੱਕ ਦੇ ਕਹਿ ਸਕਦਾ ਹੈਂ ਕਿ ਉਹ ਖੁਦ ਮਹਾਰਾਜ ਹੀ ਸਨ?'

ਰਹੀਮ ਖਾਂ ਨੇ ਭਰੋਸਾ ਦਿਵਾਉਂਦਿਆਂ ਕਿਹਾ, 'ਹਾਂ ਹਜ਼ੂਰ!'

ਸਲੀਮ ਨੇ ਛੇਤੀ ਪੁੱਛਿਆ, 'ਉਹਨਾਂ ਦਾ ਇਸ ਪਾਸੇ ਆਉਣ ਦਾ ਕੀ ਕਾਰਨ?' ਰਹੀਮ ਖਾਂ ਨੇ ਕਿਹਾ, 'ਹਜ਼ੂਰ ਨੂੰ ਪਤਾ ਹੀ ਹੋਵੇਗਾ-ਕਿ ਬਾਦਸ਼ਾਹ ਸਲਾਮਤ ਆਮ ਤੌਰ ਤੇ ਰਾਤ ਨੂੰ ਅਚਾਨਕ ਦੇਖ-ਭਾਲ ਕਰਿਆ ਕਰਦੇ ਹਨ, ਅਜ ਵੀ ਉਹਨਾਂ ਦੇ ਆਉਣ ਦਾ ਇਹੋ ਕਾਰਨ ਹੋ ਸਕਦਾ ਹੈ।'

ਸਲੀਮ ਨੇ ਹੱਸ ਕੇ ਕਿਹਾ, 'ਹਾਂ, ਸਵੇਰੇ ਜਦੋਂ ਉਹ ਇਥੇ ਆਵੇਗਾ ਤਾਂ ਉਸ ਨੂੰ ਪਤਾ ਲਗ ਜਾਵੇਗਾ।'

ਕੁਛ ਸਮਾਂ ਲੰਘ ਗਿਆ। ਰਹੀਮ ਖਾਂ ਦੀ ਚਿੰਤਾ ਹੋਰ ਵਧ ਗਈ। ਉਸ ਨੂੰ ਪੂਰਾ ਭਰੋਸਾ ਹੋ ਗਿਆ ਕਿ ਸ਼ਹਿਜ਼ਾਦਾ ਅਨਾਰਕਲੀ ਨੂੰ ਜ਼ਰੂਰ ਨਸਾ ਲਿਜਾਏਗਾ। ਹੁਣ ਕੀ ਕਰਨਾ ਚਾਹੀਦਾ ਹੈ? ਅਗਰ ਐਸਾ ਹੋਇਆ ਤਾਂ ਕੱਲ ਉਸ ਦੀ ਜਾਨ ਦੀ ਖੈਰ ਨਹੀਂ। ਪਰ ਛੇਤੀ ਉਸ ਨੇ ਇਕ ਉਪਾ ਸੋਚ ਲਿਆ।

ਰਹੀਮ ਖਾਂ ਨੇ ਅਰਜ਼ ਕੀਤੀ, ''ਹਜ਼ੂਰ ! ਥਕਾਵਟ ਦੂਰ ਕਰਨ ਲਈ ਸ਼ਰਾਬ ਦੇ ਇਕ ਦੋ ਪਿਆਲੇ ਪੀ ਲਵੋ।'

ਥਕਾਵਟ ਨਾਲ ਸਲੀਮ ਦਾ ਗਲ ਬਿਲਕੁਲ ਸੁੱਕ ਰਿਹਾ ਸੀ, ਇਸ ਲਈ ਉਸ ਕਿਹਾ, 'ਹਾਂ ! ਈਰਾਨੀ ਸ਼ਰਾਬ ਦਾ ਇਕ ਪਿਆਲਾ ਲਿਆਓ।'

ਰਹੀਮ ਖਾਂ ਸ਼ਰਾਬ ਲੈਣ ਲਈ ਲਾਗਲੇ ਕਮਰੇ ਵਿਚ ਚਲਾ ਗਿਆ। ਉਸ ਨੇ ਸੁਰਾਹੀ ਲੈ ਕੇ ਆਪਣੇ ਜੇਬ ਵਿਚੋਂ ਇਕ ਪੁੜੀ ਕੱਢੀ ਤੇ ਉਸ ਵਿਚ ਘੋਲ ਦਿੱਤੀ। ਸਲੀਮ ਉਸ ਦੀ ਉਡੀਕ ਕਰ ਰਿਹਾ ਸੀ। ਉਸ ਪਿਆਲਾ ਪੀ ਕੇ ਦੂਜੇ ਪਿਆਲੇ ਦੀ ਮੰਗ ਕੀਤੀ। ਰਹੀਮ ਖਾਂ ਨੇ ਦੂਜਾ ਪਿਆਲਾ ਭਰ ਕੇ ਦਿੱਤਾ, ਜਿਸ ਨੂੰ ਬੜੇ ਸ਼ੌਂਕ ਨਾਲ ਪੀ ਗਿਆ। ਕੁਛ ਦੇਰ ਬਾਅਦ ਸਲੀਮ ਸਰੂਰ ਵਿਚ ਆ ਕੇ ਕਹਿਣ ਲੱਗਾ, 'ਓ ਰਹੀਮੇ ! ਮੈਨੂੰ ਅਨਾਰਕਲੀ ਪਾਸ ਲੈ ਚਲ।'

'ਮੈਂ ਹਜ਼ੂਰ ਦੀ ਸੇਵਾ ਲਈ ਹਾਜ਼ਰ ਹਾਂ, ਪਰ........'

'ਪਰ ਕੀ?'

'ਮਹਾਰਾਜ ਅਜੇ ਉਥੇ ਹੀ ਹੋਣਗੇ।'

'ਅਰੇ ਭਾਈ। ਮਹਾਰਾਜ ਨੂੰ ਤਾਂ ਕਿਸੇ ਚੌਂਕੀਦਾਰ ਦੇ ਘਰ ਪੈਦਾ ਹੋਣਾ ਚਾਹੀਦਾ ਸੀ, ਉਹ ਹਿੰਦੁਸਤਾਨ ਦੀ ਹਕੂਮਤ ਕਰਨ ਦੇ ਕਾਬਲ ਨਹੀਂ। ਜਾਓ ਵੇਖੋ, ਅਜੇ ਉਥੇ ਹੀ ਹੈ ਯਾ ਟੁਰ ਗਿਆ ਹੈ।'

'ਜਿਵੇਂ ਹਜ਼ੂਰ ਦੀ ਆਗਿਆ।'

ਰਹੀਮ ਯਾਰ ਖਾਂ ਆਗਿਆ ਪ੍ਰਵਾਨ ਕਰਕੇ ਚਲਾ ਗਿਆ। ਉਹ ਇਸ ਗੱਲੋਂ ਬੇ ਫਿਕਰ ਸੀ ਕਿ ਦਵਾਈ ਆਪਣਾ ਕੰਮ ਕਰ ਰਹੀ ਹੈ, ਰਾਜਕੁਮਾਰ ਸਵੇਰ ਤਕ ਨਹੀਂ ਉਠ ਸਕਦੇ।

ਉਧਰ ਅਨਾਰਕਲੀ ਸਲੀਮ ਦੀ ਉਡੀਕ ਕਰ ਰਹੀ ਸੀ, ਪਰ ਉਹ ਨਾ ਆਇਆ। ਉਸਦੀ ਘਬਰਾਹਟ ਦਾ ਕੋਈ ਅੰਦਾਜ਼ਾ ਨਹੀਂ ਸੀ। ਫਿਰ ਵੀ ਉਸ ਨੂੰ ਆਸ਼ਾ ਦੀ ਕਿਤੇ ਕਿਤੇ ਝਲਕ ਪੈਂਦੀ ਸੀ ਕਿ ਸ਼ਾਇਦ ਹੁਣੇ ਆ ਕੇ ਸਲੀਮ ਉਸ ਨੂੰ ਬਚਾ ਲਵੇ।

ਸਵੇਰ ਦੇ ਪ੍ਰਕਾਸ਼ ਨੇ ਕੈਦਖਾਨੇ ਦੇ ਅੰਧੇਰੇ ਨੂੰ ਦੂਰ ਕਰ ਦਿੱਤਾ, ਇਸ ਪ੍ਰਕਾਸ਼ ਵਿਚ ਉਸ ਨੂੰ ਇਕ ਚਮਕਦੀ ਹੋਈ ਚੀਜ਼ ਦਿਸੀ। ਛੇਤੀ ਹੀ ਉਸ ਨੂੰ ਯਾਦ ਆ ਗਿਆ ਕਿ ਇਹ ਉਸ ਅੰਗੂਠੀ ਦੇ ਹੀਰੇ ਦੀ ਚਮਕ ਹੈ, ਜੋ ਉਸਦੀ ਮਾਂ ਨੇ ਉਸ ਨੂੰ ਅੰਤ ਸਮੇਂ ਦਿੱਤੀ ਸੀ।

ਅਨਾਰਕਲੀ ਦੀ ਮਾਂ ਨੇ ਇਹ ਅੰਗੂਠੀ ਉਸ ਦੇ ਹੱਥ ਵਿਚ ਪਹਿਨਾਉਂਦਿਆਂ ਹੋਇਆ ਕਿਹਾ ਸੀ, 'ਤੈਨੂੰ ਇਸ ਦੀ ਕਦੀ ਵੀ ਲੋੜ ਨਹੀਂ ਪਵੇਗੀ, ਪਰ ਫਿਰ ਵੀ ਜੇ ਤੈਨੂੰ ਸ਼ਾਂਤੀ ਹਾਸਲ ਕਰਨ ਲਈ ਕੋਈ ਥਾਂ ਨਾ ਦਿਸੇ ਤਾਂ ਫੌਰਨ ਇਸ ਨੂੰ ਚੂਸ ਲੈਣਾ।'

ਅਨਾਰਕਲੀ ਨੂੰ ਆਪਣੀ ਮਾਂ ਦੀ ਅੰਤਮ ਨਸੀਹਤ ਯਾਦ ਆਈ। ਉਸਨੇ ਫੌਰਨ ਅੰਗੂਠੀ ਵਿਚੋਂ ਉਸ ਹੀਰੇ ਨੂੰ ਕੱਢ ਕੇ ਚੂਸ ਲਿਆ। ਬਚਪਨ ਦੇ ਦਿਨ ਤੇ ਆਪਣੀ ਮਾਂ ਦੇ ਵਿਚਾਰ ਉਸ ਦੇ ਦਿਲ ਵਿਚ ਘੁੰਮਣ ਲਗੇ। ਇਸ ਪਿਛੋਂ ਉਸ ਨੂੰ ਸਲੀਮ ਦੇ ਪਰੇਮ ਦੀ ਦੁਖਦਾਈ ਯਾਦ ਆ ਗਈ।

ਇਹਨਾਂ ਵਿਚਾਰਾਂ ਵਿਚ ਹੀ ਉਸ ਦੇ ਦੁਖ ਭਰੇ ਜੀਵਨ ਦਾ ਅੰਤ ਹੋ ਗਿਆ। ਉਹ ਸਿਰ ਦੇ ਹੇਠ ਆਪਣੇ ਕੋਮਲ ਹੱਥ ਦਾ ਸਰ੍ਹਾਣਾ ਲਾ ਕੇ ਠੰਢੇ ਕਠੋਰ ਉਚੇ ਨੀਵੇਂ ਪੱਥਰਾਂ ਦੀ ਸੇਜਾ ਤੇ ਲੇਟੀ ਪਈ ਸੀ। ਉਸ ਦੇ ਮੂੰਹ ਤੇ ਥੋੜ੍ਹੀ ਥੋੜ੍ਹੀ ਮੁਸਕ੍ਰਾਹਟ ਸੀ, ਹੋਂਠ ਕੁਛ ਖੁਲ੍ਹੇ ਹੋਏ ਸਨ, ਅੱਖਾਂ ਅੱਧੀਆਂ ਖੁੱਲ੍ਹੀਆਂ ਤੇ ਅੱਧੀਆਂ ਬੰਦ ਸਨ।

ਜਦੋਂ ਅਫਸਰ ਮਹਾਰਾਜ ਵਲੋਂ ਮੌਤ ਦੀ ਆਗਿਆ ਲੈ ਕੇ ਆਏ ਤੇ ਇਕ ਛਿਨ ਸੋਚਣ ਤੋਂ ਬਾਅਦ ਦਰਵਾਜ਼ਾ ਖੋਲ੍ਹਿਆ ਤਾਂ ਪ੍ਰਭਾਤ ਦੀਆਂ ਕਿਰਨਾਂ ਅੰਦਰ ਫਿਰ ਰਹੀਆਂ ਸਨ ਤੇ ਅਨਾਰਕਲੀ ਦੇ ਚਿਹਰੇ ਦੇ ਚੌਹੀਂ ਪਾਸੀਂ ਨੂਰ ਵਾਂਙ ਪ੍ਰਤੀਤ ਹੋ ਰਹੀਆਂ ਸਨ।

ਹੁਣ ਉਹ ਉਸ ਮਹਾਰਾਜਿਆਂ ਦੇ ਮਹਾਰਾਜ ਦੇ ਦਰਬਾਰ ਵਿਚ ਪੁਜ ਗਈ, ਜਿਸ ਦੇ ਸਾਹਮਣੇ ਵੱਡੇ ਵੱਡੇ ਰਾਜੇ ਵੀ ਕੁਛ ਚੀਜ਼ ਨਹੀਂ।

ਤੈਮੂਰ ਖਾਨਦਾਨ ਦੇ ਸਭ ਤੋਂ ਵੱਡੇ ਪ੍ਰਸਿੱਧ ਰਾਜੇ ਅਕਬਰ ਨੂੰ ਰੱਬ ਦੇ ਘਰੋਂ ਸੱਦਾ ਆ ਚੁੱਕਾ ਸੀ ਤੇ ਹੁਣ ਉਸ ਦੀ ਥਾਂ ਤੇ ਸਲੀਮ ਨੂਰਦੀਨ ਮੁਹੰਮਦ ਜਹਾਂਗੀਰ ਦੇ ਨਾਮ ਨਾਲ ਦਿੱਲੀ ਦੇ ਤਖਤ ਤੇ ਸ਼ੁਭਾਇਮਾਨ ਹੋ ਰਿਹਾ ਸੀ।

ਅਨਾਰਕਲੀ ਦੀ ਦੁੱਖ-ਭਰੀ ਮੌਤ ਦੀ ਘਟਨਾ ਉਸਦੇ ਪੑਰੇਮੀ ਸਲੀਮ ਨੇ ਭੁਲਾ ਦਿੱਤੀ ਸੀ। ਹੁਣ ਉਹ ਇਕ ਹੋਰ ਨਵੇਂ ਫੁਲ ਦਾ ਭੌਰਾ ਬਣਿਆ ਹੋਇਆ ਸੀ। ਉਸ ਨੇ ਮੇਹਰੁਨਿਸ਼ਾ ਨੂੰ ਤੱਕ ਲਿਆ ਸੀ। ਅਨਾਰਕਲੀ ਦੀ ਯਾਦ ਉਸ ਦੇ ਦਿਲ ਵਿਚੋਂ ਇਉਂ ਜਾਂਦੀ ਰਹੀ ਸੀ, ਜਿਵੇਂ ਸੂਰਜ ਦੀ ਰੋਸ਼ਨੀ ਵਿਚ ਤਾਰੇ ਦਾ ਪ੍ਰਕਾਸ਼ ਜਾਂਦਾ ਰਹਿੰਦਾ ਹੈ। ਹੁਣ ਉਸ ਨੂੰ ਹਰ ਸਮੇਂ ਸੌਂਦਿਆਂ ਜਾਗਦਿਆਂ ਮੇਹਰੁਨਿਸ਼ਾ ਉਪਨਾਮ 'ਨੂਰ ਜਹਾਂ' ਦਾ ਨਾਮ ਹੀ ਯਾਦ ਰਹਿੰਦਾ ਸੀ।

ਇਕ ਦਿਨ ਸ਼ਾਮ ਦਾ ਵੇਲਾ ਸੀ। ਜਹਾਂਗੀਰ ਆਪਣੇ ਸ਼ਾਹੀ ਮਹਲਾਂ ਦੇ ਬਗੀਚੇ ਵਿਚ ਟਹਿਲ ਰਿਹਾ ਸੀ ਤੇ ਨੂਰ ਜਹਾਂ ਨਾਲ ਉਸ ਦੇ ਪਰੇਮ ਤੇ ਆਪਣੇ ਬੇਵਫਾਈ ਤੇ ਵਿਚਾਰ ਕਰ ਰਿਹਾ ਸੀ। ਇਸ ਸਮੇਂ ਕਲੀਆਂ ਨਾਲ ਲੱਦੇ ਹੋਏ ਇਕ ਅਨਾਰ ਦੇ ਬ੍ਰਿਛ ਦੇ ਸਾਏ ਵਿਚ ਇਕ ਛੋਟੀ ਜੇਹੀ ਸੁਫੈਦ ਠੇਰੀ ਤੇ ਉਸਦੀ ਨਜ਼ਰ ਪਈ। ਇਹ ਇਕ ਕਬਰ ਸੀ। ਇਸ ਤੋਂ ਪਹਿਲਾਂ ਉਸ ਕਦੀ ਇਸ ਨੂੰ ਨਹੀਂ ਸੀ

ਤੱਕਿਆ। ਉਸ ਨੂੰ ਹੈਰਾਨੀ ਹੋਈ ਕਿ ਇਥੇ ਇਸ ਨੂੰ ਕੌਣ ਗੱਡ ਗਿਆ ਹੈ? ਇਕ ਬੁੱਢਾ ਮਾਲੀ ਦੂਰ ਫੁੱਲਾਂ ਦੀਆਂ ਕਿਆਰੀਆਂ ਨੂੰ ਪਾਣੀ ਦੇ ਰਿਹਾ ਸੀ। ਜਹਾਂਗੀਰ ਨੇ ਉਸ ਨੂੰ ਬੁਲਾ ਕੇ ਪੁਛਿਆ, 'ਇਹ ਕਿਸ ਦੀ ਕਬਰ ਹੈ?'

ਮਾਲੀ ਨੇ ਪਹਿਲੇ ਕਬਰ ਵਲ ਤੱਕਿਆ, ਫਿਰ ਜਹਾਂਗੀਰ ਵਲ, ਪਰ ਕੋਈ ਉਤਰ ਨਾ ਦੇ ਸਕਿਆ, ਉਹ ਡਰਿਆ ਹੋਇਆ ਮਾਲੂਮ ਹੁੰਦਾ ਸੀ। ਜਹਾਂਗੀਰ ਨੇ ਫਿਰ ਪੁਛਿਆ, 'ਇਹ ਕੌਣ ਸੌਂ ਰਿਹਾ ਹੈ? ਮਾਲੀ ਨੇ ਲੜਖੜਾਂਦੀ ਜ਼ਬਾਨ ਨਾਲ ਕਿਹਾ, 'ਅਨਾਰਕਲੀ ਬੇਗਮ।'

'ਅਨਾਰਕਲੀ!' ਪਿਛਲੇ ਦਿਨਾਂ ਦੀ ਯਾਦ ਨੇ ਜਹਾਂਗੀਰ ਨੂੰ ਗਹਿਰੇ ਸਮੁੰਦਰ ਵਿਚ ਡਬੋ ਦਿੱਤਾ, ਅਸਮਾਨ ਵਲ ਨਜ਼ਰ ਲਾ ਕੇ ਤੱਕਿਆ, ਸ਼ਾਮ ਦੇ ਅੰਧੇਰੇ ਵਿਚ ਉਸ ਨੂੰ ਪੱਛਮ ਵਲ ਇਕ ਸਤਾਰਾ ਚਮਕਦਾ ਦਿਖਾਈ ਦਿੱਤਾ। ਉਸ ਚਮਕਦੇ ਸਤਾਰੇ ਵਾਂਙ ਅਨਾਰਕਲੀ ਦੀ ਮੂਰਤੀ ਉਸ ਦੀਆਂ ਅੱਖਾਂ ਵਿਚ ਘੁੰਮ ਗਈ। ਥੋੜ੍ਹੇ ਚਿਰ ਲਈ ਉਹ ਮੇਹਰੁਨਿਸ਼ਾ ਨੂੰ ਭੁੱਲ ਗਿਆ। ਅਨਾਰਕਲੀ ਦੀ ਯਾਦ ਉਸ ਦੇ ਦਿਲ ਵਿਚ ਫਿਰ ਉਸੇ ਤਰ੍ਹਾਂ ਤਾਜ਼ੀ ਹੋ ਗਈ, ਜਿਵੇਂ ਕਈ ਵਰ੍ਹੇ ਪਹਿਲੇ ਸੀ। ਉਹ ਉਸ ਦੇ ਦੁਖੀ ਜੀਵਨ ਦੀ ਇਕ ਇਕ ਘਟਨਾ ਯਾਦ ਕਰਨ ਲੱਗਾ। ਉਸ ਨੂੰ ਅਨਾਰਕਲੀ ਦੀ ਮੁਸਕ੍ਰਾਹਟ ਵੀ ਯਾਦ ਆਈ, ਜਿਸ ਖਾਤਰ ਉਹ ਆਪਣੀ ਜਾਨ ਦੇਣ ਲਈ ਵੀ ਤਿਆਰ ਹੋ ਗਿਆ ਸੀ। ਕੈਦ ਖਾਨੇ ਵਿਚ ਅਨਾਰਕਲੀ ਨਾਲ ਮੁਲਾਕਾਤ, ਰਹੀਮ ਖਾਂ ਦੀ ਸਖਤੀ ਤੇ ਧੋਖੇ-ਬਾਜ਼ੀ, ਸਭ ਘਟਨਾਵਾਂ ਇਕ ਇਕ ਕਰਕੇ ਉਸ ਦੀਆਂ ਅੱਖਾਂ ਅਗੇਂ ਫਿਲਮ ਦੀ ਰੀਲ ਵਾਂਙ ਫਿਰ ਗਈਆਂ। ਜਹਾਂਗੀਰ ਇਨ੍ਹਾਂ ਵੀਚਾਰਾਂ ਵਿਚ ਡੁੱਬਾ ਹੋਇਆ ਹੀ ਹੌਲੀ ਹੌਲੀ ਆਪਣੇ ਮਹੱਲਾਂ ਵਲ ਨੂੰ ਵਾਪਸ ਆ ਗਿਆ।

ਦੂਸਰੀ ਸਵੇਰ ਬਾਦਸ਼ਾਹ ਦੀ ਆਗਿਆ ਹੋਈ ਕਿ ਅਨਾਰਕਲੀ ਬੇਗਮ ਦੀ ਕਬਰ ਤੇ ਇਕ ਸੁੰਦਰ ਮਕਬਰਾ ਬਣਵਾ ਦਿੱਤਾ ਜਾਵੇ ਤੇ ਜਵਾਹਰਾਂ-ਜੜਤ ਇਕ ਪੱਥਰ ਦੀ ਟੁਕੜੀ ਤੇ ਇਹ ਸ਼ੇਅਰ ਵੀ ਖੁਦਵਾ ਦਿੱਤਾ ਜਾਵੇ :-

ਤਾ ਕਿਆਮਤ ਸ਼ੁਕਰ ਗੋਯਮ, ਕਿਰਦਗਾਰੇ ਖੇਸ਼ ਰਾ।
ਆਹ ! ਗਰ ਮਨ ਬੀਨਮ, ਰੂਏ ਯਾਰੇ ਖੇਸ਼ ਰਾ।
(ਇਹ ਸ਼ੇਅਰ ਸ਼ਾਯਦ ਜਹਾਂਗੀਰ ਦਾ ਸਵੈ-ਰਚਿਤ ਸੀ)

-ਟੈਗੋਰ

❖ ❖ ❖

(੧੩) ਕਰਜ਼ਾ

ਅਸੀਂ ਲੋਕ ਸਾਰੇ ਹੀ ਇਕੱਠੇ ਸਫਰ ਕਰ ਰਹੇ ਸਾਂ। ਮੇਰੇ ਕੋਲ ਇਕ ਘੋੜਾ ਸੀ ਬਹੁਤ ਅੱਛਾ। ਬਹੁਤ ਅੱਛਾ ਇਸ ਲਈ ਕਿ ਮੈਂ ਉਸ ਤੋਂ ਕਈ ਵੇਰ ਡਿਗ ਚੁੱਕਾ ਸਾਂ। ਆਮ ਤੌਰ ਤੇ ਮੈਂ ਸਿਰਫ ਚੰਗੇ ਘੋੜੇ ਤੋਂ ਹੀ ਡਿੱਗਿਆ ਕਰਦਾ ਹਾਂ। ਇਹ ਘੋੜਾ ਇਕ ਤਾਲ ਵਿਚ ਕਦਮ ਚੁੱਕਦਾ ਸੀ ਤੇ ਤੇਜ਼ੀ ਨਾਲ ਗਰਦਨ ਉਠਾ ਕੇ ਦੌੜਿਆ ਕਰਦਾ ਸੀ। ਮੇਰਾ ਸਾਥੀ ਆਪਣੀ ਚੀਨੀ ਘੋੜੀ ਤੇ ਚੁਪ-ਚਾਪ ਚੜ੍ਹਿਆ ਕਰਦਾ ਸੀ। ਚਾਰ ਪੰਜ 'ਲਾਦੂ ਟੱਟੂ' ਉਸ ਦੇ ਪਿਛੇ ਖਾਲੀ ਆ ਰਹੇ ਸਨ।

ਉਸ ਦਾ ਸਰੀਰ ਭਰਵਾਂ, ਲੰਮਾ ਕੱਦ, ਉਚੇ ਕੰਧੇ ਤੇ ਚੇਹਰਾ ਮੁਰਝਾਇਆ ਹੋਇਆ ਸੀ। ਮਗਰ ਉਸ ਦੀ ਪੁਸ਼ਾਕ ਐਸੀ ਭੜਕੀਲੀ ਤੇ ਖ਼ੂਬਸੂਰਤ ਸੀ, ਜਿਸ ਨੂੰ ਮੈਂ ਤੱਕਦਾ ਹੀ ਰਹਿ ਗਿਆ। ਉਸ ਦਾ ਨਾਮ ਸੀ ਡਿਯੂਕ ਮੈਗਓਵਕ।

ਉਸ ਦੀ ਬਾਬਤ ਮੈਂ ਕਈ ਅਜੀਬ ਗੱਲਾਂ ਸੁਣੀਆਂ ਸਨ। ਲੋਕ ਕਹਿੰਦੇ ਸਨ ਕਿ ਉਹ ਆਪਣੇ ਕਿਸਮ ਦਾ ਹੀ ਬਹਾਦਰ ਤੇ ਚਾਲਾਕ ਹੈ। ਕਿਸੇ ਸਮੇਂ ਉਸ ਦੇ ਨਾਮ ਤੋਂ ਲੋਕ ਕੰਬਦੇ ਸਨ। ਸਾਰੇ ਸੂਬੇ ਵਿਚ ਉਸ ਨੇ ਧਾਂਕ ਜਮਾ ਛੱਡੀ ਸੀ। ਐਸਾ ਮਸ਼ਹੂਰ ਸੀ, ਕਿ ਸਾਰੇ ਡਾਕੂ ਉਸ ਨੂੰ ਮੋਹਰੀ ਮੰਨਦੇ ਸਨ। ਇਸੇ ਲਈ ਮੈਂ ਉਸ ਨੂੰ ਪੁਛਿਆ, "ਆਖਰ ਇਹ ਟੱਟੂ ਖਾਲੀ ਕਿਉਂ ਆ ਰਹੇ ਹਨ?"

'ਸ਼ਹਿਰ ਗਿਆ ਸੀ ! ਪਹੁੰਚਾ ਕੇ ਆ ਰਿਹਾ ਹਾਂ!'

'ਕੀ ਲੱਦਿਆ ਸੀ?'

'ਬਹੁਤ ਸਾਰੀਆਂ ਚੀਜ਼ਾਂ ਸਨ, ਰੋਟੀ, ਆਲੂ, ਕੱਪੜੇ।'

'ਕਿਸ ਨੂੰ ਦੇਣ ਗਏ ਸੀ?'

'ਅਲੀ ਦੇ ਘਰ ਵਾਲਿਆਂ ਨੂੰ ਦੇਣ ਗਿਆ ਸੀ।'

ਮੈਂ ਚੁਪ ਹੋ ਗਿਆ ਤੇ ਕੁਛ ਚਿਰ ਲਈ ਹੈਰਾਨ ਹੋ ਕੇ ਸੋਚਦਾ ਰਿਹਾ। ਅਲੀ

ਬੜਾ ਬਹਾਦਰ ਤੇ ਲੜਾਕਾ ਤੁਰਕ ਸੀ। ਇਹੋ ਹੀ ਨਹੀਂ, ਬਲਕਿ ਉਹ ਡਯੂਕ ਦੇ ਫਿਰਕੇ ਦਾ ਜਾਨੀ ਦੁਸ਼ਮਨ ਵੀ ਸੀ।

'ਕੀ ਉਸ ਦੇ ਕੁਝ ਖੇਤ ਵੀ ਹਨ?' ਮੈਂ ਪੁਛਿਆ।

'ਨਹੀਂ ਮੇਰੇ ਤੇ ਉਸ ਦਾ ਕਰਜ਼ਾ ਹੈ। ਬਹੁਤ ਭਾਰੀ ਕਰਜ਼ਾ।'

ਉਹ ਚੁਪ ਹੋ ਗਿਆ। ਉਸ ਨੇ ਸਿਰ ਝੁਕਾਇਆ ਤੇ ਘੋੜੀ ਨੂੰ ਚਾਬਕ ਮਾਰੀ। ਭਾਵੇਂ ਘੋੜੀ ਮਜ਼ੇ ਨਾਲ ਹੀ ਜਾ ਰਹੀ ਸੀ, ਪਰ ਉਹ ਪਿਛਲੇ ਪੈਰਾਂ ਤੇ ਖੜੋ ਗਈ। ਉਸ ਨੇ ਫਿਰ ਥਾਪੀ ਦਿੱਤੀ ਤੇ ਉਹ ਸਿੱਧੀ ਦੌੜ ਤੁਰੀ। ਇਹ ਦੇਖ ਕੇ ਮੈਂ ਹੋਰ ਕੁਝ ਨਾ ਪੁਛਿਆ। ਘੋੜੀ ਦੀਆਂ ਵਾਗਾਂ ਖਿੱਚ ਕੇ ਉਹ ਕੁਛ ਗੁਣ-ਗੁਣਾਉਣ ਲਗ ਪਿਆ। ਮੈਨੂੰ ਯਾਦ ਨਹੀਂ, ਉਹ ਕੇਹੜਾ ਗੀਤ ਸੀ। ਉਸ ਨੂੰ ਜਿਵੇਂ ਚੰਗਾ ਲਗਿਆ, ਆਪਣੀ ਘੋੜੀ ਮੇਰੇ ਕੋਲ ਛੱਡ ਕੇ ਉਹ ਸੁਣਨ ਲਗ ਪਿਆ। ਉਸ ਨੇ ਕਿਹਾ, 'ਜ਼ਰਾ ਹੋਰ ਉਚੀ ਆਵਾਜ਼ ਨਾਲ।'

ਮੈਂ ਉਚਾ ਗਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੇ ਸਿਰ ਨਾਲ ਬੰਨ੍ਹੇ ਹੋਏ ਰੁਮਾਲ ਨੂੰ ਢਿਲਿਆਂ ਕਰ ਕੇ ਗਰਦਨ ਵਿਚ ਪਾ ਲਿਆ ਤੇ ਝੂਮਣ ਲਗ ਪਿਆ। ਮੇਰਾ ਗੀਤ ਖਤਮ ਹੋ ਚੁੱਕਾ ਸੀ।

'ਹੋਰ ਗਾਓ।'

'ਮੈਨੂੰ ਤਾਂ ਅਗੇ ਕੁਛ ਯਾਦ ਨਹੀਂ।'

ਉਹ ਕੁਛ ਚਿੜ੍ਹ ਜਿਹਾ ਗਿਆ ਤੇ ਘੋੜੀ ਦੀਆਂ ਵਾਗਾਂ ਖਿਚ ਕੇ ਜੰਗਲ ਨੂੰ ਹੋ ਲਿਆ।

ਮੈਂ ਪੁਛਿਆ, 'ਉਧਰ ਕਿਧਰ?'

'ਆਓ ਇਸ ਠੰਢੀ ਛਾਂ ਵਿਚ ਆਰਾਮ ਕਰ ਲਈਏ।'

ਮੈਂ ਪਿਛੇ ਪਿਛੇ ਤੁਰ ਪਿਆ। ਇਕ ਵੱਡੇ ਦਰਖਤ ਦੀ ਛਾਂ ਹੇਠ ਅਸੀਂ ਆ ਬੈਠੇ ਤੇ ਘੋੜਿਆਂ ਨੂੰ ਚਰਨ ਲਈ ਇਧਰ ਉਧਰ ਛੱਡ ਦਿੱਤਾ।

ਅਸੀਂ ਚੁਪ ਚਾਪ ਬੈਠੇ ਘੋੜਿਆਂ ਦੇ ਫਿਰਨ ਤੁਰਨ ਦੀ ਆਵਾਜ਼ ਸੁਣ ਰਹੇ ਸਾਂ। ਵਿਚ ਵਿਚ ਚੱਕੀ-ਰਾਹੁਣੇ ਦੀ ਠਕ ਠਕ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ।

'ਅਲੀ ਤੋਂ ਤੁਸਾਂ ਕਦੋਂ ਕਰਜ਼ਾ ਲਿਆ ਸੀ।' ਮੈਂ ਕੁਝ ਪੁਛਣ ਦੇ ਖਿਆਲ ਨਾਲ ਆਖਿਆ।

ਡਯੂਕ ਦਾ ਮੱਥਾ ਸੁੰਗੜ ਗਿਆ। ਉਸ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, 'ਬਹੁਤ ਦਿਨ ਹੋ ਗਏ।'

'ਅਜੇ ਅਦਾ ਨਹੀਂ ਕੀਤਾ?'

'ਅਜੇ ਕਿਥੇ, ਬਹੁਤ ਦਿਨਾਂ ਵਿਚ ਅਦਾ ਕੀਤਾ ਜਾ ਸਕੇਗਾ।'

ਉਸ ਨੇ ਮੇਰੇ ਵਲ ਨੀਝ ਲਾ ਕੇ ਤੱਕਿਆ ਤੇ ਆਖਣ ਲਗਾ, 'ਇਹ ਕਹਾਣੀ ਬੜੀ ਲੰਬੀ ਹੈ ਕਹਿੰਦਿਆਂ ਚੰਗੀ ਨਹੀਂ ਲਗਦੀ। ਪਰ ਤੁਸੀਂ ਪੁਛਦੇ ਹੋ, ਤਾਂ ਸੁਣ ਲਓ -

ਤੁਰਕਾਂ ਦੀਆਂ ਜ਼ਿਆਦਤੀਆਂ ਨੇ ਮੈਨੂੰ ਡਾਕਾ ਮਾਰਨ ਤੇ ਮਜਬੂਰ ਕਰ ਦਿੱਤਾ। ਮੈਂ ਤੁਰਕਾਂ ਦਾ ਗੁਲਾਮ ਰਹਿਣਾ ਪਸੰਦ ਨਹੀਂ ਕਰਦਾ ਸਾਂ। ਜਿਸ ਨੂੰ ਵੇਖੋ ਸਿਰ ਝੁਕਾਓ ਤੇ ਫਿਟਕਾਰਾਂ ਖਾਓ। ਉਸ ਵੇਲੇ ਮੈਂ ਇਕ ਬੰਦੂਕ ਲਈ ਤੇ ਇਕ ਦਰਜਨ ਸਾਥੀਆਂ ਨੂੰ ਨਾਲ ਲੈ ਕੇ ਪਹਾੜੀ ਜੰਗਲਾਂ ਵਿਚ ਆ ਠਿਕਾਣਾ ਕੀਤਾ। ਇਥੇ ਰਹਿ ਕੇ ਅਸੀਂ ਤੁਰਕਾਂ ਤੇ ਛਾਪੇ ਮਾਰਦੇ, ਰੋਜ਼ ਮਾਰ ਧਾੜ ਹੁੰਦੀ। ਕੁਝ ਨਾ ਕੁਝ ਲੈ ਹੀ ਨਿਕਲਦੇ। ਆਖਰ ਇਕ ਦਿਨ ਅਸੀਂ ਅਲੀ ਦੇ ਫਿਰਕੇ ਵਾਲਿਆਂ ਨਾਲ ਕਤਈ ਨਿਬੇੜਾ ਕਰਨ ਦਾ ਫੈਸਲਾ ਕਰ ਲਿਆ। ਉਸ ਦੇ ਪਿੰਡ ਤੇ ਜਾ ਛਾਪਾ ਮਾਰਿਆ। ਤਿੰਨ ਆਦਮੀਆਂ ਨੂੰ ਜਾਨੋਂ ਮਾਰ ਦਿੱਤਾ ਤੇ ਅਲੀ ਵੈਸੇ ਦੌੜ ਗਿਆ, ਸਾਨੂੰ ਕਿਤੇ ਨਾ ਲੱਭਿਆ। ਆਖਰ ਅਸੀਂ ਪਿੰਡ ਨੂੰ ਲੁੱਟਦੇ ਕੁਟਦੇ ਆਪਣੇ ਅੱਡੇ ਤੇ ਆ ਪਹੁੰਚੇ। ਲੇਕਨ ਸਾਨੂੰ ਵੀ ਇਸ ਦਾ ਇਵਜ਼ਾਨਾ ਭੁਗਤਣਾ ਪੈਂਦਾ ਸੀ। ਅਲੀ ਨੇ ਸਾਡੇ ਨਾਲੋਂ ਵੱਡੀ ਟੋਲੀ ਇੱਕਠੀ ਕਰ ਲਈ ਤੇ ਸਾਨੂੰ ਜੰਗਲ ਵਿਚੋਂ ਆ ਮਾਰ ਭਜਾਇਆ। ਆਖਰ ਅਸੀਂ ਭੱਜ ਕੇ ਕੰਦਰਾਂ ਵਿਚ ਜਾ ਲੁਕੇ ਤੇ ਫੈਸਲਾ ਕੀਤਾ, 'ਇਥੇ ਡਟ ਕੇ ਹੀ ਉਸ ਦਾ ਮੁਕਾਬਲਾ ਕਰਾਂਗੇ।' ਅਲੀ ਦੇ ਸਾਥੀਆਂ ਨੇ ਘੇਰਾ ਆ ਪਾਇਆ। ਅਸੀਂ ਮੁਸੀਬਤ ਵਿਚ ਫਾਥੇ, ਕਾਫੀ ਚਿਰ ਘਿਰੇ ਰਹੇ। ਖਾਣ ਪੀਣ ਦੀ ਕਮੀ ਕਰਕੇ ਭੁਖ ਤੇ ਪਿਆਸ ਦਾ ਸ਼ਿਕਾਰ ਵੀ ਹੋਏ, ਮਗਰ ਸਭ ਕੁਝ ਝਲਦੇ ਰਹੇ। ਅਖੀਰ ਮੈਂ ਸੋਚਿਆ, ਇਸ ਤਰ੍ਹਾਂ ਕੰਮ ਨਹੀਂ ਚਲੇਗਾ। ਮੈਂ ਸਾਥੀਆਂ ਨੂੰ ਕਿਹਾ ਕਿ ਇਉਂ ਭੁਖੇ ਮਰਨ ਨਾਲੋਂ ਤਾਂ ਅੱਛਾ ਹੈ ਕਿ ਅਸੀਂ ਇਕ ਦਮ ਭੱਜ ਦੌੜਨ ਦੀ ਕੋਸ਼ਿਸ਼ ਕਰੀਏ, ਮਰਨਾ ਤਾਂ ਹੈ ਹੀ। ਮਾਰ ਕੇ ਮਰਨਾ ਅੱਛਾ ਹੈ।

ਸਭ ਨੇ ਇਹੋ ਸਲਾਹ ਪਕਾਈ, ਹੋਰ ਕੋਈ ਚਾਰਾ ਨਹੀਂ ਸੀ, ਮੈਂ ਤਲਵਾਰ ਲੈ ਕੇ ਸਭ ਤੋਂ ਅੱਗੇ ਨਿਕਲਿਆ। ਲੋਕ ਮੇਰੇ ਪਿਛੇ ਪਿਛੇ ਸਨ। ਤੁਰਕਾਂ ਨੇ

ਗੋਲੀਆਂ ਨਾਲ ਸਾਨੂੰ ਰੋਕਣਾ ਚਾਹਿਆ। ਮੈਂ ਆਪਣੇ ਦੋ ਸਾਥੀਆਂ ਨੂੰ ਡਿਗਦਿਆਂ ਤੱਕਿਆ। ਮੇਰੇ ਲਈ ਹੁਣ ਇਕੋ ਰਾਹ ਸੀ, ਜੰਗ ਵਿਚ ਜੂਝਣਾ। ਮੈਂ ਦੁਸ਼ਮਨ ਤੇ ਟੁੱਟ ਪਿਆ, ਤਲਵਾਰ ਘੁਮਾਉਂਦਾ ਹੋਇਆ ਅੱਖਾਂ ਲਾਲ ਕਰਕੇ ਅੰਗੇ ਵਧਦਾ ਗਿਆ। ਮੈਨੂੰ ਕੁਛ ਦਿਖਾਈ ਨਹੀਂ ਦੇਂਦਾ ਸੀ। ਅਚਾਨਕ ਕਿਸੇ ਨੇ ਆ ਚੋਟ ਮਾਰੀ, ਮੈਂ ਬੇਹੋਸ਼ ਹੋ ਕੇ ਉਥੇ ਹੀ ਧੜੰਮ ਡਿਗ ਪਿਆ।

ਜਦੋਂ ਹੋਸ਼ ਆਈ, ਕੀ ਵੇਖਿਆ ਕਿ ਮੈਂ ਅਲੀ ਦੇ ਘਰ ਸੋਫੇ ਉਤੇ ਲੇਟਿਆ ਹੋਇਆ ਹਾਂ ਤੇ ਕੁਛ ਹੋਰ ਤੁਰਕ, ਅਲੀ ਸਮੇਤ ਮੇਰੇ ਪਾਸ ਬੈਠੇ ਹੋਏ ਹਨ। ਮੈਂ ਅੱਖੀਆਂ ਖੋਲ੍ਹੀਆਂ ਤਾਂ ਅਲੀ ਨੇ ਮੇਰਾ ਹੱਥ ਫੜ ਕੇ ਪੁਛਿਆ, 'ਕੀ ਹਾਲ ਹੈ?' ਮੈਂ ਉਠਣ ਦੀ ਕੋਸ਼ਸ਼ ਕੀਤੀ, ਪਰ ਐਸੀ ਦਰਦ ਉਠੀ, ਜਿਵੇਂ ਮੈਨੂੰ ਦੁਬਾਰਾ ਚੋਟ ਲਗੀ ਹੋਵੇ। ਮੈਨੂੰ ਬੇਹੋਸ਼ੀ ਐਸੀ ਆਈ ਕਿ ਮੈਂ ਫਿਰ ਕੁਛ ਬੋਲ ਨਾ ਸਕਿਆ।

ਪੂਰਾ ਮਹੀਨਾ ਭਰ ਮੈਂ ਮੌਤ ਨਾਲ ਘੁਲਦਾ ਰਿਹਾ। ਅਲੀ ਮੇਰੇ ਕੋਲੋਂ ਇਕ ਮਿੰਟ ਲਈ ਵੀ ਲਾਂਭੇ ਨਾ ਹੋਇਆ। ਉਹ ਪਿਤਾ ਨਾਲੋਂ ਵੀ ਵਧ ਮੇਰੀ ਸੇਵਾ ਲਗਨ ਨਾਲ ਕਰਦਾ ਸੀ। ਆਪਣੀ ਹਥੀਂ ਮੇਰੀ ਮੱਲ੍ਹਮ ਪੱਟੀ ਕਰਦਾ, ਪਾਣੀ ਪਿਲਾਉਂਦਾ ਤੇ ਖਾਣ ਵਲੋਂ ਇਨਕਾਰ ਕਰਨ ਤੇ ਵੀ ਬੱਚਿਆਂ ਵਾਂਗ ਪੁਚਕਾਰ ਕੇ ਮੈਨੂੰ ਖਲਾਉਂਦਾ। ਕਦੇ ਕਦੇ ਉਹ ਮੇਰਾ ਸਿਰ ਆਪਣੇ ਪੱਟਾਂ ਤੇ ਰਖਕੇ ਚੰਗੀਆਂ ਚੰਗੀਆਂ ਖੁਰਾਕਾਂ ਵੀ ਮੇਰੇ ਮੂੰਹ ਵਿਚ ਪਾਉਂਦਾ।

ਹੌਲੀ ਹੌਲੀ ਮੈਂ ਅੱਛਾ ਹੁੰਦਾ ਗਿਆ। ਜ਼ਖਮ ਠੀਕ ਹੁੰਦੇ ਗਏ। ਦੀਵਾਰ ਦੇ ਸਹਾਰੇ ਕਮਰੇ ਵਿਚ ਮੈਂ ਟਹਿਲਣ ਲਗ ਪਿਆ। ਅਲੀ ਮੈਨੂੰ ਸਹਾਰਾ ਦੇ ਕੇ ਬਾਹਰ ਵੇਹੜੇ ਦੀ ਸੈਰ ਵੀ ਕਰਾਉਂਦਾ ਤੇ ਤੂਤ ਦੀ ਠੰਢੀ ਛਾਂ ਵਿਚ ਲਿਆ ਬਿਠਾ ਦੇਂਦਾ।

ਇਸ ਤਰ੍ਹਾਂ ਦਿਨ ਬਦਿਨ ਮੇਰੀ ਹਾਲਤ ਸੁਧਰਦੀ ਗਈ। ਉਹ ਮੈਨੂੰ ਦੇਖ ਕੇ ਬਹੁਤ ਖੁਸ਼ ਹੁੰਦਾ। ਉਸ ਦਾ ਚੇਹਰਾ ਖਿੜ ਉਠਦਾ ਤੇ ਮੁਸਕਰਾ ਕੇ ਆਖਦਾ, 'ਕੀ ਹੁਣ ਉਛਲ ਕੁਦ ਸਕਦਾ ਹੈਂ?'

ਮੈਂ ਕਿਹਾ, 'ਅਜੇ ਨਹੀਂ। ਅਜੇ ਇਤਨੀ ਤਾਕਤ ਨਹੀਂ ਹੋਈ। ਉਸ ਨੇ ਆਪਣੀਆਂ ਮੁੱਛਾਂ ਤੇ ਹਥ ਫੇਰਿਆ ਤੇ ਮੁਸਕਰਾ ਪਿਆ।

'ਹੁਣ ਜ਼ਿਆਦਾ ਦੇਰ ਨਹੀਂ ਲਗੇਗੀ। ਤੂੰ ਜਲਦੀ ਹੀ ਦੌੜ ਕੁਦ ਸਕੇਂਗਾ।' ਇਕ ਦੋ ਦਿਨਾਂ ਬਾਦ ਵਿਚ ਫਿਰ ਉਸਨੇ ਇਹੋ ਸਵਾਲ ਕੀਤਾ।

'ਅੱਛਾ ਵੇਖਦਾ ਹਾਂ', ਕਹਿ ਕੇ ਵੀ ਕੋਸ਼ਿਸ਼ ਕੀਤੀ। ਉਹ ਇਕ ਤਰਫ ਖਲੋਤਾ ਰਿਹਾ। ਮੈਂ ਦੌੜ ਲਾਈ, ਚੁੰਗੀਆਂ ਭਰੀਆਂ, ਕਾਫੀ ਉਚਾ ਕੁੱਦਿਆ। ਅਲੀ ਬਹੁਤ ਖੁਸ਼ ਹੋਇਆ ਤੇ ਖਿੜ ਖਿੜਾ ਕੇ ਹੱਸ ਪਿਆ।

'ਇਸਦਾ ਮਤਲਬ ਇਹ ਹੈ ਕਿ ਤੂੰ ਰਾਜ਼ੀ-ਬਾਜ਼ੀ ਹੋ ਗਿਆ ਹੈਂ।'

ਅਲੀ ਮੈਨੂੰ ਉਥੇ ਹੀ ਛੱਡ ਕੇ ਆਪ ਕਮਰੇ ਅੰਦਰ ਚਲਾ ਗਿਆ। ਮੈਂ ਕੁਛ ਸਮਝ ਨਾ ਸਕਿਆ, ਉਸ ਵਲ ਤੱਕਦਾ ਰਿਹਾ। ਕੁਛ ਚਿਰ ਬਾਦ ਉਹ ਆਪਣੇ ਹੱਥਾਂ ਵਿਚ ਦੋ ਭਰੀਆਂ ਭਰਾਈਆਂ ਬੰਦੂਕਾਂ ਲੈ ਕੇ ਆ ਨਿਕਲਿਆ। ਉਸ ਦਾ ਚੇਹਰਾ ਪੀਲਾ ਹੋ ਰਿਹਾ ਸੀ ਤੇ ਉਸ ਦੀਆਂ ਅੱਖਾਂ ਭੁਖੀ ਬਿੱਲੀ ਵਾਂਗ ਚਮਕ ਰਹੀਆਂ ਸਨ।

'ਹੁਣ ਤੂੰ ਰਾਜ਼ੀ-ਬਾਜ਼ੀ ਹੋ ਗਿਆ ਹੈਂ ਤੇ ਆਪਣੇ ਪੈਰਾਂ ਤੇ ਖੜੋ ਸਕਦਾ ਹੈਂ। ਹੁਣ ਤੂੰ ਪਹਿਲੇ ਵਾਂਗ ਹੋ ਚੁਕਾ ਹੈਂ, ਇਸ ਲਈ ਤੈਨੂੰ ਬਦਲਾ ਦੇਣਾ ਪਵੇਗਾ। ਤੇਰੇ ਤੇ ਮੇਰਾ ਕਰਜ਼ਾ ਹੈ। ਪੂਰੇ ਤਿੰਨ ਖੂਨ। ਤੂੰ ਮੇਰੇ ਦੋ ਭਾਈਆਂ ਦੀ ਜਾਨ ਲਈ ਹੈ। ਇਹ ਕਹਿੰਦਿਆਂ ਉਸ ਦੀਆਂ ਅੱਖਾਂ ਚੋਂ ਲਹੂ ਟਪਕਣ ਲਗਾ ਤੇ ਬੁੱਲ੍ਹ ਫਰਕਣ ਲਗ ਪਏ।

'ਮੈਂ ਤੁਹਾਨੂੰ ਜ਼ਖਮੀ ਸਮਝ ਕੇ ਵਾਰ ਨਹੀਂ ਕੀਤਾ ਸੀ। ਘਾਇਲ ਤੇ ਮੈਂ ਵਾਰ ਨਹੀਂ ਕਰਦਾ। ਇਸੇ ਲਈ ਮੈਂ ਤੈਨੂੰ ਰਾਜ਼ੀ ਵੀ ਕੀਤਾ, ਹੁਣ ਤੈਥੋਂ ਬਦਲਾ ਲਵਾਂਗਾ। ਅਲੀ ਕਦੀ ਨਿੱਹਥਿਆਂ ਤੇ ਹਮਲਾ ਨਹੀਂ ਕਰਦਾ ਤੇ ਤੇਰੇ ਲਈ ਵੀ ਉਹ ਆਪਣਾ ਅਸੂਲ ਨਹੀਂ ਤੋੜੇਗਾ।'

ਉਸ ਨੇ ਮੇਰੇ ਹਥ ਵਿਚ ਬੰਦੂਕ ਫੜਾ ਦਿੱਤੀ ਤੇ ਬੋਲਿਆ, 'ਇਹ ਲਓ, ਮੇਰੇ ਵਰਗੀ ਹੀ ਭਰੀ-ਭਰਾਈ ਬੰਦੂਕ। ਚਲੋ ਜੰਗਲ ਵਿਚ ਚਲ ਕੇ ਆਪਣਾ ਨਿਬੇੜਾ ਕਰ ਲਈਏ।'

ਮੇਰੇ ਮੂੰਹ ਵਿਚ ਕੋਈ ਸ਼ਬਦ ਨਹੀਂ ਸੀ ਆਉਂਦਾ। ਕੀ ਆਖਦਾ? ਧੌਣ ਨੀਵੀਂ ਕਰਕੇ ਉਦਾਸ ਹੋ ਕੇ ਉਸ ਦੇ ਪਿਛੇ ਪਿਛੇ ਤੁਰ ਪਿਆ।

ਅਸੀਂ ਲੋਕ ਜੰਗਲ ਵਿਚ ਜਾ ਪਹੁੰਚੇ।

'ਬਸ ਤੂੰ ਇਥੇ ਰੁਕ। ਮੈਂ ਸਾਹਮਣੇ ਖੜਾ ਹੁੰਦਾ ਹਾਂ। ਇਸੇ ਥਾਂ ਤੋਂ ਅਸੀਂ ਇਕ ਦੂਜੇ ਤੇ ਗੋਲੀ ਚਲਾਈਏ।' ਉਸ ਨੇ ਪੂਰੇ ਰੋਅਬ ਨਾਲ ਆਖਿਆ।

ਹੁਣ ਮੈਨੂੰ ਸਾਰੀ ਗੱਲ ਸਮਝ ਵਿਚ ਆ ਗਈ। ਮੈਂ ਬੰਦੂਕ ਇਕ ਪਾਸੇ ਸੁਟ ਕੇ ਖੜਾ ਹੋ ਗਿਆ।

'ਤੁਹਾਡੇ ਤੇ ਹੱਥ ਉਠਾਵਾਂ? ਕੀ ਤੁਸੀਂ ਸਮਝਦੇ ਹੋ, ਮੈਂ ਇਤਨਾ ਨੀਚ ਹਾਂ, ਨਹੀਂ, ਇਹ ਕਦੇ ਨਹੀਂ ਹੋ ਸਕਦਾ।'

'ਕਰਨਾ ਪਵੇਗਾ। ਮਜਬੂਰਨ ਕਰਨਾ ਪਵੇਗਾ।'

ਉਸ ਨੇ ਮਖੌਲ ਕਰਦਿਆਂ ਕਿਹਾ, 'ਹੁਣ ਇਸ ਨੂੰ ਟਾਲਿਆ ਨਹੀਂ ਜਾ ਸਕਦਾ। ਅਜ ਫੈਸਲਾ ਹੋ ਕੇ ਰਹੇਗਾ। ਮੈਂ ਨਿਹੱਥੇ ਤੇ ਗੋਲੀ ਨਹੀਂ ਚਲਾਉਣੀ ਚਾਹੁੰਦਾ। ਚਲ ਲੈ ਬੰਦੂਕ, ਮੈਂ ਤੇਰੇ ਨਾਲ ਠੱਠਾ ਨਹੀਂ ਕਰ ਰਿਹਾ।

ਮੈਂ ਚੁਪ ਚਾਪ ਖੜੋਤਾ ਰਿਹਾ।

'ਉਠਾ ਲੈ ਬੰਦੂਕ, ਮੈਂ ਜੋ ਆਖਦਾ ਹਾਂ।' ਉਸ ਨੇ ਗੱਜ ਕੇ ਕਿਹਾ। ਮਰਦ ਹੈਂ ਕਿ ....।'

ਮੈਂ ਬੰਦੂਕ ਚੁੱਕ ਲੀਤੀ।

'ਸਾਹਮਣੇ ਵੇਖੋ।'

ਮੈਂ ਉਸ ਵਲ ਰੁਖ ਕਰ ਲਿਆ। ਉਸ ਨੇ ਕਿਹਾ, 'ਮੇਰਾ ਨਿਸ਼ਾਨਾ ਕਰੋ।' ਉਸ ਨੇ ਮੇਰੇ ਤੇ ਨਿਸ਼ਾਨਾ ਸੇਧਿਆ। ਮੈਂ ਆਪਣੀ ਬੰਦੂਕ ਦੀ ਨਾਲੀ ਉਸ ਵਲ ਕਰ ਦਿੱਤੀ। ਉਸ ਦੀ ਬੰਦੂਕ ਚਲੀ। ਗੋਲੀ ਸੱਨਾਟਾ ਪਾਂਦੀ ਨਿਕਲ ਗਈ, ਸਾਰਾ ਜੰਗਲ ਗੂੰਜ ਉਠਿਆ।

ਪਤਾ ਨਹੀਂ ਘੋੜਾ ਦਬਾਇਆ ਯਾ ਨਹੀਂ। ਪਰ ਜਦ ਮੇਰੀ ਨਜ਼ਰ ਅਲੀ ਤੇ ਪਈ ਤਾਂ ਮੈਂ ਅਲੀ ਨੂੰ ਲੜਖੜਾਂਦਿਆਂ ਹੋਇਆ ਖ਼ੂਨ ਵਿਚ ਲੇਥੂ-ਪੇਥੂ ਡਿਗਦਿਆਂ ਤੱਕਿਆ। ਘਬਰਾ ਕੇ ਚੀਕਾਂ ਮਾਰਦਾ ਮੈਂ ਉਸ ਵਲ ਦੌੜਿਆ। ਪਰ ਉਸ ਦੇ ਪ੍ਰਾਣ-ਪੰਛੀ ਉਡ ਚੁੱਕੇ ਸਨ।

ਉਸ ਵੇਲੇ ਤੋਂ ਮੈਂ ਉਸ ਦੇ ਬਾਲ ਬੱਚੇ ਲਈ ਹਰ ਸਾਲ ਆਲੂ, ਆਟਾ, ਦਾਲ, ਕਪੜੇ ਵਗੈਰਾ ਪਹੁੰਚਾਇਆ ਕਰਦਾ ਹਾਂ। ਕਦੀ ਕਦੀ ਭੇਡ, ਬੱਕਰੀ, ਗਊ ਵੀ ਉਨ੍ਹਾਂ ਨੂੰ ਦੇ ਆਉਂਦਾ ਹਾਂ।'

ਡਿਯੂਕ ਨੇ ਆਪਣੀ ਕਹਾਣੀ ਸਮਾਪਤ ਕੀਤੀ ਤੇ ਸਿਰ ਹੇਠਾਂ ਨੂੰ ਸੁੱਟ ਲਿਆ। ਮਗਰ ਉਹ ਆਪਣੇ ਹੰਝੂਆਂ ਦੀ ਝੜੀ ਨੂੰ ਕਿਸੇ ਤਰ੍ਹਾਂ ਵੀ ਰੋਕ ਨਹੀਂ ਸਕਦਾ ਸੀ।

-ਸਰਵੀਆ ਦੀ ਕਹਾਣੀ

❖ ❖ ❖

(੧੪) ਪੀਰ ਫਾਜ਼ਲਸ਼ਾਹ

ਇਹ ਬਾਹਲੇ ਪੁਰਾਣੇ ਵਕਤਾਂ ਦੀ ਗੱਲ ਨਹੀਂ, ਥੋੜ੍ਹੇ ਸਮੇਂ ਦੀ ਹੀ ਹੈ ਕਿ ਇਕ ਮੋਟਾ ਤਾਜ਼ਾ ਆਦਮੀ ਉਮਰ ਦਾ ਅੱਧਖੜ ਤੇ ਸੁਭਾ ਦਾ ਭੋਲਾ-ਭਾਲਾ ਜੇਹਾ ਦਿੱਲੀ ਸ਼ਹਿਰ ਵਿਚ ਰਹਿੰਦਾ ਸੀ। ਇਸ ਦੀ ਦਾੜ੍ਹੀ ਕੱਕੀ ਭੂਰੀ ਤੇ ਤ੍ਰਕੜੀ ਲੰਮੀ ਸੀ। ਜਦੋਂ ਕਦੀ ਪੌਣ ਦੇਵਤਾ ਆਰਾਮ ਕਰਦਾ ਤਾਂ ਇਹ ਕਿਤੇ ਆਰਾਮ ਕਰਦੀ ਸੀ, ਨਹੀਂ ਹਵਾ ਵਿਚ ਹੀ ਲਹਿਰਾਉਂਦੀ ਰਹਿੰਦੀ। ਤੇਜ਼ ਹਵਾ ਵਿਚ ਤਾਂ ਇਸ ਗਰੀਬ ਨੂੰ ਬੜੀ ਕਠਨਾਈ ਦਾ ਸਾਹਮਣਾ ਕਰਨਾ ਪੈਂਦਾ, ਜੇ ਪੱਛੋਂ ਵਗਦੀ ਤਾਂ ਇਸ ਦੀ ਦਾੜ੍ਹੀ ਪੁਰੇ ਵਲ ਨੂੰ ਉਡਦੀ, ਜੇ ਪੁਰਾ ਚਲਦਾ ਤਾਂ ਦਾੜ੍ਹੀ ਦੀ ਦੌੜ ਪੱਛੋਂ ਵਲ ਨੂੰ ਹੁੰਦੀ। ਪੜ੍ਹਿਆ ਲਿਖਿਆ ਤਾਂ ਉਕਾ ਹੀ ਨਹੀਂ ਸੀ ਪਰ ਨਾਮ ਮੁਹੰਮਦ ਫਾਜ਼ਲ ਸੀ। ਇਸ ਲਈ ਕਾਲਾ ਅੱਖਰ ਤਾਂ ਭੈਂਸ ਬਰਾਬਰ ਸੀ, ਪਰ ਸੀ ਫਾਜ਼ਲ ਸ਼ਾਹ।

ਇਹ ਨਾਂ ਇਸ ਨੇ ਆਪ ਨਹੀਂ ਸੀ ਰਖਿਆ, ਦਰ ਅਸਲ ਇਸ ਦੀ ਤੇਜ਼ ਤਰਾਰ ਪਤਨੀ ਨੇ ਹੀ ਇਹ ਨਾਮ ਧਰ ਦਿੱਤਾ ਸੀ। ਇਹ ਤਾਂ ਬੇਚਾਰਾ ਭੋਲਾ ਭੰਡਾਰਾ ਰੱਬ ਦਾ ਬੰਦਾ ਸੀ, ਪਰ ਇਸ ਦੇ ਹਿੱਸੇ ਦੀ ਅਕਲ ਇਸ ਦੀ ਪਤਨੀ ਨੇ ਰੱਬ ਪਾਸੋਂ ਆਪ ਲੈ ਰਖੀ ਸੀ। ਇਕ ਦਿਨ ਦੋਵੇਂ ਪਤੀ ਪਤਨੀ ਇਉਂ ਗੱਲ ਬਾਤ ਕਰਨ ਲਗੇ :-

ਪਤਨੀ - ਦੇਖ, ਕੋਈ ਕੰਮ ਕਰ, ਇਉਂ ਹਥ ਤੇ ਹਥ ਰਖ ਕੇ ਤਾਂ ਗੁਜ਼ਾਰਾ ਨਹੀਂ ਚਲਣਾ।

ਮੀਆਂ - ਕੀ ਕਰਾਂ? ਜੋ ਤੂੰ ਆਖੇਂ ਉਹ ਕਰ ਲੈਂਦਾ ਹਾਂ, ਹੋਰ ਮੈਂ ਕੀ ਕਰ ਸਕਦਾ ਹਾਂ। ਪੜ੍ਹਿਆ ਲਿਖਿਆ ਮੈਂ ਹੈ ਨਹੀਂ, ਪੈਸਾ ਧੇਲਾ ਮੇਰੇ ਪਾਸ ਕੋਈ ਨਹੀਂ, ਕਰਾਂ ਤਾਂ ਕੀ ਕਰਾਂ? ਮੈਨੂੰ ਤਾਂ ਕੁਛ ਨਹੀਂ ਸੁਝਦਾ।

ਪਤਨੀ - ਫਿਰ ਗੁਜ਼ਾਰਾ ਕਿਵੇਂ ਚਲੇਗਾ?

ਮੀਆਂ - (ਸਿਰ ਖੁਰਕਦਾ ਹੋਇਆ) ਮੈਂ ਕੀ ਦੱਸਾਂ

ਪਤਨੀ - ਮੈਂ ਤਾਂ ਸਿਰ ਤੇੜੋਂ ਵੀ ਨੰਗੀ ਫਿਰ ਰਹੀ ਹਾਂ, ਜੋ ਕਪੜੇ ਭਾਂਡੇ ਮਾਪਿਆਂ ਦਿੱਤੇ ਸੀ, ਉਹ ਵੀ ਵੇਚ ਕੇ ਖਾ ਪੀ ਚੁੱਕੇ ਹਾਂ। ਮੈਂ ਪੁਛਦੀ ਹਾਂ, ਸਾਡਾ ਹੁਣ ਬਣੇਗਾ ਕੀ?

ਮੀਆਂ ਦਾੜ੍ਹੀ ਖੁਰਕਦਾ ਚੁਪ ਕਰ ਰਿਹਾ।

ਪਤਨੀ - ਬੋਲਦਾ ਕਿਉਂ ਨਹੀਂ, ਕੋਈ ਜਵਾਬ ਦੇ। ਤੈਂ ਕੀ ਸੋਚ ਰਖਿਆ ਹੈ, ਕੀ ਮਿੱਟੀ ਫੱਕਕੇ ਦਿਨ ਕੱਟਿਆ ਕਰਿਆ ਕਰਾਂਗੇ?

ਮੀਆਂ- ਅੱਲ੍ਹਾ ਮਾਲਕ ਹੈ, ਉਸ ਨੇ ਪੈਦਾ ਕੀਤਾ ਹੈ, ਕੀ ਉਹ ਰਿਜ਼ਕ ਨਹੀਂ ਦੇਵੇਗਾ?

ਪਤਨੀ - ਤੂੰ ਬੜਾ ਅੱਲ੍ਹਾ ਵਾਲਾ ਬਣਿਆ ਫਿਰਦਾ ਹੈਂ। (ਕੁਛ ਸੋਚਕੇ) ਹਾਂ, ਮੈਨੂੰ ਸੁਝ ਪਿਆ, ਬਸ ਠੀਕ ਹੈ, ਤੂੰ ਪੀਰ ਬਣ ਜਾ, ਸਭ ਦਲਿਦਰ ਧੋਤਾ ਜਾਏਗਾ।

ਮੀਆਂ - ਕੀ ਬਣ ਜਾਵਾਂ, ਕੀ ਕਹਿਨੀ ਏਂ ਟਿਡੀਏ !

(ਮੀਆਂ ਸਾਹਿਬ ਕਦੀ ਕਦੀ ਆਪਣੀ ਔਰਤ ਨੂੰ ਪਿਆਰ ਨਾਲ ਟਿਡੀ ਨਾਮ ਨਾਲ ਯਾਦ ਕੀਤਾ ਕਰਦੇ ਸਨ)

ਪਤਨੀ - ਪੀਰ ਬਣ ਜਾ ਪੀਰ, ਕਿਉਂ, ਕੀ ਇਹ ਮਾੜੀ ਗੱਲ ਹੈ?

ਮੀਆਂ - ਨ ਬਾਬਾ ! ਨਾ, ਇਹ ਬੀਮਾਰੀ ਮੇਰੇ ਵਸ ਦੀ ਨਹੀਂ।

ਪਤਨੀ - ਵਧੀਆ ਪੀਰ ਨ ਸਹੀ, ਮਾਮੂਲੀ ਪੀਰ ਹੀ ਬਣ ਜਾ, ਜੈਸਾ ਕਿ ਸ਼ਾਹ ਸਾਹਿਬ ਹੁੰਦੇ ਹਨ। ਅੱਛਾ ਇਉਂ ਕਰ, ਤੂੰ ਬਿਲਕੁਲ ਨ ਬੋਲੀਂ, ਜਿਵੇਂ ਜਿਵੇਂ ਮੈਂ ਆਖਾਂਗੀ, ਉਸੇ ਤਰ੍ਹਾਂ ਕਰੀਂ ਜਾਵੀਂ, ਨਹੀਂ ਮੈਥੋਂ ਬੁਰਾ ਕੋਈ ਨਹੀਂ।

ਮੀਆਂ ਚੁਪ ਕਰ ਰਿਹਾ। ਕੁਛ ਤਾਂ ਘਰ ਵਾਲੀ ਤੋਂ ਡਰਦਾ ਸੀ ਤੇ ਮਹਿਸੂਸ ਕਰਦਾ ਸੀ ਕਿ ਮੈਂ ਬੇ-ਸਮਝ ਹਾਂ ਤੇ ਮੇਰੀ ਪਤਨੀ ਅਕਲ ਵਾਲੀ ਹੈ। ਕੁਛ ਕੁਛ ਆਪਸ ਵਿਚ ਪਿਆਰ ਵੀ ਕਾਫੀ ਸੀ। ਮੂਰਖ ਦਾ ਪਿਆਰ ਵੀ ਮੂਰਖ ਹੀ ਹੁੰਦਾ ਹੈ। ਮੁਕਦੀ ਗੱਲ ਮੀਆਂ ਸਾਹਿਬ ਬੀਵੀ ਦੇ ਫੁਰਮਾਨ ਅਨੁਸਾਰ ਹੀ ਸਭ ਕੁਝ ਕਰਨ ਨੂੰ ਤਿਆਰ ਹੋ ਪਏ। ਦਾੜ੍ਹੀ ਤੇ ਪਟੇ ਤੇ ਅਛੇ ਸਨ ਹੀ, ਆਪਣੇ ਪੁਰਾਣੇ ਚੋਲੇ ਨੂੰ ਗੇਰੂਆ ਰੰਗ ਲਿਆ ਤੇ ਅੱਛਾ 'ਫਾਜ਼ਲਸ਼ਾਹ ਸਾਹਿਬ' ਬਣ ਗਿਆ। ਸਾਫ ਉਜਲੇ ਕੱਪੜੇ ਵਿਚ ਇੱਟਾਂ ਬੰਨ੍ਹ ਕੇ ਦੋ ਬਸਤੇ ਬਣਾ ਕੇ ਬਗਲ ਵਿਚ ਲੈ ਲਏ, ਜਿਸ ਨੂੰ ਲੋਕ ਕਿਤਾਬਾਂ ਸਮਝਣ, ਇਉਂ ਇਹ ਦਾੜ੍ਹੀ ਪਟਿਆਂ ਨੂੰ ਤੇਲ ਲਾ ਕੇ ਜਾਮਾ ਮਸਜਿਦ ਦੀ ਤਸਬੀ ਲੈ ਲਈ। ਇਸ ਨੂੰ ਇਸ ਗੱਲ ਨਾਲ ਤਾਂ

ਕੋਈ ਸੰਬੰਧ ਹੀ ਨਹੀਂ ਸੀ ਕਿ ਮੈਂ ਕੀ ਕਰ ਰਿਹਾ ਹਾਂ ਤੇ ਹੋ ਕੀ ਰਿਹਾ ਹੈ। ਇਹ ਤਾਂ ਕੇਵਲ ਆਪਣੀ ਬੀਵੀ ਦੇ ਹੁਕਮਾਂ ਦੀ ਪਾਲਣਾ ਕਰ ਰਿਹਾ ਸੀ, ਜਿਉਂ ਜਿਉਂ ਸ਼ਾਮ ਹੁੰਦੀ, ਇਹ ਬੜਾ ਖੁਸ਼ ਹੁੰਦਾ ਕਿ ਹੁਣ ਘਰ ਜਾ ਕੇ ਟਿਡੀ ਨਾਲ ਗੱਲਾਂ ਕਰਾਂਗਾ।

ਰੱਬ ਦੀ ਮਰਜ਼ੀ, ਗੱਲ ਇਹ ਹੋਈ ਕਿ ਇਕ ਪਾਲੀ ਆਪਣੀਆਂ ਮੱਝਾਂ ਲਈ ਆ ਰਿਹਾ ਸੀ ਤੇ ਰਸਤੇ ਵਿਚ ਇਕ ਮੱਝ ਗੁੰਮ ਹੋ ਗਈ। ਇਤਫਾਕ ਐਸਾ ਹੋਇਆ ਕਿ ਸ਼ਾਮ ਦੇ ਘੁਸਮੁਸੇ ਵਿਚ ਮਹਿੰ ਦੂਜੇ ਰਸਤੇ ਚਲੀ ਗਈ ਤੇ ਪਾਲੀ ਦੂਜੇ ਰਸਤੇ ਲੱਭਦਾ ਫਿਰਦਾ ਰਿਹਾ। ਮੱਝ ਕਿਵੇਂ ਮਿਲ ਸਕਦੀ ਸੀ। ਡੇਢ ਸੌ ਰੁਪਏ ਦੀ ਮਹਿੰ ਸੀ, ਪਾਲੀ ਦੇ ਹੱਥਾਂ ਦੇ ਤੋਤੇ ਉਡ ਗਏ। ਉਹ ਵਿਚਾਰਾ ਬਿਪਤਾ ਦਾ ਮਾਰਿਆ ਜਾਮਾ ਮਸਜਿਦ ਦੇ ਰਸਤੇ ਲੰਘਿਆ ਤੇ ਉਸ ਨੇ ਫਕੀਰੀ ਚੋਲਾ ਪਹਿਨੀਂ ਤੇ ਤਸਬੀ ਫੇਰ ਰਹੇ ਫਾਜ਼ਲ ਸ਼ਾਹ ਸਾਹਿਬ ਨੂੰ ਵੇਖਿਆ, ਮਾਨੋਂ ਡੁਬਦੇ ਨੂੰ ਤਿਣਕੇ ਦਾ ਸਹਾਰਾ ਮਿਲ ਗਿਆ।

ਆਉਂਦਿਆਂ ਹੀ ਪੈਰ ਛੂਹੇ ਤੇ ਰੋ ਕੇ ਆਖਣ ਲਗਾ, 'ਮੀਆਂ ਹਜ਼ਰਤ ! ਮੇਰੀ ਮਹਿੰ ਗੁਆਚ ਗਈ ਹੈ, ਰੱਬ ਅੱਗੇ ਦੁਆ ਕਰੋ।'

ਪੀਰ ਸਾਹਿਬ ਆਪਣੀ ਟਿਡੀ ਦੇ ਧਿਆਨ ਵਿਚ ਮਗਨ ਸਨ। ਪਾਲੀ ਦਾ ਆਉਣਾ ਉਨ੍ਹਾਂ ਨੂੰ ਬੁਰਾ ਲਗਾ। ਫਾਜ਼ਲ ਸ਼ਾਹ ਨੇ ਉਸ ਵਲ ਘੂਰ ਕੇ ਤੱਕਿਆ ਤੇ ਹੱਥ ਦੇ ਇਸ਼ਾਰੇ ਨਾਲ ਚਲੇ ਜਾਣ ਲਈ ਆਖਿਆਂ। ਲੋਕਾਂ ਨੂੰ ਮਖੌਲ ਲਭ ਪਿਆ। ਕਹਿਣ ਲਗੇ "ਉਧਰ ਜਾਹ, ਤੇਰੀ ਮਹਿੰ ਉਧਰ ਹੈ, ਪੀਰ ਸਾਹਿਬ ਨੇ ਇਸ਼ਾਰਾ ਜੁ ਉਸੇ ਪਾਸੇ ਕੀਤਾ ਹੈ। ਮਹਿੰ ਜ਼ਰੂਰ ਮਿਲ ਜਾਏਗੀ।"

ਪਾਲੀ ਉਧਰ ਨੂੰ ਹੀ ਤੁਰ ਪਿਆ, ਉਸ ਪਾਸੇ ਹੀ ਉਸ ਦਾ ਘਰ ਸੀ, ਕੀ ਦੇਖਦਾ ਹੈ ਕਿ ਮਹਿੰ ਘਰ ਆਈ ਖੜੀ ਹੈ।

ਉਹ ਛੇਤੀ ਨਾਲ ਪੰਜ ਰੁਪਏ ਲੈ ਕੇ ਖੁਸ਼ੀ ਖੁਸ਼ੀ ਪਿਛਲੇ ਪੈਰੀਂ ਵਾਪਸ ਮੁੜਿਆ। ਇਕ ਰੁਪਏ ਦੀ ਮਿਠਿਆਈ ਤੇ ਚਾਰ ਰੁਪਏ ਨਕਦ ਪੀਰ ਦੇ ਚਰਨਾਂ ਵਿਚ ਰਖ ਕੇ ਮੱਥਾ ਟੇਕਿਆ। ਪੀਰ ਜੀ ਨੇ ਫਿਰ ਉਂਗਲੀ ਨਾਲ ਇਸ਼ਾਰਾ ਕੀਤਾ, ਜਿਸ ਤੇ ਪਾਲੀ ਟੁਰਦਾ ਬਣਿਆ। ਪੀਰ ਨੇ ਰੁਪਏ ਜੇਬ ਵਿਚ ਪਾਏ ਤੇ ਮਿਠਿਆਈ ਦੀ ਟੋਕਰੀ ਚਿਟੇ ਵਸਤਰਾਂ ਵਿਚ ਬੰਨ੍ਹ, ਇੱਟਾਂ ਦੇ ਬਸਤੇ ਬੜੀ ਮੁਸ਼ਕਲ ਨਾਲ ਚੁਕੇ ਤੇ ਘਰ ਵਲ ਟੁਰ ਪਿਆ। ਘਰ ਜਾਂ ਕੇ ਆਵਾਜ਼ ਮਾਰੀ, "ਨੀ ਟਿਡੀਏ ! ਮੈਂ ਮਰ ਗਿਆ, ਛੇਤੀ ਆ।"

ਬੀਵੀ ਨੇ ਇਹ ਆਵਾਜ਼ਾਂ ਸੁਣੀਆਂ ਤੇ ਦੌੜੀ ਦੌੜੀ ਆਈ ਕਿ ਕਿਤੇ ਮੇਰਾ ਮੂਰਖ ਮੀਆਂ ਕਿਸੇ ਗੱਡੀ ਹੇਠ ਹੀ ਨਾ ਆ ਗਿਆ ਹੋਵੇ। ਆ ਕੇ ਤੱਕਿਆ ਕਿ ਮੀਆਂ ਪੂਰੀ ਤਰ੍ਹਾਂ ਲਦਿਆ ਹੋਇਆ ਸੀ। ਕੁਝ ਪੀਰੀ ਦੇ ਜ਼ਰੂਰੀ ਸਾਮਾਨ ਨਾਲ ਤੇ ਕੁਝ ਮਠਿਆਈ ਨਾਲ। ਮਠਿਆਈ ਦੀ ਟੋਕਰੀ ਦੇਖ ਕੇ ਉਸਦੀ ਜਾਨ ਵਿਚ ਜਾਨ ਆਈ, ਖੁਸ਼ੀ ਖੁਸ਼ੀ ਟੋਕਰੀ ਚੁਕਕੇ ਅੰਦਰ ਲਿਆਈ। ਪੀਰ ਸਾਹਿਬ ਵੀ ਹਫੇ ਹੋਏ ਸਨ, ਦਮ ਨਾਲ ਦਮ ਨਹੀਂ ਸੀ ਰਲਦਾ। ਬੜੀ ਮੁਸ਼ਕਲ ਨਾਲ ਜੇਬ ਵਿਚੋਂ ਰੁਪਏ ਕੱਢ ਕੇ ਆਖਣ ਲਗੇ, "ਐਹ ਲੈ, ਹੁਣ ਨਹੀਓਂ ਮੈਥੋਂ ਜਾ ਹੁੰਦਾ। ਕਮਬਖਤ ਕਹਿੰਦਾ ਸੀ ਕਿ ਮਹਿੰ ਗੁਆਚ ਗਈ। ਝੂਠਾ ਬੇਈਮਾਨ!"

ਘਰ ਵਾਲੀ ਨੂੰ ਪੀਰ ਸਾਹਿਬ ਦੀ ਗੱਲ ਬਾਤ ਤੋਂ ਕੁਝ ਸਮਝ ਨ ਪਿਆ। ਅਖੀਰ ਉਸ ਨੇ ਪਾਲੀ ਦਾ ਕਿੱਸਾ ਸੁਣਾਇਆ। ਪਤਨੀ ਬੜੀ ਸਿਆਣੀ ਸੀ, ਉਹ ਸਾਰੀ ਗੱਲ ਸਮਝ ਗਈ ਕਿ ਅੱਲਾਂ ਮੀਆਂ ਆਪਣੇ ਬੰਦਿਆਂ ਦੀ ਪੈਜ ਰਖਦਾ ਹੈ। ਆਖਣ ਲਗੀ, 'ਲਓ ਦੇਖੋ ! ਮੈਂ ਕਹਿੰਦੀ ਨਹੀਂ ਸੀ, ਮੇਰੇ ਮੀਆਂ ਬੜੇ ਅੱਛੇ ਹਨ, ਇਹ ਚਾਹੁਣ ਤਾਂ ਮਿਟੀ ਦਾ ਸੋਨਾ ਕਰ ਸਕਦੇ ਹਨ। ਹੁਣ ਥੋੜ੍ਹੇ ਜਿਹੇ ਚਿਰ ਵਿਚ ਹੀ ਚਾਰ ਰੁਪਏ ਨਕਦ ਤੇ ਟੋਕਰੀ ਮਠਿਆਈ ਦੀ ਲੈ ਆਏ ਹਨ। ਕੱਲ ਇਸ ਤੋਂ ਵੀ ਵੱਧ..........।'

ਮੀਆਂ ਝਟ ਬੋਲ ਉਠਿਆ, 'ਕੱਲ ਮੈਂ ਬਿਲਕੁਲ ਨਹੀਂ ਜਾਵਾਂਗਾ।'

ਪਤਨੀ ਆਖਣ ਲਗੀ, 'ਮੇਰੇ ਸਿਰਤਾਜ ! ਐਸਾ ਨ ਕਰੋ, ਦੇਖੋ ਅਜ ਚਾਰ ਵਜੇ ਸ਼ਾਮ ਨੂੰ ਜਾ ਕੇ ਸੱਤ ਵਜੇ ਘਰ ਵਾਪਸ ਆ ਗਏ ਹੋ ਤਾਂ ਇਤਨੀ ਖੱਟੀ ਕਰ ਲਿਆਏ ਹੋ। ਕੱਲ ਜ਼ਰੂਰ ਜਾਣਾ। ਨਹੀਂ ਤਾਂ ਆਪਣੀ ਲੜਾਈ ਹੋ ਜਾਵੇਗੀ। ਹਾਂ !'

ਪੀਰ ਜੀ- ਤੂੰ ਤਾਂ ਬਹੁਤਾ ਲਾਲਚ ਕਰਦੀ ਹੈਂ, ਮਹੀਨੇ ਦਾ ਖਰਚ ਤਾਂ ਮਿਲ ਗਿਆ, ਹੋਰ ਕੀ ਚਾਹੁੰਦੀ ਹੈਂ?

ਉਸ ਜ਼ਮਾਨੇ ਵਿਚ ਦੋ ਰੁਪਏ ਨਾਲ ਮਹੀਨੇ ਦਾ ਗੁਜ਼ਾਰਾ ਹੋ ਜਾਂਦਾ ਸੀ। ਆਖਰ ਇਸ ਤਰ੍ਹਾਂ ਦੇ ਰਗੜੇ ਝਗੜੇ ਬਾਦ, ਪੀਰ ਸਾਹਿਬ ਦੂਜੇ ਦਿਨ ਜਾਣ ਲਈ ਮੰਨ ਗਏ।

ਦੂਜੇ ਦਿਨ ਫਿਰ ਫਾਜ਼ਲ ਸ਼ਾਹ ਉਹੋ ਲਿਬਾਸ ਪਹਿਨ ਕੇ ਜਾਮਾ ਮਸਜਦ ਦੀਆਂ ਪੌੜੀਆਂ ਤੇ ਜਾ ਬੈਠੇ। ਕਿਸਮਤ ਦੀ ਗੱਲ ਕਿ ਇਧਰ ਇਹ ਅਜੇ ਆ ਕੇ ਬੈਠੇ ਹੀ ਸਨ, ਇਕ ਸੁਨਿਆਰ ਦੌੜਦਾ ਦੌੜਦਾ ਆਇਆ, ਆਖਣ ਲਗਾ,

'ਹਜ਼ਰਤ ! ਮੇਰਾ ਹੀਰਾ ਗੁੰਮ ਗਿਆ ਹੈ, ਅੰਗੂਠੀ ਤਿਆਰ ਕਰ ਰਿਹਾ ਸੀ, ਨਗ ਲਿਕਲ ਕੇ ਕਿਧਰੇ ਡਿਗ ਪਿਆ ਸੀ। ਬਹੁਤ ਢੂੰਡ ਭਾਲ ਕੀਤੀ, ਪਰ ਕਿਤੋਂ ਕੁਛ ਪਤਾ ਨਹੀਂ ਲਗਾ। ਤੁਹਾਡੀ ਦਆ ਨਾਲ ਪਰਸੋਂ ਪਾਲੀ ਦੀ ਗੁਆਚੀ ਮਹਿੰ ਮਿਲ ਗਈ ਸੀ, ਹੁਣ ਮੇਰੇ ਲਈ ਦਆ ਕਰੋ, ਤਾਂਕਿ ਮੇਰਾ ਹੀਰਾ ਮਿਲ ਜਾਵੇ।' ਪੀਰ ਸਾਹਿਬ ਅਜੇ ਆ ਕੇ ਬੈਠੇ ਹੀ ਸਨ, ਸਾਹ ਚੜ੍ਹਿਆ ਹੋਇਆ ਸੀ। ਜਦੋਂ ਉਨ੍ਹਾਂ ਵੇਖਿਆ ਕਿ ਸੁਨਿਆਰ ਤਾਂ ਹੱਥ ਧੋ ਕੇ ਪਿਛੇ ਪੈ ਗਿਆ ਹੈ ਤਾਂ ਗੁਸੇ ਵਿਚ ਆਖਣ ਲਗੇ, 'ਮਾਸ਼ ਕਾ ਆਟਾ ਖਾ, ਸੇਰ ਭਰ ਮਾਸ਼ ਕਾ ਆਟਾ, ਨਾਮਾਕੂਲ।''

ਸੁਨਿਆਰ ਘਬਰਾਇਆ ਕਿ ਇਹ ਕੀ ਮੁਸੀਬਤ ਆ ਗਈ। ਲੋਕਾਂ ਲਈ ਹਾਸਾਂ ਬਣ ਗਿਆ। ਕਹਿਣ ਲਗੇ, 'ਸ਼ਾਹ ਸਾਹਿਬ, ਜੋ ਆਖਦੇ ਹਨ, ਓਹੋ ਕਰ, ਤੇਰਾ ਹੀਰਾ ਮਿਲ ਜਾਵੇਗਾ।' ਸੁਨਿਆਰ ਇਸ ਸਮੇਂ ਦੁਪਹਿਰ ਦੀ ਰੋਟੀ ਖਾ ਚੁੱਕਾ ਸੀ ਪਰ ਹੁਣ ਸੇਰ ਭਰ ਮਾਂਹ ਦਾ ਆਟਾ ਖਾਣਾ ਮੁਸ਼ਕਲ ਸੀ। ਮਗਰ ਪੀਰ ਸਾਹਿਬ ਦਾ ਹੁਕਮ ਤੇ ਹੀਰੇ ਦਾ ਲਾਲਚ ਸੀ। ਵਿਚਾਰੇ ਨੇ ਕੁਝ ਦਾਲ ਤੇ ਕੁਝ ਰੋਟੀ ਪਕਾ ਕੇ ਔਖਿਆਂ ਸੌਖਿਆਂ ਹੋ ਕੇ ਸੰਘੋਂ ਹੇਠ ਕਰ ਲਿਆ। ਸਿਧਾ ਦੁਕਾਨ ਤੇ ਗਿਆ, ਪਰ ਰੱਜ ਚੁੱਕਣ ਤੋਂ ਬਾਅਦ ਸੇਰ ਪੱਕੀ ਮਾਂਹ ਦੀ ਖੁਰਾਕ ਮਲੂਕ ਸੁਨਿਆਰ ਨੂੰ ਕਿਸ ਤਰ੍ਹਾਂ ਹਜ਼ਮ ਹੋ ਸਕਦੀ ਸੀ, ਵਿਚਾਰੇ ਨੂੰ ਦਸ਼ਤ ਲਗ ਪਏ, ਤਿੰਨ ਚਾਰ ਵੇਰ ਜਾ ਕੇ ਆਇਆ। ਆਖਰ ਨਿਢਾਲ ਹੋ ਕੇ ਦੁਕਾਨ ਵਿਚ ਲੇਟ ਗਿਆ, ਛੱਤ ਵਲ ਨਜ਼ਰ ਪਈ ਤਾਂ ਕੀ ਵੇਖਦਾ ਹੈ, ਹੀਰਾ ਚਮਕ ਰਿਹਾ ਹੈ। ਛੇਤੀ ਉਠ ਕੇ ਹੀਰਾ ਲਾਹਿਆ। ਗੱਲ ਇਹ ਹੋਈ ਸੀ ਕਿ ਜਦੋਂ ਸੁਨਿਆਰ ਮੋਚਨੇ ਨਾਲ ਹੀਰੇ ਨੂੰ ਅੰਗੂਠੀ ਵਿਚ ਜੜ ਰਿਹਾ ਸੀ, ਓਦੋਂ ਦਬਾ ਨਾਲ ਹੀਰਾ ਉਭੜ ਕੇ ਛੱਤ ਵਿਚ ਟੰਗਿਆ ਗਿਆ ਸੀ। ਛੇਤੀ ਨਾਲ ਹੀਰਾ ਮਿਲਣ ਪਿਛੋਂ ਦੁਕਾਨ ਨੂੰ ਜੰਦਰਾ ਮਾਰ ਕੇ ਸੁਨਿਆਰ ਪੀਰ ਸਾਹਿਬ ਪਾਸ ਪੁੱਜਾ। ਕਹਿਣ ਲਗਾ, 'ਧੰਨ ਹੋ ! ਧੰਨ ਹੋ ਤੁਸੀਂ!' ਇਕ ਮਲਮਲ ਦਾ ਥਾਨ, ਇਕ ਥਾਨ ਲੱਠੇ ਦਾ, ਇਕ ਟੋਕਰਾ ਮਿਠਿਆਈ ਤੇ ਨਕਦ ਦਸ ਰੁਪਏ ਪੀਰ ਜੀ ਦੀ ਭੇਟਾ ਕੀਤੇ। ਪੀਰ ਬਹੁਤ ਘਬਰਾਇਆ। ਉਸ ਦਿਨ ਤਾਂ ਕੇਵਲ ਮਿਠਿਆਈ ਦੀ ਟੋਕਰੀ ਚੁਕਣੀ ਪਈ ਸੀ, ਪਰ ਅਜ ਦੋ ਥਾਨ ਕਪੜੇ ਦੇ ਵੀ ਪਿਠ ਤੇ ਲਦਣੇ ਪੈ ਗਏ, ਨਾਲ ਹੀ ਪੀਰੀ ਦੇ ਸਾਮਾਨ ਦੀ ਬੋਰੀ ਤੇ ਚਾਦਰ ਲਪੇਟੀਆਂ ਇੱਟਾਂ ਵੀ ਸਨ। ਫ਼ਾਜ਼ਲ ਸ਼ਾਹ ਮਸਾਂ ਘਰ ਪਹੁੰਚਿਆ। ਆਉਂਦਿਆਂ ਹੀ ਆਵਾਜ਼ ਮਾਰੀ, 'ਟਿਡੀ, ਛੇਤੀ ਆ,

ਮੈਂ ਤਾਂ ਮਰ ਚਲਿਆ ਹਾਂ। ਭਾਗਵਾਨੇ !'

ਬੀਵੀ ਦੌੜੀ ਆਈ ਤੇ ਮੀਆਂ ਜੀ ਤੋਂ ਸਾਰੀਆਂ ਚੀਜ਼ਾਂ ਲੈ ਕੇ ਸੰਭਾਲੀਆਂ। ਮੀਆਂ ਸਾਹਿਬ ਘਬਰਾਏ ਤੇ ਥੱਕੇ ਹੋਏ ਸੀ, ਸਾਹ ਨਾਲ ਸਾਹ ਨਹੀਂ ਸੀ ਚਲਦਾ, ਗੱਲ ਕਰਨੀ ਮੁਸ਼ਕਲ ਸੀ। ਗੁੱਸੇ ਵਿਚ ਲਾਲ ਪੀਲੇ ਹੋ ਰਹੇ ਸਨ ਤੇ ਪਤਨੀ ਖੁਸ਼ਾਮਦ ਕਰ ਰਹੀ ਸੀ। ਹੱਥ ਪੈਰ ਘੁਟਦੀ ਤੇ ਪਿਆਰ-ਭਰੀਆਂ ਗੱਲਾਂ ਕਰਦੀ, ਤਾਂਕਿ ਪੀਰ ਜੀ ਦੀ ਥਕਾਵਟ ਲਾਹੀ ਜਾ ਸਕੇ।

ਜਦੋਂ ਪੀਰ ਜੀ ਸ਼ਾਂਤੀ ਵਿਚ ਆਏ ਤਾਂ ਆਖਣ ਲਗੀ, "ਅਜ ਇਹੋ ਕੁਝ ਹੈ? ਖੈਰ ਇਤਨਾ ਹੀ ਕਾਫੀ ਹੈ। ਰੱਬ ਦਾ ਸ਼ੁਕਰ ! ਸਾਲ ਭਰ ਦੇ ਕਪੜੇ ਤਾਂ ਬਣ ਜਾਣਗੇ, ਮਿਠਿਆਈ ਤਾਂ ਅਜੇ ਪਰਸੋਂ ਵਾਲੀ ਵੀ ਪਈ ਹੈ। ਕੀ ਅਜ ਕੁਝ ਨਕਦੀ ਨਹੀਂ ਮਿਲੀ?"

ਮੀਏਂ ਨੇ ਕਿਹਾ, 'ਤੈਨੂੰ ਤਾਂ ਬਸ ਰੁਪਏ ਹੀ ਚਾਹੀਦੇ ਹਨ, ਆਹ ਲੈ।' ਜੇਬ ਵਿਚੋਂ ਰੁਪਏ ਕੱਢ ਕੇ ਸੁਟ ਦਿੱਤੇ। ਪਤਨੀ ਬੜੀ ਖੁਸ਼ ਹੋਈ ਤੇ ਕਹਿਣ ਲਗੀ, 'ਯਾ ਅੱਲ੍ਹਾ ! ਤੇਰੇ ਕੁਰਬਾਨ ! ਚਾਰ ਮਹੀਨੇ ਦਾ ਖਰਚਾ ਦੇ ਦਿੱਤਾ।'

ਮੀਆਂ (ਛੇਤੀ ਨਾਲ) - ਅੱਛਾ ਹੁਣ ਮੈਂ ਚਾਰ ਮਹੀਨੇ ਤਕ ਕਿਤੇ ਨਹੀਂ ਜਾਣਾ, ਤੇ ਨਾ ਮੈਨੂੰ ਆਖੀਂ।

ਪਤਨੀ - ਹਾਂ, ਹਾਂ, ਨਾ ਜਾਣਾ, ਨਾ ਜਾਣਾ। ਹੁਣ ਤਾਂ ਖੁਸ਼ ਹੋਂ?

ਗੱਲ ਕੀ ਪਤੀ ਪਤਨੀ ਦੋਵੇਂ ਖੁਸ਼ੀ ਖੁਸ਼ੀ ਰਹਿਣ ਲਗੇ। ਪਤਨੀ ਦੂਜੇ ਤੀਜੇ ਦਿਨ ਕੋਈ ਨਾ ਕੋਈ ਜ਼ਿਕਰ ਛੇੜ ਦੇਂਦੀ। ਮੀਆਂ ਗੁਸੇ ਹੋ ਜਾਂਦਾ ਤਾਂ ਫਿਰ ਕਿਵੇਂ ਨਾ ਕਿਵੇਂ ਮਨਾ ਲੈਂਦੀ। ੧੦-੧੨ ਦਿਨਾਂ ਬਾਦ ਆਖਣ ਲਗੀ ਕਿ ਤੁਸੀਂ ਸੁਣਿਆਂ ਹੈ ਕਿ ਨਹੀਂ?

ਮੀਆਂ - ਕੀ?

ਪਤਨੀ - ਬੈਠਿਆਂ ਬੈਠਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਹਨ।

ਮੀਆਂ - ਹੋ ਜਾਣ, ਮੈਂ ਕੀ ਕਰਾਂ?

ਪਤਨੀ- ਤੁਸੀਂ ਸਮਝੇ ਨਹੀਂ, ਮੈਂ ਆਖਦੀ ਹਾਂ, ਇਉਂ ਕੰਮ ਨਹੀਂ ਚਲਣਾ।

ਮੀਆਂ - ਅੱਲ੍ਹਾ ਮੀਆਂ ਆਪੇ ਹੋਰ ਦੇਵੇਗਾ।

ਪਤਨੀ - ਇਹ ਮੈ ਆਖਦੀ ਹਾਂ, ਕੁਛ ਕਰੋਗੇ ਤਾਂ ਹੀ ਅੱਲ੍ਹਾ ਦੇਵੇਗਾ, ਛੱਤ ਪਾੜ ਕੇ ਥੋੜ੍ਹਾ ਸੁੱਟ ਜਾਏਗਾ?

ਮੀਆਂ - ਦੇਖ ਟਿਡੀ ! ਤੂੰ ਫਿਰ ਓਹੋ ਗੱਲਾਂ ਛੇੜ ਦਿੱਤੀਆਂ ਹਨ। ਮੈਂ

ਤੈਨੂੰ ਇਕ ਵੇਰ ਨਹੀਂ, ਦਸ ਵੇਰ ਆਖਿਆ ਹੈ ਕਿ ਹੁਣ ਮੈਂ ਨਹੀਂ ਜਾਵਾਂਗਾ, ਹਰਗਿਜ਼ ਨਹੀਂ ਜਾਵਾਂਗਾ। ਲੋਕ ਮੇਰਾ ਮਜ਼ਾਕ ਉਡਾਉਂਦੇ ਹਨ। ਕੀ ਹੁਣ ਮੈਂ ਹੀ ਉੱਲੂ ਬਣਨ ਲਈ ਰਹਿ ਗਿਆ ਹਾਂ?

ਪਤਨੀ - ਮਖੌਲ ਕਰਦਿਆਂ ਨੂੰ ਕਰਨ ਦਿਓ, ਸਾਨੂੰ ਇਸ ਨਾਲ ਕੀ? ਸਾਡਾ ਮਤਲਬ ਤਾਂ ਰੁਪਿਆਂ ਨਾਲ ਹੈ, ਉਹ ਅੱਲ੍ਹਾ ਦੇਂਦਾ ਹੈ। ਖੈਰ, ਅੱਜ ਤਬੀਅਤ ਨਹੀਂ ਚਾਹੁੰਦੀ, ਕੱਲ ਚਲੇ ਜਾਣਾ।

ਮੀਆਂ - ਬਿਲਕੁਲ ਨਹੀਂ।

ਪਤਨੀ - ਨਾ ਮੇਰੇ ਸੋਹਣੇ ਮੀਆਂ ! ਜ਼ਰੂਰ ਜਾਣਾ।

ਮੀਆਂ - ਦੇਖ ਟਿਡੀ ! ਤੂੰ ਤਾਂ ਮੈਨੂੰ ਬਹੁਤ ਹੀ ਪਰੇਸ਼ਾਨ ਕਰ ਰਹੀ ਹੈਂ।

ਇਸ ਤੇ ਪਤਨੀ ਨੇ ਕੁਛ ਐਸੀ ਪ੍ਰੇਮ-ਤੱਕਣੀ ਨਾਲ ਮੀਏਂ ਨੂੰ ਤੱਕਿਆ ਕਿ ਉਹ ਨਰਮ ਹੋ ਗਏ, ਤੇ ਦੂਸਰੇ ਦਿਨ ਜਾਣਾ ਮੰਨ ਲਿਆ।

ਇਸ ਅਰਸੇ ਵਿਚ ਪੀਰ ਸਾਹਿਬ ਦਾ ਚੁਰਚਾ ਸਾਰੇ ਦਿਲੀ ਸ਼ਹਿਰ ਵਿਚ ਹੋ ਗਿਆ ਸੀ। ਜ਼ਿਆਦਾ ਲੋਕ ਮਖੌਲ ਹੀ ਕਰਦੇ ਸਨ, ਪਰ ਅਸਲੀਅਤ ਨੂੰ ਕੌਣ ਛੁਪਾ ਸਕਦਾ ਸੀ। ਪਾਲੀ ਦੀ ਮਹਿੰ ਤੇ ਸੁਨਿਆਰੇ ਦਾ ਹੀਰਾ ਲੱਭਣ ਦੀ ਗੱਲ ਦੋਵੇਂ ਸੱਚੀਆਂ ਤੇ ਅੱਖੀਂ ਡਿੱਠੀਆਂ ਗੱਲਾਂ ਸਨ। ਹੁਣ ਘਰ ਘਰ ਪੀਰ ਸਾਹਿਬ ਦੀ ਚਰਚਾ ਹੋ ਰਹੀ ਸੀ।

ਦੂਸਰੇ ਦਿਨ ਪੀਰ ਸਾਹਿਬ ਜਾਮਾ ਮਸਜਦ ਦੀਆਂ ਪੌੜੀਆਂ ਤੇ ਜਾ ਕੇ ਬੈਠੇ ਹੀ ਸਨ ਕਿ ਲਾਲ ਕਿਲੇ ਵਲੋਂ ਅਠ ਦਸ ਸਵਾਰ ਆਏ। ਪੀਰ ਸਾਹਿਬ ਨੂੰ ਵੇਖ ਕੇ ਕੁਛ ਦੇਰ ਤਾਂ ਖੜ੍ਹੇ ਰਹੇ, ਫਿਰ ਇਕ ਨੇ ਆਖਿਆ, 'ਚਲੋ ਤੁਹਾਨੂੰ ਬਾਦਸ਼ਾਹ ਸਲਾਮਤ ਯਾਦ ਕਰ ਰਹੇ ਹਨ।' ਪਰ ਪੀਰ ਜੀ ਨੇ ਸੁਣੀ ਅਣਸੁਣੀ ਕਰ ਛੱਡੀ। ਇਸ ਤੋਂ ਬਾਦ ਇਕ ਹੋਰ ਸਵਾਰ ਨੇ ਅਗੇ ਵਧ ਕੇ ਫਿਰ ਆਖਿਆ, 'ਸ਼ਾਹ ਸਾਹਿਬ! ਛੇਤੀ ਚਲੋ, ਤੁਹਾਨੂੰ ਬਾਦਸ਼ਾਹ ਸੱਦ ਰਿਹਾ ਹੈ।' ਪੀਰ ਬੜਾ ਘਬਰਾਇਆ, ਘਬਰਾਹਟ ਵਿਚ ਹੀ ਆਪਣਾ ਪੀਰੀ ਦਾ ਇੱਟ-ਬਸਤਾ ਚੁਕ ਕੇ ਤੇ ਬੋਰੀ ਲਪੇਟ ਕੇ ਘਰ ਵਲ ਨੂੰ ਜਾਣ ਲਈ ਤੁਰ ਪਿਆ।

ਸਵਾਰਾਂ ਨੇ ਰਾਹ ਰੋਕਦਿਆਂ ਹੋਇਆਂ ਕਿਹਾ - 'ਉਧਰ ਚਲੋ ਪੀਰ ਸਾਹਿਬ! ਇਧਰ ਕਿਧਰ ਚਲੇ ਹੋ?' ਹੁਣ ਪੀਰ ਜੀ ਮਿੰਨਤ ਖੁਸ਼ਾਮਦ ਕਰਨ ਲਗੇ। ਆਪਣੀ ਬੀਵੀ ਦਾ ਵਾਸਤਾ ਪਾਇਆ ਤੇ ਆਖਰ ਰੋਣ ਲਗ ਪਏ। ਮਗਰ ਸ਼ਾਹਸਵਾਰ, ਫਿਰ ਖੁਦਮੁਖਤਿਆਰ ਬਾਦਸ਼ਾਹ ਦੇ ਸ਼ਾਹ-ਸਵਾਰ ਕਿਸ ਤਰ੍ਹਾਂ ਛੱਡਣ ਲਗੇ ਸਨ।

ਪੀਰ ਜੀ ਮਚਲ ਉਠੇ ਤੇ ਕਹਿਣ ਲਗੇ, 'ਅਸੀਂ ਨਹੀਂ ਜਾਂਦੇ, ਜ਼ਬਰਦਸਤੀ ਵੀ ਕਦੀ ਪ੍ਰੀਤ ਸਚਦੀ ਹੈ? ਅਸਾਂ ਕਿਸੇ ਦਾ ਕੀ ਵਿਗਾੜਿਆ ਹੈ। ਮੈਂ ਤਾਂ ਆਪਣੀ ਟਿਡੀ ਨੂੰ ਅੱਗੇ ਆਖਿਆ ਸੀ ਕਿ ਤੂੰ ਤਾਂ ਮੇਰੀ ਇਕ ਦਿਨ ਜਾਨ ਲੈ ਕੇ ਹੀ ਰਹੇਂਗੀ। ਹਾਇ ਟਿਡੀ ! ਦੇਖ, ਅਜ ਉਹੋ ਗੱਲ ਹੋਈ।' ਸਵਾਰਾਂ ਨੇ ਪੀਰ ਜੀ ਦੀ ਚੂੰ ਚਿਰਾਂ ਕੁਛ ਨ ਸੁਣੀ, ਖਿਚਦੇ ਧੂੰਹਦੇ ਲੈ ਚਲੇ। ਬੱਚੇ ਤਾੜੀਆਂ ਮਾਰ ਰਹੇ ਸਨ ਤੇ ਗੱਭਰੂ ਟਿਚਕਰਾਂ ਕਰ ਰਹੇ ਸਨ, 'ਵੱਡਾ ਬਣਿਆ ਫਿਰਦਾ ਸੀ ਪੀਰ, ਹੁਣ ਪਤਾ ਲਗੇਗਾ ਕਿ ਕਿੰਨੀ ਵੀਹੀਂ ਸੌ ਹੁੰਦਾ ਹੈ।'

ਪੀਰ ਸਾਹਿਬ ਨੂੰ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤਾ ਗਿਆ। ਬਾਦਸ਼ਾਹ ਨੇ ਬੜੇ ਅਦਬ ਨਾਲ ਬਿਠਾਇਆ ਤੇ ਆਖਣ ਲਗਾ ਕਿ 'ਹਜ਼ਰਤ ਪੀਰ ਸਾਹਿਬ! ਆਪ ਨੂੰ ਇਸ ਸਮੇਂ ਇਸ ਲਈ ਖੇਚਲ ਦਿੱਤੀ ਗਈ ਹੈ ਕਿ ਮੇਰੀ ਮਲਕਾ ਦਾ ਨੌਂ ਲੱਖਾ ਹਾਰ ਗੁੰਮ ਗਿਆ ਹੈ। ਤੁਸੀਂ ਆਪਣੀ ਇਲਮ ਦੀ ਬਰਕਤ ਨਾਲ ਲੱਭ ਦਿਓ।' ਪੀਰ ਜੀ ਇਸ ਸਮੇਂ ਐਸੇ ਘਬਰਾਏ ਹੋਏ ਸਨ ਤੇ ਟਿਡੀ ਦੇ ਖਿਆਲ ਵਿਚ ਹੀ ਮਗਨ, ਉਰਲ ਪਰਲ ਅਗੜਮ ਬਗੜਮ ਪਤਾ ਨਹੀਂ ਕੀ ਕੁਛ ਬਕਦੇ ਰਹੇ। ਬਾਦਸ਼ਾਹ ਦੀ ਹਜ਼ੂਰੀ ਵਿਚ ਅਗਰ ਅਜੇਹਾ ਕੋਈ ਹੋਰ ਕਰਦਾ ਤਾਂ ਉਸ ਦਾ ਸਿਰ ਕੱਟ ਦਿੱਤਾ ਜਾਂਦਾ, ਪਰੰਤੂ ਬਾਦਸ਼ਾਹ ਦਿਲ ਵਿਚ ਫਕੀਰਾਂ ਲਈ ਖਾਸ ਸ਼ਰਧਾ ਤੇ ਅਕੀਦਤ ਰਖਦਾ ਸੀ। ਉਹ ਸਮਝਦਾ ਸੀ ਕਿ ਫਕੀਰ ਹੋਰ ਹੀ ਦੁਨੀਆਂ ਵਿਚ ਵਿਚਰਦੇ ਹਨ। ਉਨ੍ਹਾਂ ਨੂੰ ਬਾਦਸ਼ਾਹ ਤੇ ਖਰਜਾ ਦੇ ਸ਼ਾਹੀ ਸਬੰਧਾਂ ਦਾ ਪਤਾ ਨਹੀਂ ਹੁੰਦਾ। ਉਹ ਇਨ੍ਹਾਂ ਸਾਰਿਆਂ ਮਸਲਿਆਂ ਤੋਂ ਉਤਾਂਹ ਹੁੰਦੇ ਹਨ। ਚੁਨਾਂਚਿ ਉਨ੍ਹਾਂ ਆਪਣੇ ਮਹਲ ਦੇ ਪਾਸ ਹੀ ਪੀਰ ਜੀ ਦੀ ਰਿਹਾਇਸ਼ ਲਈ ਇਕ ਵੱਡਾ ਮਕਾਨ ਦੇ ਦਿੱਤਾ। ਬਾਦਸ਼ਾਹ ਰੋਜ਼ ਪੀਰ ਜੀ ਨੂੰ ਸੱਦਦੇ ਤੇ ਪੁਛਦੇ ਕਿ ਹਾਰ ਦਾ ਕੁਛ ਪਤਾ ਲਗਾ ਹੈ?

ਪੀਰ ਜੀ ਦੀ ਹਾਲਤ ਟਿਡੀ ਦੀ ਯਾਦ ਵਿਚ ਕੁਛ ਹੋਰ ਹੋ ਗਈ ਸੀ, ਦੁਨੀਆਂ ਉਹਨਾਂ ਨੂੰ ਅੰਧੇਰੀ ਅੰਧੇਰੀ ਜਾਪਦੀ ਸੀ। ਉਹ ਜਾਣ ਲਈ ਰੱਸੇ ਤੁੜਾਂਦੇ ਸਨ, ਪਰ ਬਾਦਸ਼ਾਹ ਜਾਣ ਨਹੀਂ ਸੀ ਦੇਂਦਾ। ਦੋ ਚਾਰ ਦਿਨ ਲੰਘ ਗਏ। ਇਕ ਦਿਨ ਬਾਦਸ਼ਾਹ ਨੂੰ ਗੁੱਸਾ ਆ ਗਿਆ। ਆਖਣ ਲਗੇ ਕਿ ਸੁਣੋ ਪੀਰ ਸਾਹਿਬ ! ਤੁਹਾਨੂੰ ਅਜ ਦੀ ਮੁਹਲਤ ਹੋਰ ਦਿੱਤੀ ਜਾਂਦੀ ਹੈ, ਕੱਲ ਸਵੇਰੇ ਨੌਂ ਵਜੇ ਤੱਕ ਹਾਰ ਨਾ ਮਿਲਿਆ ਤਾਂ ਤੁਹਾਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਜਾਵੇਗਾ।

ਹੁਣ ਤਾਂ ਪੀਰ ਜੀ ਦੇ ਹੱਥਾਂ ਦੇ ਤੋਤੇ ਉਡ ਗਏ। ਰੋਂਦੇ ਰੋਂਦੇ ਆਪਣੇ ਮਕਾਨ ਵਿਚ ਆਏ, ਟਿਡੀ ਨੂੰ ਕੋਸਣ ਲਗੇ। ਇਤਨੇ ਨੂੰ ਉਸਲਵੱਟੇ ਲੈਂਦਿਆਂ ਰਾਤ ਦੇ ਬਾਰਾਂ ਵਜ ਗਏ। ਇਹ ਸੋਚ ਰਿਹਾ ਸੀ ਕਿ ਬਸ ਮੈਂ ਤੇ ਸਵੇਰੇ ਨੌਂ ਵਜੇ ਮਾਰਿਆ ਜਾਵਾਂਗਾ। ਟਿਡੀ ਨੇ ਖੁਦ ਮੇਰੀ ਜਾਨ ਗਵਾਈ ਤੇ ਆਪ ਵਿਧਵਾ ਹੋਈ। ਉਹ ਮੇਰੇ ਬਿਨਾਂ ਕਿਸ ਤਰ੍ਹਾਂ ਜੀਵੇਗੀ? ਉਹ ਵੀ ਆਖਰ ਮਰ ਜਾਵੇਗੀ। ਫਿਰ ਕਹਿਣ ਲਗਾ; ਕੱਲ ਤਾਂ ਮਰਨਾ ਹੀ ਹੈ, ਅੱਜ ਸੌਂ ਤਾਂ ਲਈਏ, ਪਰ ਨੀਂਦ ਨਾ ਆਈ। ਫਿਰ ਸੋਚਣ ਲਗਾ, ਨੀਂਦ ਤਾਂ ਸੂਲੀ ਤੇ ਵੀ ਆ ਜਾਂਦੀ ਹੈ, ਮੈਨੂੰ ਕਿਉਂ ਨਹੀਂ ਆਉਂਦੀ?

ਫਿਰ ਛੱਤ ਤੇ ਇਧੱਰ ਉਧਰ ਘੁੰਮਣ ਲਗਾ ਤੇ ਗੁਣ-ਗੁਣਾਉਣ ਲਗਾ-

"ਆ ਜਾ ਪਿਆਰੀ ਨੀਂਦੇਂ ਤੂੰ ਆ ਨੀ ! ਕੱਲ ਨੂੰ ਤਾਂ ਹੈ ਜਿੰਦ ਮਰ ਜਾਣੀ"।

ਹੁਣ ਉਧਰ ਦੀ ਗੱਲ ਸੁਣੋ। ਮਲਕਾ ਦਾ ਨੌਂ-ਲਖਾ ਹਾਰ ਦਰ-ਅਸਲ ਉਹਨਾਂ ਦੀ ਇਕ ਗੋਲੀ ਨੇ ਹੀ ਚੁਰਾਇਆ ਸੀ, ਜਿਸ ਦਾ ਨਾਮ ਜ਼ਿੰਦਾਂ ਸੀ। ਨੌਂ-ਲਖੇ ਹਾਰ ਵਰਗੀ ਕੀਮਤੀ ਚੀਜ਼ ਤਾਂ ਉਸ ਨੇ ਚੁਰਾ ਲਈ ਸੀ, ਪਰ ਉਸ ਦਾ ਦਿਲ ਬੜਾ ਘਬਰਾ ਰਿਹਾ ਸੀ ਤੇ ਜਿਸ ਦਿਨ ਦੇ ਪੀਰ ਸਾਹਿਬ ਆਏ ਹੋਏ ਸਨ, ਉਸ ਦਿਨ ਤੋਂ ਬਹੁਤ ਡਰ ਰਹੀ ਸੀ। ਉਸ ਨੇ ਇਹ ਸੁਣਿਆ ਹੋਇਆ ਸੀ ਕਿ ਪੀਰ ਸਾਹਿਬ ਬਹੁਤ ਕਾਮਲ ਹਨ, ਉਹਨਾਂ ਤੋਂ ਕੋਈ ਗੱਲ ਛੁਪਾਈ ਨਹੀਂ ਜਾ ਸਕਦੀ। ਚੁਨਾਂਚਿ ਉਹ ਅਜਿਹੇ ਸਮੇਂ ਦੀ ਭਾਲ ਵਿਚ ਸੀ ਜਦੋਂ ਜਾ ਕੇ ਪੀਰ ਸਾਹਿਬ ਨੂੰ ਮਿਲੇ ਤੇ ਪਤਾ ਕਰੇ ਕਿ ਉਹ ਕੀ ਕੁਛ ਕਰਨ ਵਾਲੇ ਹਨ? ਅਜ ਤਾਂ ਉਹ ਮੌਕਾ ਪਾ ਕੇ ਛੱਤੋ ਛੱਤ ਪੁਜ ਗਈ। ਅਗੇ ਪੀਰ ਜੀ ਗਾ ਰਹੇ ਹਨ, 'ਕੱਲ੍ਹ ਨੂੰ ਤਾਂ ਹੈ ਜਿੰਦ ਮਰ ਜਾਣੀ'। ਗੋਲੀ ਘਬਰਾ ਕੇ ਹੱਥ ਜੋੜ ਖਲੋਤੀ। ਆਖਣ ਲਗੀ, 'ਹਜ਼ੂਰ! ਹਾਰ ਮੈਂ ਹੀ ਚੁਰਾਇਆ ਹੈ, ਹੁਣੇ ਲੈ ਆਉਂਦੀ ਹਾਂ, ਮਗਰ ਤੁਸਾਂ ਮੇਰਾ ਨਾਮ ਨਾ ਲੈਣਾ।'

ਪੀਰ ਸਾਹਿਬ ਬਹੁਤ ਖੁਸ਼ ਹੋਏ, ਟਿਡੀ ਨੂੰ ਮਿਲਣ ਦੀ ਆਸ ਬੱਝ ਗਈ। ਕਹਿਣ ਲਗੇ, 'ਸਾਨੂੰ ਪਹਿਲੇ ਹੀ ਪਤਾ ਲਗ ਗਿਆ ਸੀ, ਅਸੀਂ ਉਸੇ ਸਮੇਂ ਅਗਰ ਬਾਦਸ਼ਾਹ ਨੂੰ ਦਸ ਦੇਂਦੇ, ਤੇਰੀ ਜਾਨ ਦੀ ਖੈਰ ਨਹੀਂ ਸੀ, ਮੈਂ ਤੇਰੀ ਉਡੀਕ ਕਰ ਰਿਹਾ ਸਾਂ। ਜਾ, ਛੇਤੀ ਹਾਰ ਲਿਆ।'

ਗੋਲੀ ਛੇਤੀ ਦੌੜ ਕੇ ਹਾਰ ਲੈ ਆਈ।

ਹੁਣ ਪੀਰ ਜੀ ਅਰਾਮ ਨਾਲ ਖੂਬ ਲੱਤਾਂ ਪਸਾਰ ਕੇ ਸੁੱਤੇ। ਸਵੇਰੇ ਅਜੇ ਉਠੇ ਹੀ ਨਹੀਂ ਸਨ ਕਿ ਬਾਦਸ਼ਾਹ ਦਾ ਆਦਮੀ ਆਇਆ ਤੇ ਪੀਰ ਸਾਹਿਬ ਨੂੰ ਨਾਲ ਲੈ ਗਿਆ। ਬਾਦਸ਼ਾਹ ਨੇ ਕਿਹਾ, 'ਨੌਂ ਵਜਣ ਵਾਲੇ ਹਨ, ਦੱਸੋ ਹਾਰ ਦਾ ਪਤਾ ਕੀਤਾ ਹੈ ਕਿ ਨਹੀਂ? ਨਹੀਂ ਪਤਾ ਲਗਿਆ ਤਾਂ ਮੌਤ ਲਈ ਤਿਆਰ ਹੋ ਜਾਓ।' ਇਹ ਸੁਣਦਿਆਂ ਹੀ ਪੀਰ ਨੂੰ ਜੋਸ਼ ਆ ਗਿਆ। ਗੁੱਸੇ ਵਿਚ ਕਹਿਣ ਲਗੇ, 'ਤੂੰ ਬਾਦਸ਼ਾਹ ਬਣ ਕੇ ਅਭਿਮਾਨੀ ਹੋ ਗਿਆ ਹੈਂ ਤੇ ਫਿਰ ਫਕੀਰਾਂ ਦੀ ਅਜ਼ਮਾਇਸ਼ ਕਰਦਾ ਹੈਂ। ਅਸਾਂ ਉਸੇ ਦਿਨ ਹੀ ਦੱਸ ਦੇਣਾ ਸੀ ਕਿ ਤੇਰਾ ਹਾਰ ਕਿਥੇ ਹੈ, ਮਗਰ ਸਾਨੂੰ ਖੁਦਾਈ ਹੁਕਮ ਨਹੀਂ ਸੀ, ਇਸ ਲਈ ਚੁਪ ਸਾਂ। ਆਹ ਲੈ, ਆਪਣਾ ਹਾਰ।' ਇਹ ਕਹਿੰਦਿਆਂ ਹਾਰ ਬਾਦਸ਼ਾਹ ਦੇ ਮੂਹਰੇ ਸੁਟ ਦਿੱਤਾ। ਬਾਦਸ਼ਾਹ ਪ੍ਰਸੰਨ ਹੋਇਆ ਤੇ ਪੀਰ ਸਾਹਿਬ ਦੇ ਪੈਰੀਂ ਹੱਥ ਲਾ ਕੇ ਮਾਫੀ ਮੰਗੀ। ਸ਼ਾਹ ਸਾਹਿਬ ਆਪਣੀ ਟਿਡੀ ਲਈ ਬੇਚੈਨ ਸਨ ਤੇ ਛੇਤੀ ਜਾਣਾ ਚਾਹੁੰਦੇ ਸਨ। ਇਧਰ ਬਾਦਸ਼ਾਹ ਫਕੀਰ ਨੂੰ ਅਮੋਲਕ ਹੀਰਾ ਸਮਝ ਕੇ ਆਪਣੇ ਪਾਸ ਰਖਣਾ ਚਾਹੁੰਦੇ ਸਨ। ਆਖਰ ਬਾਦਸ਼ਾਹ ਦੀ ਮਰਜ਼ੀ ਤੋਂ ਇਨਕਾਰੀ ਨਾ ਹੋ ਸਕੇ ਤੇ ਉਥੇ ਹੀ ਰਹਿਣ ਲਗ ਪਏ, ਮਗਰ ਟਿਡੀ ਦੀ ਯਾਦ ਵਿਚ ਰਾਤ ਦਿਨ ਰੋਂਦੇ ਰਹਿੰਦੇ ਤੇ ਬਾਦਸ਼ਾਹ ਸਮਝਦਾ ਰੱਬ ਦੇ ਫਕੀਰ ਸਾਈਂ ਲੋਕ ਉਸ ਦੀ ਯਾਦ ਵਿਚ ਇਸ ਤਰ੍ਹਾਂ ਹੀ ਵੈਰਾਗੀ ਰਹਿੰਦੇ ਸਨ।

ਦੋ ਚਾਰ ਦਿਨ ਲੰਘ ਗਏ, ਇਕ ਦਿਨ ਪੀਰ ਜੀ ਨੇ ਸੋਚਿਆ ਟਿਡੀ ਤੋਂ ਬਗ਼ੈਰ ਤਾਂ ਜ਼ਿੰਦਗੀ ਬੇਅਰਥ ਹੈ। ਆਤਮ-ਘਾਤ ਕਰਨਾ ਤਾਂ ਔਖਾ ਹੈ, ਕਿਉਂ ਨਾ ਬਾਦਸ਼ਾਹ ਨੂੰ ਹੀ ਠੰਢਾ ਕਰ ਦੇਈਏ, ਪਿਛੋਂ ਆਪ ਤਾਂ ਮਰ ਜਾਵਾਂਗੇ ਹੀ। ਇਹ ਸੋਚ ਕੇ ਭਰੇ ਦਰਬਾਰ ਵਿਚ ਪੁਜੇ, ਜ਼ੋਰ ਨਾਲ ਇ੍ਕ ਡੰਡਾ ਬਾਦਸ਼ਾਹ ਦੇ ਸਿਰ ਤੇ ਜਾ ਟਿਕਾਇਆ। ਇਹ ਗੱਲ ਛਿਨ ਭਰ ਵਿਚ ਹੀ ਹੋ ਗਈ। ਲੋਕ ਨਸਦੇ ਭੱਜਦੇ ਹੀ ਰਹਿ ਗਏ। ਬਾਦਸ਼ਾਹ ਦੇ ਕੋਈ ਚੋਟ ਨਾ ਆਈ, ਤਾਜ ਪਰੇ ਜਾ ਡਿੱਗਾ। ਸ਼ਾਹੀ ਹੁਕਮ ਹੋਇਆ, 'ਪਕੜ ਲਓ ਇਸ ਨੂੰ।' ਮਗਰ ਜਦੋਂ ਵੇਖਿਆ ਤਾਂ ਤਾਜ ਵਿਚੋਂ ਕਾਲਾ ਸੱਪ ਨਿਕਲ ਕੇ ਪਰੇ ਜਾ ਨਿਕਲਿਆ। ਸੱਪ ਤਾਂ ਲੋਕਾਂ ਨੇ ਮਾਰ ਦਿੱਤਾ, ਲੇਕਨ ਬਾਦਸ਼ਾਹ ਨੇ ਭਰੇ ਦਰਬਾਰ ਵਿਚ ਪੀਰ ਜੀ ਦੇ ਪੈਰ ਚੁੰਮੇ, ਸ਼ੁਕਰੀਆ ਅਦਾ ਕੀਤਾ ਕਿ ਮੇਰੀ ਜਾਨ ਜ਼ਹਿਰੀ ਨਾਗ ਤੋਂ ਤੁਸਾਂ ਬਚਾਈ ਹੈ। ਪੀਰ ਜੀ ਫਿਰ ਮਹਿਲਾਂ ਵਿਚ ਆ ਗਏ। ਕਹਿਣ ਲਗੇ, 'ਅਜਬ ਮੁਸ਼ਕਲ ਵਿਚ ਫਸੇ ਹੋਏ ਹਾਂ, ਮਰਨਾ ਚਾਹੁੰਦਾ ਹਾਂ, ਪਰ ਮਰ ਨਹੀਂ ਸਕਦਾ, ਕੀ ਕਰਾਂ ਤੇ ਕੀ

ਨਾ ਕਰਾਂ?'

ਕੁਝ ਦਿਨ ਹੋਰ ਬੀਤੇ। ਇਕ ਦਿਨ ਪੀਰ ਸਾਹਿਬ ਨੇ ਕਿਹਾ, 'ਅਜ ਤਾਂ ਬਾਦਸ਼ਾਹ ਨੂੰ ਮਾਰ ਹੀ ਦੇਵਾਂਗਾ, ਛੱਡਣਾ ਨਹੀਂ।' ਇਹ ਸੋਚ ਕੇ ਭਰੇ ਦਰਬਾਰ ਵਿਚੋਂ ਬਾਦਸ਼ਾਹ ਨੂੰ ਟੰਗੋਂ ਘਸੀਟ ਕੇ ਦਰਬਾਰੋਂ ਬਾਹਰ ਲੈ ਆਏ। ਲੋਕ ਦੌੜੇ ਕਿ ਬਾਦਸ਼ਾਹ ਨੂੰ ਛੁਡਾਇਆ ਜਾਵੇ, ਪਰ ਸ਼ਾਹ ਨੇ ਮਨ੍ਹਾ ਕਰ ਦਿੱਤਾ, ਉਸਦਾ ਭਰੋਸਾ ਕੁਝ ਵਧ ਗਿਆ ਸੀ।

ਇਧਰ ਬਾਦਸ਼ਾਹ ਨੂੰ ਧੂਹ ਕੇ ਲਿਆਂਦਾ ਗਿਆ ਤੇ ਉਧਰ ਦਰਬਾਰ ਦੀ ਛੱਤ ਡਿਗ ਪਈ, ਬਹੁਤ ਸਾਰੇ ਲੋਕ ਹੇਠ ਆ ਕੇ ਮਰ ਗਏ। ਬਾਦਸ਼ਾਹ ਨੇ ਫਿਰ ਫਕੀਰ ਦੇ ਚਰਨਾਂ ਤੇ ਸਿਰ ਰਖਿਆ ਤੇ ਧੰਨਵਾਦ ਕੀਤਾ। ਹੁਣ ਪੀਰ ਸਾਹਿਬ ਬਹੁਤ ਹੈਰਾਨ ਹੋਏ ਕਿ ਮੈਂ ਬਾਦਸ਼ਾਹ ਨੂੰ ਮਾਰਨ ਲਈ ਆਉਂਦਾ ਹਾਂ ਤੇ ਉਲਟੀ ਗੱਲ ਐਸੀ ਬਣ ਜਾਂਦੀ ਹੈ ਕਿ ਇਹ ਮੇਰਾ ਸ਼ੁਕਰ-ਗੁਜ਼ਾਰ ਹੋ ਜਾਂਦਾ ਹੈ।

ਹੁਣ ਬਾਦਸ਼ਾਹ ਦੇ ਅਮੀਰ ਵਜ਼ੀਰ, ਪੀਰ ਨਾਲ ਬਹੁਤ ਖਾਰ ਕਰਨ ਲਗੇ। ਉਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਪੀਰ ਸਾਹਿਬ ਦੇ ਬਸਤੇ ਵਿਚ ਦੋ ਇਟਾਂ ਹਨ, ਕੋਈ ਕਿਤਾਬ ਨਹੀਂ ਹੈ। ਉਨ੍ਹਾਂ ਬਾਦਸ਼ਾਹ ਪਾਸ ਪੀਰ ਦੀ ਸ਼ਿਕਾਇਤ ਵੀ ਕੀਤੀ ਪਰ ਬਾਦਸ਼ਾਹ ਦਾ ਸ਼ਰਧਾਲੂ ਮਨ ਜ਼ਰਾ ਨਾ ਡੋਲਿਆ। ਉਸ ਨੇ ਇਹੋ ਸਮਝਿਆ ਕਿ ਪੀਰ ਜੀ ਦੀ ਵਡਿਆਈ ਹੁੰਦੀ ਇਹ ਲੋਕ ਸਹਾਰ ਨਹੀਂ ਸਨ ਸਕਦੇ। ਅਖੀਰ ਇਕ ਦਿਨ ਰੋਜ਼ ਰੋਜ਼ ਦੀਆਂ ਸ਼ਿਕਾਇਤਾਂ ਸੁਣ ਕੇ ਬਾਦਸ਼ਾਹ ਨੇ ਵਜ਼ੀਰ ਨੂੰ ਕਿਹਾ, 'ਇਹ ਮਾਮਲਾ ਚੰਗੀ ਤਰ੍ਹਾਂ ਨਿਤਾਰ ਹੀ ਲੈਣਾ ਚਾਹੀਦਾ ਹੈ। ਤੁਸੀਂ ਤੇ ਬਾਕੀ ਵਜ਼ੀਰ ਪੀਰ ਜੀ ਦੀ ਪੂਰੀ ਤਰ੍ਹਾਂ ਪ੍ਰੀਖਿਆ ਲਵੋ, ਅਗਰ ਕੋਈ ਕਸਰ ਨ ਨਿਕਲੀ ਤਾਂ ਤੁਸਾਂ ਸਭ ਨੇ ਮੁਰੀਦ ਹੋ ਜਾਣਾ ਤੇ ਉਨ੍ਹਾਂ ਨੂੰ ਸੱਚਾ ਪੀਰ ਮੰਨਣਾ, ਭਾਵੇਂ ਉਸ ਪਾਸ ਪੱਥਰ ਹੋਣ ਭਾਵੇਂ ਇਟਾਂ। ਅਗਰ ਉਹ ਪੀਰੀ ਵਿਚ ਅਸਫਲ ਰਹੇ ਤਾਂ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ ਤਾਂਕਿ ਰੋਜ਼ ਰੋਜ਼ ਦੀ ਚਰਚਾ ਖ਼ਤਮ ਹੋ ਜਾਵੇ।' ਵਜ਼ੀਰ ਨੇ ਇਸ ਗੱਲ ਨੂੰ ਮੰਨ ਲਿਆ ਤੇ ਕੁਛ ਸਮੇਂ ਦੀ ਮੁਹਲਤ ਲੈ ਲੀਤੀ।

ਦੋ ਤਿੰਨ ਦਿਨ ਬਾਦ ਸਾਰੇ ਅਮੀਰ ਵਜ਼ੀਰ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਹੋ ਕੇ ਆਖਣ ਲਗੇ ਕਿ ਸ਼ਿਕਾਰ ਦੇ ਖਿਆਲ ਨਾਲ ਆਪ ਜੰਗਲ ਵਲ ਨੂੰ ਚਲੋ ਤੇ ਪੀਰ ਜੀ ਨੂੰ ਵੀ ਨਾਲ ਲੈ ਚਲੀਏ। ਚੁਨਾਂਚਿ ਸਾਰੇ ਸ਼ਿਕਾਰ ਨੂੰ ਟੁਰ ਪਏ। ਘਣੇ ਜੰਗਲ ਵਿਚ ਪੁਜ ਕੇ ਪੀਰ ਜੀ ਨੂੰ ਤਾਂ ਅੱਡਰਾ ਛੱਡ ਦਿੱਤਾ ਤੇ

ਬਾਦਸ਼ਾਹ ਸਮੇਤ ਹੋਰ ਸਾਰੇ ਦੂਰ ਚਲੇ ਗਏ। ਫਿਰ ਵਾਪਸ ਆ ਗਏ। ਬਾਦਸ਼ਾਹ ਨੇ ਪੀਰ ਜੀ ਨੂੰ ਕਿਹਾ, 'ਸੁਣੋ ਪੀਰ ਜੀ ! ਇਹ ਲੋਕ ਰੋਜ਼ ਤੁਹਾਡੀਆਂ ਸ਼ਿਕਾਇਤਾਂ ਕਰਦੇ ਹਨ। ਮੈਂ ਇਹ ਮਾਮਲਾ ਇਉਂ ਨਿਬੇੜਿਆ ਹੈ ਕਿ ਵਜ਼ੀਰ ਸਾਹਿਬ ਤੁਹਾਡਾ ਇਮਤਿਹਾਨ ਲੈ ਲੈਣ। ਅਗਰ ਤੁਸੀਂ ਪੂਰੇ ਉਤਰੇ ਤਾਂ ਤਮਾਮ ਮੇਰੇ ਅਮੀਰ ਵਜ਼ੀਰ ਆਪ ਦੇ ਮੁਰੀਦ ਹੋ ਜਾਣਗੇ, ਨਹੀਂ ਤਾਂ ਤੁਹਾਨੂੰ ਅਜ ਇਥੇ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ। 'ਲਓ, ਹੁਣੇ ਦਸੋ, ਵਜ਼ੀਰ ਸਾਹਿਬ ਦੀ ਮੁੱਠੀ ਵਿਚ ਕੀ ਹੈ?'

ਪੀਰ ਸਾਹਿਬ ਬਹੁਤ ਘਬਰਾਏ। ਮੌਤ ਅੱਖਾਂ ਸਾਹਮਣੇ ਫਿਰਨ ਲਗੀ, ਸਮਝੇ ਕਿ ਹੁਣ ਵੇਲਾ ਆਇਆ, ਹੁਣ ਛੁਟਕਾਰਾ ਨਹੀਂ। ਇਸ ਮੁਸੀਬਤ ਵਿਚ ਉਹਨਾਂ ਨੂੰ ਆਪਣੀ ਟਿਡੀ ਯਾਦ ਆਈ। ਬੜੀ ਹਸਰਤ ਨਾਲ ਅੱਖਾਂ ਵਿਚ ਹੰਝੂ ਭਰ ਕੇ ਆਖਣ ਲਗੇ - "ਟਿਡੀ!"

ਉਹਨਾਂ ਦੇ ਮੂੰਹੋਂ ਟਿਡੀ ਸ਼ਬਦ ਨਿਕਲਦਿਆਂ ਹੀ ਬਾਦਸ਼ਾਹ ਨੇ ਵਜ਼ੀਰ ਨੂੰ ਮੁੱਠੀ ਖੋਲ੍ਹਣ ਲਈ ਕਿਹਾ। ਵੇਖਿਆ ਤਾਂ ਵਜ਼ੀਰ ਦੀ ਮੁਠੀ ਵਿਚ ਸਚਮੁਚ ਟਿਡੀ ਸੀ। ਗੱਲ ਇਹ ਕੀਤੀ ਗਈ ਸੀ ਕਿ ਵਜ਼ੀਰਾਂ ਅਮੀਰਾਂ ਨੇ ਜੰਗਲ ਵਿਚ ਜਾ ਕੇ ਚੋਰੀ ਇਕ ਟਿਡੀ ਫੜ ਲਿਆਂਦੀ ਸੀ। ਇਸ ਖਿਆਲ ਨਾਲ ਕਿ ਪੀਰ ਜੀ ਕਦੀ ਵੀ ਨਹੀਂ ਦਸ ਸਕਣਗੇ ਕਿ ਮੁੱਠੀ ਵਿਚ ਕੀ ਹੈ? ਹੁਣ ਜਦੋਂ ਉਹਨਾਂ ਆਪਣੀ ਟਿਡੀ ਨੂੰ ਯਾਦ ਕੀਤਾ ਤਾਂ ਤਮਾਮ ਅਮੀਰ ਵਜ਼ੀਰ ਤੇ ਬਾਦਸ਼ਾਹ ਉਸ ਦੇ ਪੱਕੇ ਸ਼ਰਧਾਲੂ ਬਣ ਗਏ। ਫਿਰ ਪੀਰ ਸਾਹਿਬ ਨੇ ਬਾਦਸ਼ਾਹ ਨੂੰ ਆਖਿਆ ਕਿ ਹੁਣ ਤਾਂ ਤੁਸਾਂ ਮੇਰਾ ਇਮਤਿਹਾਨ ਲੈ ਲਿਆ, ਹੁਣ ਮੈਨੂੰ ਆਪਣੇ ਘਰ ਜਾਣ ਦੀ ਆਗਿਆ ਦਿਓ, ਤਾਂਕਿ ਤੁਹਾਡੇ ਸਭ ਲਈ ਰੱਬ ਪਾਸ ਖ਼ੈਰ ਦੀ ਦੁਆ ਕਰਦਾ ਰਹਾਂ। ਬਾਦਸ਼ਾਹ ਨੇ ਪੀਰ ਸਾਹਿਬ ਦੀ ਗੱਲ ਮੰਨ ਕੇ ਬਹੁਤ ਸਾਰੀ ਜਾਗੀਰ ਆਪ ਦੇ ਨਾਮ ਲਾ ਦਿੱਤੀ ਤੇ ਪੀਰ ਸਾਹਿਬ ਖੁਸ਼ੀ ਖੁਸ਼ੀ ਆਪਣੀ ਟਿਡੀ ਪਾਸ ਜਾ ਪੁੱਜੇ।

ਟਿਡੀ ਦੀ ਖੁਸ਼ੀ ਦੀਂ ਹਦ ਨਾ ਰਹੀ। ਇਉਂ ਦੋਹਾਂ ਜੀਆਂ, ਪੀਰੀ ਦੇ ਸਦਕੇ ਬੜੀ ਐਸ਼ ਅਰਾਮ ਨਾਲ ਬਾਕੀ ਦੀ ਉਮਰ ਗੁਜ਼ਾਰੀ।

-ਅੱਬਾਸ ਹੁਸੈਨ ਸ਼ਰੀਫ਼

❖❖❖

(੧੫) ਮੇਰਾ ਲਾਲ

ਪੁਰਾਣੇ ਜ਼ਮਾਨੇ ਦੀ ਗੱਲ ਹੈ। ਇਕ ਸ਼ਹਿਰ ਵਿਚ ਗਰੀਬ ਸੁਆਣੀ ਰਹਿੰਦੀ ਸੀ। ਉਸ ਦੀ ਜਾਤ ਤਾਂ ਪੁਰਾਣੇ ਗ਼ਲਤ ਸ਼ਾਸਤਰਾਂ ਅਨੁਸਾਰ ਨੀਵੀਂ ਹੀ ਸੀ ਤੇ ਸਰੀਰ ਦਾ ਪਹਿਰਾਵਾ ਵੀ ਫਟਿਆ ਪੁਰਾਣਾ ਜੇਹਾ ਹੁੰਦਾ ਸੀ। ਇਹ ਬੇਚਾਰੀ ਗਰੀਬ ਬੁੱਢੀ ਘਾਹ ਖੋਤ ਕੇ ਗੁਜ਼ਾਰਾ ਕਰਿਆ ਕਰਦੀ ਸੀ। ਭਾਵੇਂ ਬੁਢਾਪੇ ਤੇ ਗਰੀਬੀ ਨੇ ਇਸ ਦੇ ਸਰੀਰ ਨੂੰ ਜਰਜਰਾ ਕਰ ਦਿੱਤਾ ਸੀ। ਫਿਰ ਵੀ ਇਸ ਦੇ ਬੁੱਢੇ ਨੈਣਾਂ ਵਿਚ ਇਕ ਅਨੋਖੀ ਲਿਸ਼ਕ ਸੀ। ਇਸ ਨੂਰੀ ਚਮਕ ਦਾ ਕਾਰਨ ਉਸ ਦੀ ਗੋਦੀ ਦਾ ਨਿੱਕਾ ਬਾਲਕ ਸੀ। ਉਹ ਰਾਤ ਦਿਨ ਉਸ ਨੂੰ ਛਾਤੀ ਨਾਲ ਲਾਈ ਫਿਰਦੀ ਤੇ ਉਸੇ ਦੀਆਂ ਸ਼ੁਭ ਕਾਮਨਾਵਾਂ ਵਿਚ ਆਪਣਾ ਸਮਾਂ ਗੁਜ਼ਾਰਦੀ। ਉਸ ਨੂੰ ਆਪਣਾ ਪਿਆਰਾ ਲਾਲ ਧਰਤੀ ਤੇ ਚੰਨ ਉਤਰਿਆ ਮਾਲੂਮ ਦੇਂਦਾ ਤੇ ਕਦੀ ਕਦੀ ਉਹ ਉਸਦੀਆਂ ਨਿੱਕੀਆਂ ਨਿੱਕੀਆਂ ਬੁਲ੍ਹੀਆਂ ਨੂੰ ਚੁੰਮ ਕੇ ਆਖਦੀ -

'ਮੇਰਾ ਲਾਲ ਬਹੁਤ ਵੱਡਾ ਹੈ, ਰਾਜੇ ਤੋਂ ਵੱਡਾ।'

ਲੋਕ ਸੁਣਦੇ ਤੇ ਹੱਸ ਕੇ ਅਗੇ ਲੰਘ ਜਾਂਦੇ। ਕੁਛ ਲੋਕ ਉਸ ਦੀ ਸਨੇਹ ਭਰੀ ਅਵਾਜ਼ ਨੂੰ ਸੁਣ ਕੇ ਗਦ ਗਦ ਵੀ ਹੁੰਦੇ ਤੇ ਕੁਛ ਜਿਨ੍ਹਾਂ ਨੂੰ ਆਪਣੇ ਜਾਤੀ, ਕੁਲ ਤੇ ਦੌਲਤ ਦੇ ਗਰਬ ਨੇ ਅਕੜਾਇਆ ਹੋਇਆ ਸੀ, ਆਖਦੇ, 'ਨੀਚ ਤ੍ਰੀਮਤ! ਤੇਰੀ ਇਤਨੀ ਹਮਾਕਤ !'

ਕੀ ਤੇਰਾ ਕਾਲਾ-ਕਲੂਟਾ ਬੱਚਾ ਰਾਜੇ ਤੋਂ ਵੀ ਵੱਡਾ ਹੈ?

ਰਾਜਾ ਉਹ ਜੋ ਰੱਬ ਦਾ ਹੀ ਰੂਪ ਹੁੰਦਾ ਹੈ।

ਜੋ ਖੁਦ ਰੱਬ ਹੀ ਹੈ।

ਇਹ ਗਰੀਬ ਤਰੀਮਤ ਸੁਣਦੀ ਤੇ ਸੁਣਕੇ ਹੱਸ ਛੱਡਦੀ। ਉਸ ਨੂੰ ਇਨ੍ਹਾਂ ਦੀ ਕੀ ਪ੍ਰਵਾਹ ਸੀ, ਉਹ ਕੀਮਤੀ ਲਾਲ ਦੀ ਮਾਂ ਸ਼ੀ, ਜਿਸ ਲਾਲ ਅਗੇ ਤਮਾਮ ਬਾਦਸ਼ਾਹ ਝੁਕ ਜਾਂਦੇ ਹਨ। ਪਰ ਈਰਖਾਲੂ ਤੇ ਅਭਿਮਾਨੀ ਲੋਕ ਉਸ ਗਰੀਬਣੀ

ਨੂੰ ਜ਼ਿਆਦਾ ਚਿੜਾਉਂਦੇ। ਉਸ ਨੇ ਆਪਣਾ ਬੋਲ ਨ ਛਡਿਆ ਤੇ ਰੋਜ਼ ਆਖਦੀ-

'ਮੇਰਾ ਲਾਲ, ਰਾਜਾ, ਰਾਜੇ ਤੋਂ ਵੀ ਵੱਡਾ ਮੇਰਾ ਲਾਲ।'

ਇਕ ਦਿਨ ਉਨ੍ਹਾਂ ਲੋਕਾਂ ਨੇ ਆ ਕੇ ਕਿਹਾ, 'ਜੇ ਇਹ ਤੇਰੀ ਗੱਲ ਕਿਤੇ ਰਾਜੇ ਨੇ ਸੁਣ ਲਈ ਤਾਂ ਤੈਨੂੰ ਕੋਹਲੂ ਵਿਚ ਪੀੜ ਦੇਵੇਗਾ ਤੇ ਤੇਰੀ ਜਾਤ ਬਰਾਦਰੀ ਨੂੰ ਵੀ ਫਾਂਸੀ ਦਾ ਰੱਸਾ ਚੁੰਮਣਾ ਪਵੇਗਾ।'

ਆਖਰ ਚੁਗਲਖੋਰਾਂ ਦੀ ਨੀਤੀ ਸਿਰੇ ਚੜ੍ਹ ਗਈ। ਰਾਜੇ ਨੂੰ ਇਸ ਗੱਲ ਦਾ ਪਤਾ ਲਗ ਗਿਆ। ਉਸ ਹੁਕਮ ਦਿੱਤਾ ਕਿ 'ਇਸ ਨੀਚ ਔਰਤ ਨੂੰ ਕੱਲ ਦਰਬਾਰ ਵਿਚ ਹਾਜ਼ਰ ਕਰੋ। ਇਕ ਮਾਮੂਲੀ ਜੇਹੀ ਛੋਟੀ ਜਾਤ ਦੀ ਔਰਤ ! ਮੇਰੇ ਨਾਲੋਂ ਵੀ ਆਪਣੇ ਗੰਦੇ ਮੰਦੇ ਬਚੇ ਨੂੰ ਵੱਡਾ ਸਮਝੇ ! ਲਿਆਓ ! ਕੱਲ ਜ਼ਰੂਰ ਉਸ ਨੂੰ ਮੁਸ਼ਕਾਂ ਕਸ ਕੇ ਲਿਆਓ !'

ਸ਼ਾਹੀ ਹੁਕਮ ਦਾ ਰੋਅਬ, ਫੌਰਨ ਸਿਪਾਹੀ ਪੁਛਦੇ ਪੁਛਾਂਦੇ ਉਸ ਗਰੀਬਣੀ ਦੀ ਟੁੱਟੀ ਝੌਂਪੜੀ ਪਾਸ ਪਹੁੰਚੇ ਤੇ ਉਚੀ ਅਵਾਜ਼ ਨਾਲ ਕਿਹਾ, 'ਬੁਢੀਏ ! ਕੱਲ ਤੈਨੂੰ ਬਾਦਸ਼ਾਹ ਸਲਾਮਤ ਦੇ ਰਾਜ ਦਰਬਾਰ ਵਿਚ ਸੱਦਿਆ ਗਿਆ ਹੈ, ਜ਼ਰੂਰ ਆਉਣਾ ਹੋਵੇਗਾ।'

ਪਹਿਲੇ ਤਾਂ ਉਸ ਗਰੀਬਣੀ ਦਾ ਦਿਲ ਕੰਬਿਆ। ਉਸ ਸੋਚਿਆ, 'ਸਾਡਾ ਗਰੀਬਾਂ ਦਾ ਰਾਜਿਆਂ ਨਾਲ ਕੀ ਕੰਮ।'

ਫਿਰ ਉਸ ਗੰਭੀਰਤਾ-ਭਰੀ ਅਵਾਜ਼ ਨਾਲ ਕਿਹਾ, 'ਅੱਛਾ ! ਕੱਲ ਮੈਂ ਆਵਾਂਗੀ।'

੨.

ਦੂਜੇ ਦਿਨ ਰਾਜੇ ਦੀ ਸਭਾ ਇੰਦਰ ਦੇ ਦਰਬਾਰ ਵਾਂਙ ਖੂਬ ਸਜ ਗਈ। ਹੀਰੇ ਮੋਤੀਆਂ ਜੜੇ ਸੁਨਹਿਰੀ ਤਖਤ ਤੇ ਰਾਜਾ ਸਾਹਿਬ ਸੁਸ਼ੋਭਤ ਹੋ ਰਹੇ ਸਨ। ਸ਼ਾਹੀ ਪਰੋਹਤ ਤੇ ਬਾਕੀ ਅਮੀਰ ਵਜ਼ੀਰ ਵੀ ਆਪਣੀ ਆਪਣੀ ਥਾਂ ਤੇ ਸ਼ਾਹੀ ਰੋਅਬ ਦੇ ਅਸਰ ਹੇਠ ਚੁਪ ਚਾਪ ਖਾਮੋਸ਼ ਬੈਠੇ ਸਨ। ਚਹੁੰਈਂ ਪਾਸੀਂ ਪਹਿਰੇਦਾਰ ਸਾਵਧਾਨ ਹੋਏ ਖਲੋਤੇ ਸਨ। ਸਭ ਜਾਣਕਾਰ ਦਿਲਾਂ ਵਿਚ ਸ਼ਾਹੀ ਸ਼ਾਨ ਦੀ ਉਚਤਾਈ ਤੇ ਉਸ ਗਰੀਬ ਔਰਤ ਦੀ ਨੀਚਤਾਈ ਦਾ ਵੀਚਾਰ ਚੱਕਰ ਲਾ ਰਿਹਾ ਸੀ।

ਆਖਰ ਸਿਪਾਹੀ ਉਸ ਤ੍ਰੀਮਤ ਨੂੰ ਲੈ ਕੇ ਰਾਜ ਦਰਬਾਰ ਵਿਚ ਹਾਜ਼ਰ ਹੋ

ਗਏ। ਇਕ ਦਮ ਸਭ ਦੀਆਂ ਨਿਗਾਹਾਂ ਉਸ ਗਰੀਬ ਤਰੀਮਤ ਵਲ ਪਈਆਂ। ਕੁਲ ਪਰੋਹਤਾਂ ਤੇ ਵਜ਼ੀਰਾਂ ਉਸ ਔਰਤ ਵਲ਼ ਘ੍ਰਿਣਤ ਨਜ਼ਰਾਂ ਨਾਲ ਤੱਕਿਆ। ਰਾਜਾ ਸਾਹਿਬ ਹੱਸ ਕੇ ਆਖਣ ਲਗੇ, 'ਇਹ ਹੈ ਉਹ ਔਰਤ?'

ਉਧਰ ਔਰਤ ਨੇ 'ਬਾਦਸ਼ਾਹ ਸਲਾਮਤ ਦੀ ਜੈ ਹੋਵੇ' ਉਚੀ ਆਖਦਿਆਂ ਹੋਇਆ ਪ੍ਰਣਾਮ ਕੀਤੀ।

ਰਾਜਾ ਸਾਹਿਬ ਨੇ ਜ਼ਰਾ ਗੁੱਸੇ ਵਿਚ ਆ ਕੇ ਕਿਹਾ, 'ਤੂੰਹੀਓਂ ਆਖਦੀ ਹੈਂ ਕਿ ਮੇਰਾ ਬੱਚਾ ਰਾਜੇ ਤੋਂ ਵੀ ਵੱਡਾ ਹੈ?'

'ਜੀ ਹਜ਼ੂਰ !' ਇਸਤਰੀ ਨੇ ਧਰਤੀ ਵਲ ਤੱਕਦਿਆਂ ਆਖਿਆ।

'ਅਜੇ ਵੀ ਆਖਦੀ ਹੈਂ?'

'ਹਾਂ ਰਾਜਨ !'

ਆਖਰ ਫਿਰ ਵੀ ਬਾਦਸ਼ਾਹ ਸ਼ਾਹੀ ਸ਼ਾਨ ਦਾ ਮਾਲਕ ਸੀ। ਆਖਣ ਲਗਾ, 'ਕੀ ਤੂੰ ਇਸ ਦਾ ਕਾਰਨ ਦੱਸ ਸਕਦੀ ਹੈਂ?'

'ਜ਼ਰੂਰ ਮਹਾਰਾਜ !'

ਰਾਜੇ ਨੇ ਫਿਰ ਕਠੋਰਤਾ ਨਾਲ ਕਿਹਾ, 'ਤਾਂ ਦੱਸ, ਛੇਤੀ ਦਸ।'

ਇਹ ਸੁਣ ਕੇ ਇਕੋ ਵੇਰ ਸਾਰੇ ਦਰਬਾਰ ਵਿਚ ਹੈਰਾਨੀ ਜੇਹੀ ਛਾ ਗਈ। ਸਭ ਨੀਝ ਨਾਲ ਉਸ ਇਸਤ੍ਰੀ ਵਲ ਤੱਕਣ ਲਗੇ ਕਿ ਇਹ ਹੁਣ ਕੀ ਜਵਾਬ ਦੇਂਦੀ ਹੈ।

ਇਸਤ੍ਰੀ ਨੇ ਆਪਣਾ ਸਿਰ ਉਤਾਂਹ ਨੂੰ ਕੀਤਾ ਤੇ ਬਾਦਸ਼ਾਹ ਵਲ ਤੱਕਦਿਆਂ ਆਖਿਆ, 'ਮਹਾਰਾਜ ਦੀ ਜੈ ਹੋਵੇ ! ਮੇਰੀ ਇਕ ਅਰਜ਼ ਹੈ।'

ਰਾਜਾ ਸਾਹਿਬ ਨੇ ਕਿਹਾ, 'ਆਖ, ਕੀ ਆਖਣਾ ਹੈ?'

ਇਸਤ੍ਰੀ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, 'ਇਕ ਕਾਲਾ ਨਾਗ ਮੰਗਵਾ ਦਿਓ।'

'ਕਾਲਾ ਨਾਗ !' ਸਭਾ ਵਿਚੋਂ ਆਵਾਜ਼ ਆਈ।

ਰਾਜੇ ਨੇ ਵੀ ਹੈਰਾਨੀ ਨਾਲ ਦੁਹਰਾਇਆ, 'ਕਾਲਾ ਨਾਗ !'

'ਹਾਂ ਮਹਾਰਾਜ !' ਇਸਤ੍ਰੀ ਨੇ ਪੂਰੀ ਦ੍ਰਿੜਤਾ ਨਾਲ ਗੰਭੀਰ ਹੋ ਕੇ ਕਿਹਾ।

ਫੌਰਨ ਸ਼ਾਹੀ ਹੁਕਮ ਅਨੁਸਾਰ ਸਪੇਰੇ ਨੂੰ ਬੁਲਾਇਆ ਗਿਆ ਤੇ ਉਹ ਕਾਲਾ ਜ਼ਹਿਰੀ ਨਾਗ ਲੈ ਕੇ ਰਾਜ ਦਰਬਾਰ ਵਿਚ ਆ ਹਾਜ਼ਰ ਹੋਇਆ। ਜਦੋਂ ਨਾਗ ਆ ਗਿਆ, ਉਸ ਇਸਤ੍ਰੀ ਨੇ ਫਿਰ ਹੱਥ ਜੋੜ ਕੇ ਆਪਣੀ ਟੁੱਟੀ ਫੁਟੀ ਬੋਲੀ

ਕੰਬਦਿਆਂ ਹੋਇਆਂ ਆਖਿਆ, 'ਮਹਾਰਾਜ ! ਇਕ ਹੋਰ ਬੇਨਤੀ ਹੈ।'

ਬਾਦਸ਼ਾਹ ਨੇ ਬੜੇ ਧੀਮੇ ਮਿਜਾਜ਼ ਨਾਲ ਕਿਹਾ, 'ਦਸ।'

ਇਸਤ੍ਰੀ ਨੇ ਕਿਹਾ, 'ਹਜ਼ੂਰ ! ਮੈਂ ਅਰਜ਼ ਕਰਦੀ ਹਾਂ ਕਿ ਤੁਹਾਡੇ ਦਰਬਾਰ ਵਿਚ ਜੋ ਆਦਮੀ ਇਸ ਕਾਲੇ ਨਾਗ ਨੂੰ ਫੜ ਸਕਦਾ ਹੋਵੇ, ਅੱਗੇ ਆ ਜਾਵੇ।'

ਇਹ ਸੁਣ ਕੇ ਦਰਬਾਰ ਵਿਚ ਕਬਰਸਤਾਨ ਵਾਲੀ ਖਾਮੋਸ਼ੀ ਛਾ ਗਈ, ਕੌਣ ਆ ਕੇ ਮੌਤ ਨੂੰ ਜੱਫੀ ਪਾਵੇ?

ਫਿਰ ਰਾਜਾ ਸਾਹਿਬ ਨੇ ਕਿਹਾ, 'ਪਾਗਲ ਔਰਤ ! ਇਸ ਨੂੰ ਫੜ ਕੇ ਕੌਣ ਮੌਤ ਕਬੂਲ ਕਰੇਗਾ, ਇਹ ਤਾਂ ਕਾਲ ਹੈ।'

ਇਸਤ੍ਰੀ ਮੁਸਕਰਾਈ, 'ਰਾਜਨ ! ਜੋ ਭਿਆਨਕ ਕਾਲ ਨੂੰ ਭੀ ਪਰੇਮ ਨਾਲ ਜਿੱਤ ਲਵੇ, ਕੀ ਐਸਾ ਕੋਈ ਵੀ ਆਦਮੀ ਤੇਰੇ ਦਰਬਾਰ ਵਿਚ ਨਹੀਂ ਹੈ?'

'ਕੀ ਤੁਸੀਂ ਆਪ ਵੀ ਨਹੀਂ, ਬਾਦਸ਼ਾਹ ਸਲਾਮਤ !'

'ਨਹੀਂ, ਕੋਈ ਨਹੀਂ।' ਰਾਜੇ ਨੇ ਕਿਹਾ।

ਇਸਤ੍ਰੀ ਨੇ ਨਿੰਮਰਤਾ ਨਾਲ ਆਖਿਆ, 'ਹੈ।'

'ਕੌਣ ! ਕੌਣ !' ਸਾਰੀ ਸਭਾ ਵਿਚੋਂ ਉਚੀ ਉਚੀ ਆਵਾਜ਼ ਆਈ।

'ਇਹ ਮੇਰਾ ਲਾਲ'। ਇਸਤ੍ਰੀ ਨੇ ਕਿਹਾ ਤੇ ਇਹ ਆਖਦਿਆਂ ਹੋਇਆਂ ਉਸ ਆਪਣੇ ਬੱਚੇ ਨੂੰ ਕਾਲੇ ਨਾਗ ਦੀ ਪਿਟਾਰੀ ਪਾਸ ਬਿਠਾ ਦਿਤਾ ਤੇ ਉਹ ਬੱਚਾ ਕਿਲਕਾਰੀਆਂ ਮਾਰਦਾ ਹੋਇਆ ਉਸ ਨਾਗ ਨਾਲ ਖੇਲਣ ਲਗ ਪਿਆ ਤੇ ਜ਼ਹਰੀ ਨਾਗ ਵੀ ਉਸ ਨੂੰ ਲਡਾਉਂਦਾ ਰਿਹਾ। ਅੱਖ ਝੱਮਕੇ ਜਿਤਨੇ ਸਮੇਂ ਵਿਚ ਹੀ ਇਹ ਸਭ ਕੁਝ ਹੋ ਗਿਆ ਤੇ ਉਸ ਇਸਤ੍ਰੀ ਨੇ ਬੜੇ ਮਾਣ ਨਾਲ ਫਿਰ ਭਰੇ ਦਰਬਾਰ ਵਿਚ ਕਿਹਾ, 'ਮੇਰਾ ਲਾਲ ਬਹੁਤ ਵੱਡਾ ! ਰਾਜੇ ਤੋਂ ਵੀ ਵੱਡਾ !'

ਸਭਾ ਹੈਰਾਨ ਸੀ ਤੇ ਰਾਜੇ ਤੋਂ ਵੱਡੇ ਨਿਕੇ ਮਾਸੂਮ ਬਾਲਕ ਦੇ ਗਲ ਹੀਰੇ ਮੋਤੀ ਝਿਲਮਲਾ ਰਹੇ ਸਨ ਤੇ ਉਸ ਦੀ ਮਾਤਾ ਵੀ ਆਪਣਾ ਬਾਦਸ਼ਾਹ ਨਾਲੋਂ ਵੱਡੇ ਪੁੱਤਰ ਦੀ ਵਿਜੈ ਨਾਲ ਮਾਲਾਮਾਲ ਹੋ ਕੇ ਗਦ ਗਦ ਹੋ ਰਹੀ ਸੀ।

ਸਾਰੀ ਸਭਾ ਦੇ ਦਿਲਾਂ ਵਿਚ ਇਹ ਆਵਾਜ਼ ਬਾਰ ਬਾਰ ਗੂੰਜ ਰਹੀ ਸੀ-

'ਮੇਰਾ ਲਾਲ, ਰਾਜੇ ਤੋਂ ਵੀ ਵੱਡਾ, ਮੇਰਾ ਚੰਦ !'

-ਸ੍ਰੀ ਵਿਸ਼ਣੂ

❖ ❖ ❖

(੧੬) ਆਖਰੀ ਚਿੱਠੀ

ਅੱਜ ਜ਼ਮਾਦਾਰ ਸੱਜਨ ਸਿੰਘ ਦੋ ਮਹੀਨੇ ਬਾਦ ਆਪਣੀ ਪਤਨੀ ਵਲ ਚਿੱਠੀ ਲਿਖਣ ਲਗਾ ਹੈ, ਉਸਦੇ ਦਿਲ ਵਿਚ ਆਪਣੀ ਪਤਨੀ ਦੇ ਪਿਆਰ ਦਾ ਦੀਵਾ ਸੈਂਕੜੇ ਕੋਹਾਂ ਦੂਰ ਆਉਣ ਤੇ ਵੀ ਉਵੇਂ ਜਗਮਗਾ ਰਿਹਾ ਹੈ, ਇਸ ਲਈ ਇਸ ਚਿੱਠੀ ਨੂੰ ਅਸੀਂ ਪ੍ਰੇਮ-ਪਤ੍ਰਕਾ ਕਹਿ ਸਕਦੇ ਹਾਂ।

ਮੱਸਿਆ ਦੀ ਅੰਧੇਰੀ ਰਾਤ ਹੈ, ਮੱਧ ਪੂਰਬ ਦੀ ਕਿਸੇ ਥਾਂ ਤੇ ਛਾਉਣੀ ਵਿਚ ੨੦ ਹਜ਼ਾਰ ਸਿਪਾਹੀ ਕੈਂਪ ਲਾਈ ਬੈਠੇ ਹਨ, ਇਕ ਦਮ ਸੁੰਨਸਾਨ ਛਾਈ ਹੋਈ ਹੈ। ਹੁਕਮ ਹੈ ਕਿ ਦੁਸ਼ਮਨ ਨੂੰ ਸਾਡੇ ਇਥੇ ਹੋਣ ਦਾ ਪਤਾ ਨ ਲਗ ਸਕੇ, ਇਸ ਲਈ ਕਿਸੇ ਪਾਸਿਓਂ ਕੋਈ ਅਵਾਜ਼ ਨ ਆਵੇ ਤੇ ਨਾ ਹੀ ਕੋਈ ਬੜੀ ਬੱਤੀ ਵਗੈਰਾ ਹੀ ਲਾਈ ਜਾਵੇ।

ਫੌਜ ਦਾ ਪਰੋਗਰਾਮ ਇਹ ਹੈ ਕਿ ਕੱਲ ਸਵੇਰੇ ਚਾਰ ਵਜੇ ਯਾਅਨੀ ਹੁਣ ਤੋਂ ਕੇਵਲ ਚਾਰ ਘੰਟੇ ਬਾਅਦ ਸਾਹਮਣੇ ਦੀ ਪੱਛਮੀ ਘਾਟੀ ਤੇ ਕਬਜ਼ਾ ਕਰਨ ਲਈ ਕੂਚ ਕਰ ਦੇਣਾ ਹੈ। ਦੁਸ਼ਮਨ ਤਿਆਰ ਬਰ ਤਿਆਰ ਹੈ ਤੇ ਬੜਾ ਸਖਤ ਮੁਕਾਬਲਾ ਹੈ, ਪਤਾ ਨਹੀਂ ਕੱਲ ਕੀ ਹੋਵੇ।

ਸਜਨ ਸਿੰਘ ਨੇ ਸੋਚਿਆ, ਮੁਮਕਨ ਹੈ ਇਹ ਮੇਰੇ ਜੀਵਨ ਦੀ ਆਖਰੀ ਰਾਤ ਹੋਵੇ। ਕੱਲ ਸ਼ਾਇਦ ਮੈਂ ਇਹ ਅਕਾਸ਼ ਤੇ ਜਗਮਗ ਕਰਦੇ ਸਤਾਰੇ ਨ ਵੇਖ ਸਕਾਂ ਤੇ ਨਾ ਹੀ ਇਸ ਧਰਤੀ ਦੀ ਹਵਾ ਵਿਚ ਸਾਹ ਲੈਣ ਦਾ ਮੌਕਾ ਮਿਲੇ। ਇਹ ਵੀ ਸੰਭਵ ਹੈ ਕਿ ਮੇਰੀ ਦੇਹੀ ਇਸ ਮਿਟੀ ਵਿਚ ਮਿਲ ਜਾਵੇ ਤੇ ਮੇਰੀ ਰੂਹ ਸਤਾਰਿਆਂ ਵਿਚ ਜਾ ਖਲੋਵੇ। ਕਾਸ਼ ! ਮੈਂ ਜਾਣ ਸਕਦਾ ਕਿ ਅਗਲੀਆਂ ਘੜੀਆਂ ਵਿਚ ਕੀ ਹੋਣ ਵਾਲਾ ਹੈ? ਮੇਰੇ ਦਿਲ ਵਿਚ ਅਜੇਹੇ ਕਮਜ਼ੋਰ ਖਿਆਲ ਕਿਉਂ ਆ ਰਹੇ ਹਨ, ਨਹੀਂ, ਮੈਂ ਮਰਾਂਗਾ ਨਹੀਂ। ਜੰਗ ਵਿਚ ਸਿਪਾਹੀ ਮਰਦੇ ਹਨ, ਪਰ ਬਚ ਵੀ ਤਾਂ ਜਾਂਦੇ ਹਨ। ਇਹ ਤਾਂ ਸਮੇਂ ਤੇ ਨਿਰਭਰ ਹੈ। ਪਿਛਲੇ ਮਹੀਨੇ ਮੈਂ ਜਿਥੇ ਟੋਆ ਪੁਟ ਕੇ ਲੇਟਿਆ ਹੋਇਆ ਸੀ ਤੇ ਫਿਰ ਮੈਂ ਉਥੋਂ ਜ਼ਰਾ ਅਗੇ ਹੋ ਗਿਆ, ਤਿੰਨ ਮਿੰਟ ਪਿਛੋਂ ਹੀ ਉਥੇ ਬੰਬ ਆ ਡਿਗਿਆ,

ਜਿਸ ਨਾਲ ਮੇਰਾ ਸਾਥੀ ਸੁਖੀ ਰਾਮ ਚੂਰ ਚੂਰ ਹੋ ਗਿਆ। ਮੈਂ ਮੋਰਚਾ ਛੱਡ ਕੇ ਕਿਉਂ ਅਗੇ ਹੋ ਗਿਆ, ਤੇ ਉਹ ਕਿਉਂ ਉਥੇ ਹੀ ਰਿਹਾ? ਇਸ ਦਾ ਕੁਝ ਕਾਰਣ ਸਮਝ ਨਹੀਂ ਆਉਂਦਾ। ਮੇਰੇ ਅਤੇ ਮੇਰੀ ਮੌਤ ਦੇ ਦਰਮਿਆਨ ਸਿਰਫ ਤਿੰਨ ਮਿੰਟ ਦੀ ਵਿਥ ਰਹੀ........।

ਲੜਾਈ ਵਿਚ ਜ਼ਿੰਦਗੀ ਤੇ ਮੌਤ ਤਾਂ 'ਚਾਨਸ' ਦੀ ਗੱਲ ਹੁੰਦੀ ਹੈ। ਇਸ ਦਾ ਮਤਲਬ ਇਹ ਹੈ, ਅਗਰ ਮੈਂ ਬਚਣਾ ਹੀ ਹੈ ਤਾਂ ਆਪਣੀ ਪਤਨੀ ਤੇ ਪੁੱਤਰਾਂ ਲਈ ਜੀਉਂਦਿਆਂ ਰਹਿਣਾ ਹੈ। ਪਤਨੀ ਤੇ ਪੁੱਤਰਾਂ ਦੇ ਯਾਦ ਆਉਂਦਿਆਂ ਜਮਾਦਾਰ ਦੀਆਂ ਅੱਖਾਂ ਵਿਚ ਹੰਝੂ ਆ ਗਏ। ਪਤਨੀ ਤੋਂ ਵਿਛੜਿਆਂ ੧੮ ਮਹੀਨੇ ਹੋ ਰਹੇ ਹਨ। ਬੱਚੇ ਦਾ ਤਾਂ ਅਜੇ ਮੂੰਹ ਵੀ ਨਹੀਂ ਤੱਕਿਆ। ਦੇਸ ਛੱਡਣ ਤੋਂ ਛੇ ਮਹੀਨੇ ਬਾਦ ਉਹ ਪੈਦਾ ਹੋਇਆ ਸੀ। ਇਕ ਵੇਰ ਉਸ ਦੀ ਪਤਨੀ ਨੇ ਲਿਖਿਆ ਵੀ ਸੀ ਕਿ ਉਸ ਦਾ ਚੇਹਰਾ ਮੁਹਰਾ ਆਪਣੇ ਪਿਤਾ ਵਰਗਾ ਹੀ ਚੰਦ ਵਾਂਗ ਨਿਖਰਵਾਂ ਹੈ ਤੇ ਸਦਾ ਖਿੜਿਆ ਖਿੜਿਆ ਰਹਿੰਦਾ ਹੈ। ਇਹ ਪੜ੍ਹਦਿਆਂ ਹੀ ਉਸ ਦਾ ਦਿਲ ਆਪਣੇ ਬੱਚੇ ਨੂੰ ਗੋਦ ਵਿਚ ਲੈ ਕੇ ਚੁੰਮਣ ਲਈ ਉਛਲ ਆਇਆ। ਉਸ ਸੋਚਿਆ, 'ਪਤਾ ਨਹੀਂ, ਰੱਬ ਵਿਛੜਿਆਂ ਨੂੰ ਕਦੋਂ ਮਿਲਾਏਗਾ।'

ਸਜਨ ਸਿੰਘ ਨੇ ਦੋ ਤਿੰਨ ਵਾਰ ਛੁਟੀ ਦੀ ਅਰਜ਼ੀ ਵੀ ਦਿੱਤੀ ਸੀ, ਪਰ ਲੜਾਈ ਸਿਰ ਤੇ ਆਉਣ ਕਰਕੇ ਉਹ ਮਨਜ਼ੂਰ ਨਹੀਂ ਸੀ ਹੋਈ। ਇਸ ਵਾਰ ਕਮਾਂਡਰ ਨੇ ਵਾਇਦਾ ਕੀਤਾ ਸੀ, ਇਸ ਮੋਰਚੇ ਤੋਂ ਬਾਅਦ ਉਸ ਨੂੰ ਤਿੰਨ ਮਹੀਨੇ ਦੀ ਛੁੱਟੀ ਦਿੱਤੀ ਜਾਵੇਗੀ ਤਾਂਕਿ ਆਪਣੇ ਪਰਿਵਾਰ ਨੂੰ ਮਿਲ ਆਵੇ। ਅੱਜ ਜਦੋਂ ਉਸ ਦੇ ਡਵੀਜ਼ਨ ਦੇ ਸਿਪਾਹੀ ਆਉਂਦੇ ਕੱਲ ਵਲ ਨਜ਼ਰ ਦੌੜਾ ਕੇ ਸੋਚ ਰਹੇ ਸਨ, ਸਜਨ ਸਿੰਘ ਦਾ ਦਿਲ ਉਸ ਮੱਧ ਪੂਰਬ ਦੀ ਛਾਉਣੀ ਨੂੰ ਛੱਡ ਕੇ ਜ਼ਿਲਾ ਲੁਧਿਆਣਾ ਦੇ ਇਕ ਪਿੰਡ ਵਿਚ ਆ ਪੁਜਾ ਜਿਥੇ ਕਿ ਉਸ ਦੀ ਪਤਨੀ ਆਪਣੇ ਨਿਕੇ ਬੱਚੇ ਨੂੰ ਲੈ ਕੇ ਇਹ ਆਖ ਆਖ ਵਿਛੋੜੇ ਦੀਆਂ ਘੜੀਆਂ ਲੰਘਾ ਰਹੀ ਸੀ ਕਿ 'ਕਾਕਾ ! ਤੇਰੇ ਪਿਤਾ ਜੀ ਛੁਟੀ ਆਉਣ ਹੀ ਵਾਲੇ ਹਨ......ਤੈਨੂੰ ਕੀ ਲਿਆਉਣਗੇ.......ਬਾਤੀ.......ਸੋਹਣੀ ਖੇਡ.............।'

ਸਜਨ ਸਿੰਘ ਦਾ ਦਿਲ ਪਤਨੀ ਪਿਆਰ ਦੀ ਯਾਦ ਨਾਲ ਭਰ ਆਇਆ। ਉਸ ਨੇ ਚਿੱਠੀ ਲਿਖਣ ਦਾ ਫੈਸਲਾ ਕੀਤਾ। ਉਸ ਨੇ ਕਿਹਾ, 'ਮੈਂ ਆਪਣਾ ਦਿਲ ਇਸ ਨਿਕੇ ਜੇਹੇ ਕਾਗਜ਼ ਦੇ ਪੁਰਜ਼ੇ ਤੇ ਉਤਾਰ ਦੇਣਾ ਚਾਹੁੰਦਾ ਹਾਂ, ਜੋ ਕਿ ਮੇਰੀ ਪਤਨੀ ਦੇ ਨਾਜ਼ਕ ਹੱਥਾਂ ਵਿਚ ਪੁਜਣ ਵਾਲਾ ਹੈ, ਇਹੋ ਮੇਰਾ ਦਿਲੀ-ਸੁਨੇਹਾ ਪੁਜਾ ਸਕੇਗਾ।' ਸਜਨ ਸਿੰਘ ਆਪਣੀ ਛੋਲਦਾਰੀ ਵਿਚ ਆਪਣੇ ਆਪ ਨੂੰ ਕੰਬਲ ਅੰਦਰ ਲਪੇਟ ਕੇ ਤੇ ਨਿਕੇ ਦੀਵੇ ਦਾ ਗਲ ਘੁਟ ਕੇ ਪ੍ਰੇਮ-ਪੱਤ੍ਰ ਲਿਖਣ

ਲੱਗਾ। ਕੋਈ ਅਫਸਰ ਦੇਖ ਨ ਲਵੇ, ਇਸ ਗੱਲ ਦਾ ਇੰਤਜ਼ਾਮ ਕਰ ਲਿਆ ਗਿਆ ਹੈ ਕਿਉਂਕਿ ਅਜ ਥੋੜ੍ਹੀ ਜੇਹੀ ਰੋਸ਼ਨੀ ਕਰਨ ਦੀ ਵੀ ਮਨਾਹੀ ਹੈ। ਇਸ ਦੇ ਸਾਥੀ ਧਰਮ ਚੰਦ ਤੇ ਜਾਨ ਮੁਹੰਮਦ ਛੋਲਦਾਰੀ ਤੋਂ ਬਾਹਰ ਬੈਠੇ ਪਹਿਰਾ ਦੇ ਰਹੇ ਹਨ, ਤਾਂ ਕਿ ਕਿਸੇ ਅਫਸਰ ਦੇ ਆਉਣ ਤੇ ਸੁੱਜਨ ਸਿੰਘ ਨੂੰ ਫੌਰਨ ਖਬਰ ਕਰ ਦਿੱਤੀ ਜਾਵੇ।

ਹੁਣ ਉਹ ਚਿੱਠੀ ਲਿਖਣ ਬੈਠ ਗਿਆ, ਉਸ ਦੇ ਦੋਹਾਂ ਦੋਸਤਾਂ ਨੂੰ ਯਕੀਨ ਹੋ ਗਿਆ ਕਿ ਮੋਮਬੱਤੀ ਦੀ ਨਿੱਕੀ ਜੇਹੀ ਕਿਰਣ ਵੀ ਕਿਧਰੇ ਬਾਹਰ ਨਿਕਲਦੀ ਦਿਖਾਈ ਨਹੀਂ ਦੇਂਦੀ, ਰਾਤ ਉਤਨੀ ਹੀ ਅੰਧੇਰੀ ਸੁੰਨਸਾਨ ਸੀ, ਜਿਤਨੀ ਪਹਿਲੇ। ਉਸ ਇਉਂ ਲਿਖਣਾ ਸ਼ੁਰੂ ਕੀਤਾ -

ਮੱਧ ਪੂਰਬ ਦੀ ਛਾਉਣੀ,
੧੯ ਅਕਤੂਬਰ

ਪ੍ਰਾਣ ਪਿਆਰੀ ਸੁੰਦਰਾਂ !

ਬਸ, ਹੁਣ ਥੋੜ੍ਹੇ ਦਿਨ ਉਡੀਕ ਕਰੋ, ਤੁਹਾਡੇ ਤੇ ਮੇਰੇ ਦਰਮਿਆਨ ਦੀ ਹਜ਼ਾਰਾਂ ਕੋਹਾਂ ਦੀ ਵਿਥ ਛੇਤੀ ਹੀ ਦੂਰ ਹੋ ਜਾਵੇਗੀ ਤੇ ਅਸੀਂ ਘੁਟ ਕੇ ਗਲਵੱਕੜੀ ਪਾ ਮਿਲ ਸਕਾਂਗੇ। ਸਿਰਫ ਇਕ ਮਹੀਨਾ ਉਡੀਕੋ,! ਕੱਲ ਅਸੀਂ ਮੋਰਚੇ ਤੇ ਜਾ ਰਹੇ ਹਾਂ, ਉਥੋਂ ਮੁੜਨ ਤੋਂ ਬਾਦ ਮੈਨੂੰ ਛੁਟੀ ਮਿਲ ਜਾਵੇਗੀ, ਬਹੁਤ ਛੇਤੀ......

ਕੱਲ ਦੇ ਮੋਰਚੇ ਵਾਲੀ ਖਬਰ ਤੋਂ ਘਬਰਾ ਨਾ ਜਾਣਾ, ਲੜਾਈ ਜ਼ਿੰਦਗੀ ਤੇ ਮੌਤ ਦੀ ਮਿਲਵੀਂ ਖੇਡ ਹੈ। ਹਰ ਸਿਪਾਹੀ ਉਸ ਵਿਚੋਂ ਬਚ ਨਿਕਲਣ ਦੀ ਆਸ ਰਖਦਾ ਹੈ ਤੇ ਮੈਨੂੰ ਵੀ ਉਮੀਦ ਹੈ। ਉਮੀਦ ਤੇ ਹੀ ਮਨੁੱਖ ਦੀ ਜ਼ਿੰਦਗੀ ਕਾਇਮ ਹੈ, ਮੇਰੇ ਲਈ ਪਰਮੇਸ਼ਰ ਪਾਸ ਅਰਦਾਸ਼ ਕਰਨਾ ਤੇ ਬੱਚੇ ਨੂੰ ਚੁੰਮੀ ਦੇਣਾ।

ਅੱਛਾ ਪਿਆਰੀ ! ਇੰਤਜ਼ਾਰ ਕਰੋ ! ਇਸ ਸਮੇਂ ਵੀ ਮੇਰੀ ਆਤਮਾ ਤੁਹਾਡੇ ਦਿਲ ਦੇ ਪਾਸ ਹੀ ਹੈ ਨਾ, ਇਸ ਗੱਲ ਦਾ ਤੁਹਾਨੂੰ ਇਤਬਾਰ ਹੋਵੇਗਾ ਹੀ।

ਹਮੇਸ਼ਾ ਤੁਹਾਡਾ ਹੀ-
ਸਜਨ ਸਿੰਘ

ਚਿੱਠੀ ਪੂਰੀ ਹੋਣ ਤੇ ਸਜਨ ਸਿੰਘ ਬੱਤੀ ਨੂੰ ਫੂਕ ਮਾਰਨ ਹੀ ਵਾਲਾ ਸੀ ਕਿ ਅਚਾਨਕ ਬਾਹਰੋਂ ਸਖ਼ਤ ਅਵਾਜ਼ ਆਈ, 'ਇਹ ਰੋਸ਼ਨੀ ਕਿਥੋਂ ਆ ਰਹੀ ਹੈ?' ਉਹ ਘਬਰਾ ਕੇ ਉਠਿਆ ਤੇ ਬਾਹਰ ਆਇਆ, ਦੇਖਿਆ, ਕਮਾਂਡਰ ਸਾਹਿਬ ਗਸ਼ਤ ਕਰ ਰਹੇ ਹਨ। ਉਸ ਨੇ ਫੌਰਨ, ਅਟੈਨਸ਼ਨ ਹੋ ਕੇ ਸਲੂਟ ਕੀਤਾ।

'ਇਹ ਬੱਤੀ ਕਿਸ ਜਗਾਈ ਸੀ?'

'ਹਜ਼ੂਰ ! ਮੈਂ।'

'ਤੈਨੂੰ ਖਬਰ ਨਹੀਂ ਕਿ ਇਹ ਹੁਕਮ-ਅਦੂਲੀ ਹੈ, ਅਗਰ ਵੈਰੀ ਨੂੰ ਸਾਡੀ

ਛਾਉਣੀ ਦਾ ਪਤਾ ਲਗ ਜਾਵੇ ਤਾਂ ਸਾਰਾ ਡਵੀਜ਼ਨ ਬੰਬਾਰੀ ਨਾਲ ਸ਼ਆਹ ਹੋ ਸਕਦਾ ਹੈ, ਇਸ ਦਾ ਪਤਾ ਹੈ?'

'ਜੀ ਹਾਂ, ਹਜ਼ੂਰ !'

'ਫਿਰ ਕਿਉਂ ਬੱਤੀ ਜਲਾਈ?'

'ਹਜ਼ੂਰ ! ਆਪਣੀ ਪਤਨੀ ਨੂੰ ਚਿੱਠੀ ਲਿਖ ਰਿਹਾ ਸਾਂ, ਕੱਲ ਮੋਰਚੇ ਜਾਣਾ ਹੈ, ਪਤਾ ਨਹੀਂ ਕੀ ਹੋਵੇ। ਮਰ ਵੀ ਸਕਦਾ ਹਾਂ, ਬਚ ਵੀ ਸਕਦਾ ਹਾਂ, ਇਸ ਲਈ ਸੋਚਿਆ ਸੀ ਕਿ ਕਿਉਂ ਨਾ ਇਕ ਚਿੱਠੀ ਹੀ ਲਿਖ ਛੱਡਾਂ।'

'ਅੱਛਾ, ਤਾਂ ਉਸ ਚਿੱਠੀ ਵਿਚ ਇਕ ਸਤਰ ਹੋਰ ਵੀ ਲਿਖ ਦੇਹ- ਕਿ 'ਹੁਕਮ ਅਦੂਲੀ ਦੇ ਕਾਰਨ ਕੱਲ ਮੈਨੂੰ ਗੋਲੀ ਨਾਲ ਉਡਾ ਦਿੱਤਾ ਜਾਵੇਗਾ।'

'ਹਜ਼ੂਰ !' ਸੱਜਨ ਸਿੰਘ ਦੀ ਗਰਦਨ ਹੇਠਾਂ ਨੂੰ ਝੁਕ ਗਈ ਤੇ ਉਹ ਬਿਲਕੁਲ ਸੁੰਨ ਹੋ ਗਿਆ। ਕਮਾਂਡਰ ਅੰਧੇਰੇ ਵਿਚ ਹੀ ਕਿਧਰੇ ਗੁੰਮ ਹੋ ਗਿਆ।

ਇਕ ਮਹੀਨਾ ਪਿਛੋਂ ਸਜਨ ਸਿੰਘ ਦੀ ਇਹ ਚਿੱਠੀ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਵਿਚ ਉਸ ਦੀ ਪਤਨੀ ਪਾਸ ਪਹੁੰਚੀ, ਸਜਨ ਸਿੰਘ ਆਪ ਨਹੀਂ ਪੁਜਾ। ਚਿੱਠੀ ਦੇ ਖਤਮ ਹੋਣ ਤੋਂ ਬਾਅਦ ਨਵੀਂ ਕਲਮ ਨਾਲ ਜਾਨ ਮੁਹੰਮਦ ਨੇ ਟੁਟੀ ਫੁਟੀ ਉਰਦੂ ਵਿਚ ਲਿਖਿਆ ਹੋਇਆ ਸੀ। -

'ਇਸ ਖਤ ਕੇ ਲਿਖਨੇ ਕੇ ਆਠ ਘੰਟੇ ਬਾਅਦ, ਜਬ ਫਰੰਟ ਪਰ ਮਸ਼ੀਨ ਗਨ ਔਰ ਬੰਬ ਕੇ ਧਮਾਕੇ ਹੋ ਰਹੇ ਥੇ, ਤਬ ਸਜਨ ਸਿੰਘ ਕੋਰਟ ਮਾਰਸ਼ਲ ਕਰਕੇ ਗੋਲੀ ਕਾ ਨਿਸ਼ਾਨਾ ਬਨਾ ਦੀਆ ਗਿਆ। ਮੋਰਚੇ ਪਰ ਉਸ ਕਾ ਦੋਸਤ ਧਰਮ ਚੰਦ ਵੀ ਮਾਰਾ ਗਿਆ ਔਰ ਮੈਂ ਬੁਰੀ ਤਰਹ ਜ਼ਖਮੀ ਹੋ ਕਰ ਸਿਰਫ ਆਪ ਕੋ ਖਬਰ ਦੇਨੇ ਕਿ ਲੀਏ ਵਾਪਸ ਆਇਆ ਹੂੰ।

ਕਾਸ਼ ! ਸਜਨ ਸਿੰਘ ਕੀ ਜਗਹ ਮੈਂ ਹੋਤਾ, ਕਿਉਂਕਿ ਮੇਰੇ ਬੀਵੀ ਬੱਚੇ ਨਹੀਂ ਹੈ, ਲੇਕਿਨ ਖੁਦਾ ਕੀ ਦੁਨੀਆਂ ਮੇਂ ਅਜੀਬੋ ਗਰੀਬ ਬਾਤੇਂ ਹੂਆ ਕਰਤੀ ਹੈਂ, ਜਿਨ ਕਾ ਮਤਲਬ ਹਮ ਮਾਮੂਲੀ ਇਨਸਾਨ ਨਹੀਂ ਸਮਝ ਸਕਤੇ। ਖੈਰ, ਮੁਝੇ ਉਮੀਦ ਹੈ ਕਿ ਤੁਮੇਂ ਯਹ ਜਾਨ ਕਰ ਸ਼ਾਇਦ ਤਸੱਲੀ ਹੋਗੀ ਕਿ ਗੋਲੀ ਖਾਨੇ ਕੇ ਵਕਤ ਸਜਨ ਸਿੰਘ ਬਿਲਕੁਲ ਰੋਇਆ ਨਹੀਂ, ਘਬਰਾਇਆ ਨਹੀਂ। ਬਹਾਦਰੀ ਕੇ ਸਾਥ ਉਸ ਨੇ ਆਪਣੀ ਛਾਤੀ ਆਗੇ ਕਰ ਦੀ। ਮੈਨੇ ਕਮਾਂਡਰ ਸਾਹਿਬ ਕੇ ਖਾਨਸਾਮੇ ਕੀ ਜ਼ਬਾਨੀ ਸੁਨਾ ਹੈ ਕਿ ਉਸ ਵਕਤ ਸਾਹਿਬ ਬਹਾਦਰ ਕੀ ਆਂਖੋਂ ਮੇ ਭੀ ਆਂਸੂ ਛਲਕ ਆਏ ਥੇ..................।

-ਬਕਲਮ ਖੁਦ, ਜਾਨ ਮੁਹੰਮਦ

❖ ❖ ❖

